ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 41 | 31 October 2018 to 06 November 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਤੀਜਾ ਘੱਲੂਘਾਰਾ : ਭਾਈ ਜਗਤਾਰ ਸਿੰਘ ਹਵਾਰਾ ਦਾ ਸਿੱਖ ਪੰਥ ਨੂੰ ਸੁਨੇਹਾ

# ਨਵੰਬਰ-84 ਦੇ ਸਿੱਖ ਕਤਲੇਆਮ ਨੂੰ 'ਨਸਲਕੁਸ਼ੀ ਯਾਦਗਾਰੀ ਹਫਤੇ' ਵੱਜੋਂ ਮਨਾਉਣ ਦੀ ਅਪੀਲ

**ਚੰਡੀਗੜ੍ਹ/ਬਿਊਰੋ ਨਿਊਜ਼ :** ਦਿੱਲੀ ਦੀ ਤਿਹਾੜ ਜੇਲ੍ਹ ਵਿਚ ਕੈਦ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਜਾਰੀ ਇਕ ਸੰਦੇਸ਼ ਵਿਚ ਸਮੂਹ ਸਿੱਖਾਂ ਨੂੰ ਮਿਲ ਕੇ ਨਵੰਬਰ-1984 ਦੀ ਸਿੱਖ ਨਸਲਕੁਸ਼ੀ ਦੀ ਯਾਦ ਵਿਚ ਨਵੰਬਰ ਦਾ ਪਹਿਲਾ ਹਫਤਾ "ਨਸਲਕੁਸ਼ੀ ਯਾਦਗਾਰੀ ਹਫਤੇ" ਵਜੋਂ ਮਨਾਉਣ ਦਾ ਸੱਦਾ ਦਿੱਤਾ ਗਿਆ ਹੈ। ਆਪਣੇ ਵਕੀਲ ਤੇ ਬੁਲਾਰੇ ਸ. ਅਮਰ ਸਿੰਘ ਚਾਹਲ ਰਾਹੀਂ ਭੇਜੇ ਸੰਦੇਸ਼ ਵਿਚ ਭਾਈ ਜਗਤਾਰ ਸਿੰਘ ਹਵਾਰਾ ਨੇ ਕਿਹਾ ਹੈ ਕਿ ਨਵੰਬਰ-1984 ਵਿਚ ਸਿੱਖਾਂ ਦੀ ਹੋਈ ਨਸਲਕੁਸ਼ੀ ਨੂੰ 34 ਸਾਲ ਹੋ ਗਏ ਹਨ ਪਰ ਜ਼ਖਮ ਅਜੇ ਵੀ ਤਾਜ਼ੇ ਹਨ। ਉਹਨਾਂ ਕਿਹਾ ਕਿ ਕਿਸੇ ਵੀ ਕੌਮ ਉਤੇ ਜਦੋਂ ਕੋਈ ਘੱਲੂਘਾਰੇ ਅਤੇ ਸਾਕੇ ਵਰਤਾਏ ਜਾਂਦੇ ਹਨ ਤਾਂ ਇਹ ਉਹਨਾਂ ਕੌਮਾਂ ਨੂੰ ਖ਼ਤਮ ਕਰਨ ਲਈ ਜਾਂ ਨਿੱਸਲ ਕਰਨ ਲਈ ਵਰਤਾਏ ਜਾਂਦੇ ਹਨ ਪਰ ਅਣਖੀਲੀਆਂ ਕੌਮਾਂ ਇਹਨਾਂ ਸਾਕਿਆਂ ਤੇ ਘੱਲੂਘਾਰਿਆਂ ਨਾਲ ਹੋਰ ਵਧੇਰੇ ਚੇਤੰਨ, ਹੋਰ ਵਧੇਰੇ ਤਾਕਤਵਰ ਤੇ ਹੋਰ ਵਧੇਰੇ ਕਾਰਜਸ਼ੀਲ ਹੋ ਜਾਂਦੀਆਂ ਹਨ। ਨਵੰਬਰ-1984 ਵਿਚ ਹਕੂਮਤ ਦੀ ਸਰਪ੍ਰਸਤੀ ਹੇਠ ਪੁਲਿਸ ਅਤੇ ਹੋਰ ਸਰਕਾਰੀ ਮਹਿਕਮਿਆਂ ਦੇ ਸਹਿਯੋਗ ਨਾਲ ਪੂਰੇ ਦੇਸ਼ ਵਿਚ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ। ਸਿੱਖ ਬੱਚੇ, ਬੁੱਢੇ ਤੇ ਨੌਜਵਾਨ ਕੋਹ-ਕੋਹ ਕੇ, ਤੜਫਾ-ਤੜਫਾ ਕੇ ਕਤਲ ਕੀਤੇ ਗਏ ਤੇ



ਜਿਊਂਦੇ ਸਾੜੇ ਗਏ। ਸਿੱਖ ਬੱਚੀਆਂ ਤੇ ਬੀਬੀਆਂ ਨਾਲ ਸਮੂਹਿਕ ਬਲਾਤਕਾਰ ਕੀਤੇ ਗਏ ਅਤੇ 34 ਸਾਲਾਂ ਵਿਚ ਇਸ ਵਹਿਸ਼ੀ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਵੀ ਨਹੀਂ ਦਿੱਤੀਆਂ ਗਈਆਂ। ਉਹਨਾਂ ਕਿਹਾ ਕਿ ਇਸ ਸਭ ਤੋਂ ਬਾਅਦ ਫਿਰ ਕਿਵੇਂ ਅਸੀਂ ਸਭ ਕੁਝ ਭੁੱਲ ਜਾਈਏ ਤੇ ਕਿਵੇਂ ਮੰਨ ਲਈਏ ਕਿ ਇਹ ਦੇਸ਼ ਸਾਡਾ ਹੈ ਤੇ ਅਸੀਂ ਅਜ਼ਾਦ ਹਾਂ?

ਭਾਈ ਜਗਤਾਰ ਸਿੰਘ ਹਵਾਰਾ ਨੇ ਅੱਗੇ ਕਿਹਾ ਕਿ ਇਤਿਹਾਸ ਵਿਚਲੇ ਅਜਿਹੇ ਘੱਲੂਘਾਰੇ ਭੁੱਲਣਯੋਗ ਨਹੀਂ ਹੁੰਦੇ। ਇਸ ਲਈ ਨਵੰਬਰ-1984 ਦਾ ਸੱਚ ਸਾਹਮਣੇ ਲਿਆਉਣ ਲਈ ਜਿੱਥੇ ਦੁਨੀਆ ਦੀਆਂ ਵੱਧ ਤੋਂ ਵੱਧ ਭਾਸ਼ਾਵਾਂ ਵਿਚ ਸਾਹਿਤ ਛਾਪਿਆ ਜਾਣਾ ਜ਼ਰੂਰੀ ਹੈ, ਦਸਤਾਵੇਜ਼ੀਆਂ ਤਿਆਰ ਕੀਤੀਆਂ ਜਾਣੀਆਂ ਜ਼ਰੂਰੀ ਹਨ, ਓਥੇ ਕੌਮ ਦਾ ਰੋਹ ਤੇ ਕੌਮ ਦੀ ਅਵਾਜ਼ ਵੀ ਲਗਾਤਾਰ ਬੁਲੰਦ ਹੁੰਦੀ ਰਹਿਣੀ ਚਾਹੀਦੀ ਹੈ। ਇਸ ਸਬੰਧੀ ਜੋ ਵੀ ਕਾਰਜ ਉਲੀਕੇ ਜਾਣ, ਉਹ ਸਮੂਹ ਪੰਥਕ ਧਿਰਾਂ ਵੱਲੋਂ ਆਪਸੀ ਵਿਚਾਰ- ਵਟਾਂਦਰੇ ਪਿੱਛੋਂ ਸਾਂਝੇ ਤੌਰ 'ਤੇ ਉਲੀਕੇ ਜਾਣ।

## ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਦਾ ਚਾਰਜ ਸੰਭਾਲਿਆ



**ਅੰਮ੍ਰਿਤਸਰ/ਬਿਊਰੋ ਨਿਊਜ਼ :**
ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਵੀ ਕੰਮ ਸੰਭਾਲ ਲਿਆ ਹੈ। ਉਹ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਕੰਮ ਵੀ ਨਾਲ ਹੀ ਵੇਖਣਗੇ। ਸੇਵਾ ਸੰਭਾਲ ਸਮਾਗਮ ਵਿਚ ਬਰਗਾੜੀ ਮੋਰਚੇ, ਪੰਥਕ ਅਸੈਂਬਲੀ ਅਤੇ ਸੰਤ ਸਮਾਜ ਨਾਲ ਜੁੜੀਆਂ ਬਹੁਤ ਸਾਰੀਆਂ ਧਿਰਾਂ ਨੇ ਸ਼ਮੂਲੀਅਤ ਨਹੀਂ ਕੀਤੀ, ਜਿਸ ਨਾਲ ਨਵੇਂ ਜਥੇਦਾਰ ਦੇ ਸਰਵ ਪ੍ਰਵਾਨਿਤ ਜਥੇਦਾਰ ਹੋਣ 'ਤੇ ਸ਼ੁਰੂ 'ਚ ਹੀ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਸੇਵਾ ਸੌਂਪੀ ਗਈ ਹੈ। ਸ੍ਰੀ ਅਕਾਲ ਤਖ਼ਤ ਵਿਖੇ ਗਿਆਨੀ ਹਰਪ੍ਰੀਤ ਸਿੰਘ ਦਾ ਸੇਵਾ

ਬਾਕੀ ਸਫ਼ਾ 32 'ਤੇ

## ਮੋਦੀ ਸਰਕਾਰ ਦੇ ਨਿਸ਼ਾਨੇ ਉਤੇ ਆਇਆ ਆਲਮੀ ਮਨੁੱਖੀ ਅਧਿਕਾਰ ਸੰਗਠਨ ਐਮਨੇਸਟੀ

### ਈਡੀ ਨੇ ਭਾਰਤੀ ਦਫਤਰ 'ਤੇ ਮਾਰਿਆ ਛਾਪਾ

**ਬੰਗਲੂਰੂ/ਬਿਊਰੋ ਨਿਊਜ਼ :** ਨਿਆਂ ਪਾਲਿਕਾ, ਮੀਡੀਆ, ਇਨਸਾਫ ਪਸੰਦ ਜਥੇਬੰਦੀਆਂ ਅਤੇ ਵਿਰੋਧੀ ਧਿਰ ਦੇ ਆਗੂਆਂ ਤੋਂ ਬਾਅਦ ਮੋਦੀ ਸਰਕਾਰ ਦੇ ਨਿਸ਼ਾਨੇ ਉਤੇ ਅੰਤਰਰਾਸ਼ਟਰੀ ਪੱਧਰ ਦੀ ਮਨੁੱਖੀ ਅਧਿਕਾਰਾਂ ਦੀ ਜਥੇਬੰਦੀ ਐਮਨੇਸਟੀ ਇੰਟਰਨੈਸ਼ਨਲ ਵੀ ਆ ਗਈ ਹੈ। ਜਥੇਬੰਦੀ ਦੇ ਇੰਡੀਆ ਵਿਚ ਬੰਗਲੂਰੂ ਸਥਿਤ ਦਫਤਰ ਉਤੇ ਕੇਂਦਰ ਸਰਕਾਰ ਦੇ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਛਾਪਾ ਮਾਰਿਆ ਗਿਆ ਹੈ। ਗੌਰਤਲਬ ਹੈ ਕਿ ਭਾਰਤ ਵਿਚ ਕੇਂਦਰ ਦੇ ਅਧੀਨ ਕੰਮ ਕਰ ਰਹੀਆਂ ਦੋ ਸੰਸਥਾਵਾਂ ਸੈਂਟਰਲ ਬਿਊਰੋ ਆਫ ਇਨਵੈਸਟੀਗੇਟਿਵ (ਸੀਬੀਆਈ) ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਸਰਕਾਰ ਦੁਆਰਾ ਦੁਰਵਰਤੋਂ ਕਰਕੇ ਆਪਣੇ ਹਿੱਤਾਂ ਨੂੰ ਸਾਧਣ ਦਾ ਵਰਤਾਰਾ ਕਾਫੀ ਸਮੇਂ ਤੋਂ ਚੱਲ ਰਿਹਾ ਹੈ, ਜੋ ਪਿਛਲੇ ਸਾਲਾਂ ਤੋਂ ਆਪਣੀ ਚਰਮ ਸੀਮਾ ਉਤੇ ਪਹੁੰਚ ਗਿਆ ਹੈ। ਈਡੀ ਇੱਕ ਕੇਂਦਰੀ ਏਜੰਸੀ ਜੋ ਕਿ ਵਿੱਤੀ ਅਪਰਾਧਾਂ ਦੇ ਮਾਮਲੇ ਦੇਖਦੀ ਹੈ। ਈਡੀ ਨੇ ਐਮਨੈਸਟੀ ਦੇ

ਬਾਕੀ ਸਫ਼ਾ 32 'ਤੇ

# 'ਅੰਮ੍ਰਿਤਸਰ ਟਾਈਮਜ਼' ਦੇ ਬਾਨੀ ਸੰਪਾਦਕ ਦਲਜੀਤ ਸਿੰਘ ਸਰਾਂ ਨੂੰ ਨਿੱਘੀ ਵਿਦਾਇਗੀ

## 'ਪਰਵਾਸੀ ਪੰਜਾਬੀ ਮੀਡੀਆ ਨੂੰ ਹੋਰ ਮਜ਼ਬੂਤ, ਸਰਗਰਮ ਅਤੇ ਸਮਰੱਥ ਕਰਨ ਦੀ ਲੋੜ'

**ਫਰੀਮਾਂਟ/ਬਿਊਰੋ ਨਿਊਜ਼ :**
'ਅੰਮ੍ਰਿਤਸਰ ਟਾਈਮਜ਼'ਦੇ ਮੁੱਖ-ਸੰਪਾਦਕ ਦਲਜੀਤ ਸਿੰਘ ਸਰਾਂ 14 ਸਾਲ ਦੀ ਸੇਵਾ ਤੋਂ ਬਾਅਦ ਰਿਟਾਇਰ ਹੋ ਗਏ ਹਨ। ਬੀਤੇ ਸ਼ੁੱਕਰਵਾਰ ਉਨ੍ਹਾਂ ਦਾ ਵਿਦਾਇਗੀ ਸਮਾਰੋਹ ਫਰੀਮਾਂਟ, ਕੈਲੇਫੋਰਨੀਆ ਵਿਚ ਕੀਤਾ ਗਿਆ ਜਿਸ ਵਿੱਚ ਬੇ-ਏਰੀਆ ਦੀਆਂ ਪ੍ਰਮੁੱਖ ਹਸਤੀਆਂ ਨੇ ਉਨ੍ਹਾਂ ਦੀ ਰਿਟਾਇਰਮੈਂਟ ਪਾਰਟੀ ਵਿਚ ਸ਼ਾਮਲ ਹੋ ਕੇ ਉਨ੍ਹਾਂ ਦੀ ਅਣਥੱਕ ਸੇਵਾ, ਨਿਪੁੰਨ ਪੱਤਰਕਾਰੀ, ਇਮਾਨਦਾਰੀ, ਲਗਨ ਅਤੇ ਅਖਬਾਰ ਪ੍ਰਤੀ ਵਫਾਦਾਰੀ ਦੀਆਂ ਬਾਤਾਂ ਸੁਣਾਈਆਂ। ਬੜੀ ਰੌਣਕ ਭਰੀ ਇਸ ਵਿਦਾਇਗੀ ਵਾਲੀ ਮਹਿਫ਼ਲ ਵਿਚ ਦਲਜੀਤ ਸਿੰਘ ਸਰਾਂ ਆਪਣੇ ਪਰਿਵਾਰ ਸਮੇਤ ਪਤਨੀ ਇੰਦਰਜੀਤ ਕੌਰ, ਬੇਟੀਆਂ ਅੰਬਰੀ ਪੁਖਰਾਜ ਅਤੇ ਪਰਵਾਜ਼ ਸਰਾਂ, ਜਵਾਈ ਜੂਡ੍ਹਾ ਲੇਕਿਨ ਅਤੇ ਨਵ-ਜਨਮੇ ਦੋਹਤੇ ਰਿਆਜ ਸਿੰਘ ਨਾਲ ਪਹੁੰਚੇ ਹੋਏ ਸਨ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਪ੍ਰੋਫੈਸਰ



**ਵਿਦਾਇਗੀ ਸਮਾਗਮ ਦੀਆਂ ਝਲਕੀਆਂ ਸਫ਼ਾ 18 ਅਤੇ 19 'ਤੇ ਦੇਖੋ।**

ਬਲਵਿੰਦਰ ਸਿੰਘ ਧਨੋਆ ਲਾਲੀ ਨੇ 'ਅੰਮ੍ਰਿਤਸਰ ਟਾਈਮਜ਼'ਦੇ ਮੁੱਖ-ਸੰਪਾਦਕ ਦਲਜੀਤ ਸਿੰਘ ਸਰਾਂ ਨਾਲ ਅਪਣੀ ਨੇੜਤਾ ਦਾ ਜ਼ਿਕਰ ਕੀਤਾ। ਇਸ ਉਪਰੰਤ ਤੰਤੀ ਸਾਜਾਂ ਦੀ ਪੇਸ਼ਕਾਰੀ ਡਾਕਟਰ ਰਵਿੰਦਰ ਸਿੰਘ ਅਤੇ ਉਸਤਾਦ ਰਾਜਵਿੰਦਰ ਸਿੰਘ ਵਲੋਂ ਕੀਤੀ ਗਈ।

'ਅੰਮ੍ਰਿਤਸਰ ਟਾਈਮਜ਼' ਅਖਬਾਰ ਦੇ ਡਾਇਰੈਕਟਰ ਜਸਜੀਤ ਸਿੰਘ ਨੇ ਦਲਜੀਤ ਸਿੰਘ ਸਰਾਂ ਵਲੋਂ ਪੰਜਾਬੀ ਪੱਤਰਕਾਰੀ ਦੇ ਖੇਤਰ 'ਚ ਪਹਿਲਾਂ 'ਪੰਜਾਬੀ ਟ੍ਰਿਬਿਊਨ' ਅਤੇ ਉਸ ਤੋਂ ਬਾਅਦ 'ਅੰਮ੍ਰਿਤਸਰ ਟਾਈਮਜ਼' ਦੇ ਮੁੱਖ ਸੰਪਾਦਕ ਵਜੋਂ ਲਗਨ ਅਤੇ ਇਮਾਨਦਾਰੀ ਨਾਲ

ਬਾਕੀ ਸਫ਼ਾ 32 'ਤੇ

## ਮਨਜੀਤ ਸਿੰਘ ਟਿਵਾਣਾ ਨਵੇਂ ਸੰਪਾਦਕ ਨਿਯੁਕਤ

**ਚੰਡੀਗੜ੍ਹ/ਕਰਮਜੀਤ ਸਿੰਘ,** ਅੰਮ੍ਰਿਤਸਰ ਟਾਈਮਜ਼ ਦੇ ਬਾਨੀ ਸੰਪਾਦਕ ਦਲਜੀਤ ਸਿੰਘ ਸਰਾਂ 14 ਸਾਲ ਦੀ ਸੇਵਾ ਨਿਭਾਅ ਕੇ ਰਿਟਾਇਰ ਹੋ ਗਏ ਹਨ। ਉਨ੍ਹਾਂ ਦੀ ਥਾਂ ਨਵੇਂ ਸੰਪਾਦਕ ਮਨਜੀਤ ਸਿੰਘ ਟਿਵਾਣਾ ਦੀ ਨਿਯੁਕਤੀ ਹੋਈ ਹੈ। ਦਲਜੀਤ ਸਿੰਘ ਨੇ ਜਦੋਂ 'ਅੰਮ੍ਰਿਤਸਰ ਟਾਈਮਜ਼' ਦੇ ਸੰਪਾਦਕ ਵਜੋਂ ਅਹੁਦਾ ਸੰਭਾਲਿਆ ਤਾਂ ਉਨ੍ਹਾਂ ਨੇ ਅਖ਼ਬਾਰ ਨੂੰ ਹਰ ਪੱਖੋਂ ਅਰਥਾਤ ਅਖ਼ਬਾਰ ਦੀ ਦਿੱਖ, ਅਖ਼ਬਾਰ ਵਿਚ ਪੇਸ਼ ਹੋਣ ਵਾਲੀ ਸਮੱਗਰੀ ਅਤੇ ਖ਼ਬਰਾਂ ਨੂੰ ਨਵੇਂ ਨਜ਼ਰੀਏ ਤੋਂ ਪੇਸ਼ ਕੀਤਾ।



ਸੰਪਾਦਕ ਦਾ ਅਹੁਦਾ ਇਕ ਤਰ੍ਹਾਂ ਨਾਲ 'ਔਖੀ ਘਾਟੀ ਬਿਖੜਾ ਪੈਂਡਾ' ਦੇ ਰਾਹ 'ਤੇ ਤੁਰਨਾ ਪੈਂਦਾ ਹੈ। ਉਸ ਨੂੰ ਹਰ ਪੱਖ, ਹਰ ਧਿਰ ਨੂੰ ਬਣਦੀ ਥਾਂ ਦੇਣੀ ਪੈਂਦੀ ਹੈ ਅਤੇ ਨਾਲ ਹੀ ਅਜਿਹਾ ਕਰਦਿਆਂ ਪਾਠਕਾਂ ਦੀ ਸੋਚ ਤੇ ਅਮਲ ਦਾ ਪੱਧਰ ਵੀ ਉੱਚਾ ਚੁੱਕਣਾ ਹੁੰਦਾ ਹੈ। ਦਲਜੀਤ ਸਿੰਘ ਨੂੰ 'ਅੰਮ੍ਰਿਤਸਰ ਟਾਈਮਜ਼' ਵਿਚ ਕਦਮ ਰੱਖਣ ਤੋਂ ਪਹਿਲਾਂ ਪੰਜਾਬ ਦੇ ਉੱਘੇ ਅਖ਼ਬਾਰ 'ਪੰਜਾਬੀ ਟ੍ਰਿਬਿਊਨ' ਵਿਚ ਕੰਮ ਕਰਨ ਦਾ ਲੰਮਾ ਸਮਾਂ ਤਜਰਬਾ ਅਤੇ ਅਨੁਭਵ ਹਾਸਲ ਸੀ। ਇਥੇ ਹੀ ਬਸ ਨਹੀਂ, ਉਨ੍ਹਾਂ ਨੂੰ ਪੰਜਾਬ ਦੇ ਸੱਭਿਆਚਾਰ ਅਤੇ ਇਥੇ ਰਾਜਸੀ ਤੇ ਧਾਰਮਿਕ ਲਹਿਰਾਂ ਦੇ ਰੋਲ ਦੀ ਬਹੁਪੱਖੀ ਜਾਣਕਾਰੀ ਵੀ ਸੀ, ਜਦਕਿ ਅੱਜ ਦੇ ਬਹੁਤੇ ਪੱਤਰਕਾਰਾਂ ਵਿਚ ਇਸ ਤਰ੍ਹਾਂ ਦੀ ਜਗਿਆਸਾ ਨਹੀਂ ਹੈ। ਦਲਜੀਤ ਸਿੰਘ ਨੇ ਇਸ ਅਖ਼ਬਾਰ ਵਿਚ ਇਹੋ ਜਿਹੀਆਂ ਰਚਨਾਵਾਂ ਤੇ ਖ਼ਬਰਾਂ ਨੂੰ ਵੀ ਥਾਂ ਦਿੱਤੀ, ਜਿਨ੍ਹਾਂ ਨੂੰ ਵੱਡੀਆਂ-ਵੱਡੀਆਂ ਅਖ਼ਬਾਰਾਂ ਵੀ ਥਾਂ ਦੇਣ ਤੋਂ ਝਿਜਕਦੀਆਂ ਹਨ। ਇਸ ਖ਼ੁੱਲ੍ਹ ਵਿਚ ਸ. ਜਸਜੀਤ ਸਿੰਘ ਦਾ ਵੱਡਾ ਰੋਲ ਹੈ ਕਿਉਂਕਿ ਇਕ ਤਾਂ ਉਨ੍ਹਾਂ ਨੂੰ ਪਤਾ ਸੀ ਕਿ ਅਖ਼ਬਾਰਾਂ ਨੂੰ ਸਿੱਖ ਜਗਤ ਵਿਚ ਪ੍ਰੋਫੈਸ਼ਨਲ ਢੰਗ ਨਾਲ ਚਲਾਉਣਾ ਕੋਈ ਆਸਾਨ ਕੰਮ ਨਹੀਂ, ਦੂਜਾ ਉਹ ਸਲੀਕੇ ਤੇ ਅਨੁਸ਼ਾਸਨ ਵਿਚ ਰਹਿ ਕੇ ਆਪਣੀ ਗੱਲ ਕਹਿਣ ਵਾਲੀ ਹਰ ਧਿਰ

ਬਾਕੀ ਸਫ਼ਾ 32 'ਤੇ
















NETFLIX
UNLIMITED TV PROGRAMMES & FILMS
GET A FREE MONTH
SIGN IN
THE BLACK PRINCE
The Black Prince
2017 | 12 | 2h
After being exiled to England as a child, a Punjabi prince struggles to return to his homeland and his Sikh faith in this historical drama.
Starring: Satinder Sartaaj, Shabana Azmi, Jason Flemyng
Genres: International Films, Dramas, International Dramas, Biographical Dramas, Dramas based on real life, Period Pieces
Director: Kavi Raz




GP
THE GOLD PROGRAM
TRANS-ALLIANCE
NATIONAL ACCOUNT TIRE SAVINGS AND BENEFITS
As a Trans-Alliance customer, you have access to our national accounts with most major tire brands.
The Gold Program allows you to purchase premium tires at deep discounts. In addition to stock purchases, you also have access to your pricing over-the-road. Save an average of $40/tire.
Consistent Nationwide Pricing
Pay the same low price whether you buy over-the-road or at your local dealer.
24/7/365 Coverage
Call us around the clock, and get access to our emergency roadside service program.
No Minimum Purchases
Buy only the number of tires you want at any given time.
Retain Your Local Service
Buy and receive service from your local dealer, and receive our national account service pricing.
— Save on top brands, like —
MICHELIN
Continental
GOODYEAR
BFGoodrich
DUNLOP
YOKOHAMA
KUMHO TIRES
ROADMASTER TIRES
Trans-Alliance knows that every dollar counts.
That's why they want to help you save on your tire purchases. Trans-Alliance customers receive nationwide discounts and benefits with most major tire brands.
Don't overpay for your tires. Contact Trans-Alliance today to learn more and request a free quote.
sales@trans-alliance.com
(855) 641-6955




Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

# ਵਿਦੇਸ਼ਾਂ ਵਿਚ ਸ਼੍ਰੋਮਣੀ ਅਕਾਲੀ ਦਲ ਸਿੱਖ ਮੁੱਦਿਆਂ ਉਤੇ ਲੜਾਈ ਅੱਗੇ ਹੋ ਕੇ ਲੜੇਗਾ

**ਫਰੀਮਾਂਟ/ਬਿਊਰੋ ਨਿਊਜ਼ :**
ਸ਼੍ਰੋਮਣੀ ਅਕਾਲੀ ਦਲ ਅਮਰੀਕਾ ਨੇ ਸਾਂਝੇ ਤੌਰ ਉਤੇ ਫੈਸਲਾ ਕੀਤਾ ਹੈ ਕਿ ਉਹ ਵਿਦੇਸ਼ਾਂ ਵਿਚ ਸ਼੍ਰੋਮਣੀ ਅਕਾਲੀ ਦਲ ਸਿੱਖ ਮੁੱਦਿਆਂ ਉਤੇ ਲੜਾਈ ਅੱਗੇ ਹੋ ਕੇ ਲੜੇਗਾ।

ਅਕਾਲੀ ਦਲ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਸੰਨ1984 ਵਿਚ ਹਿੰਦੁਸਤਾਨ ਦੀ ਕਾਂਗਰਸ ਸਰਕਾਰ ਵੱਲੋਂ ਸੋਚੀ ਸਮਝੀ ਸਾਜ਼ਿਸ਼ ਹੇਠ ਪਹਿਲਾਂ ਜੂਨ ਮਹੀਨੇ ਵਿਚ ਇੱਕੋ ਸਮੇਂ 38 ਗੁਰੂ-ਘਰਾਂ ਉਤੇ ਫੌਜ ਤੋਂ ਹਮਲਾ ਕਰਵਾ ਕੇ ਹਜ਼ਾਰਾਂ ਬੇਕਸੂਰ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਇਸੇ ਕੜੀ ਵਿਚ ਨਵੰਬਰ-1984 ਵਿਚ ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਵਿਚ 3 ਦਿਨ ਲਗਾਤਾਰ ਕਤਲੋਗਾਰਤ ਕੀਤੀ। ਇਸ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਐਲਾਨਣ ਲਈ ਹੋਰ ਹਮ ਖਿਆਲੀ ਜਥੇਬੰਦੀਆਂ ਨਾਲ ਮਿਲ ਕੇ ਸ਼੍ਰੋਮਣੀ ਅਕਾਲੀ ਦਲ ਜ਼ੋਰਦਾਰ ਢੰਗ ਨਾਲ ਲੜਾਈ ਲੜੇਗਾ। ਸ਼੍ਰੋਮਣੀ ਅਕਾਲੀ ਦਲ ਹਿੰਦੁਸਤਾਨ ਦੀ ਬੀਜੇਪੀ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਭਾਰਤੀ ਪਾਰਲੀਮੈਂਟ ਵਿਚ ਵੀ ਸਿੱਖ ਨਸਲਕੁਸ਼ੀ ਦਾ ਮਤਾ ਲਿਆਂਦਾ ਜਾਵੇ ਤੇ ਇਮਾਨਦਾਰੀ ਨਾਲ ਪਾਸ ਕਰਵਾਇਆ ਜਾਵੇ। ਆਗੂਆਂ ਨੇ ਕਿਹਾ ਕਿ ਅਮਰੀਕਾ ਤੇ ਕਨੇਡਾ ਦੀਆਂ ਵੱਖ-ਵੱਖ ਸਟੇਟਾਂ ਪੈਸਲਵੇਨੀਆ, ਕਨੈਕਟੀਕਟ ਅਤੇ ਅਨੇਕਾਂ ਜ਼ਿਲ੍ਹਿਆਂ ਵਿਚ ਵੱਖ-ਵੱਖ ਪੰਥਕ ਦਰਦੀਆਂ ਵੱਲੋਂ ਲੜੀ ਜਾ ਰਹੀ ਲੜਾਈ ਵਾਲੇ ਵੀ ਸਾਰੇ ਵਧਾਈ ਦੇ ਪਾਤਰ ਹਨ।

ਬਿਆਨ ਜਾਰੀ ਕਰਨ ਵਾਲਿਆਂ ਵਿਚ ਸ. ਗੁਰਨਾਮ ਸਿੰਘ ਪੰਮਾ ਚੈਅਰਮੈਨ ਵੈਸਟ ਕੋਸਟ, ਸ. ਮੋਹਣ ਸਿੰਘ ਖਟੜਾ ਪ੍ਰਧਾਨ ਈਸਟ ਕੋਸਟ, ਸ. ਰਘਵੀਰ ਸਿੰਘ ਸੋਹਾਣਪੁਰ ਪ੍ਰਧਾਨ ਨਿਊਯਾਰਕ, ਸ. ਬਲਵਿੰਦਰ ਸਿੰਘ ਨਵਾਂ ਸ਼ਹਿਰ ਪ੍ਰਧਾਨ ਯੂਥ ਅਕਾਲੀ ਦਲ, ਸ. ਪਰਮਜੀਤ ਸਿੰਘ ਦਾਖਾ ਸੀਨੀਅਰ ਮੀਤ ਪ੍ਰਧਾਨ ਵੈਸਟ ਕੋਸਟ, ਜਥੇਦਾਰ ਰੌਣਕ ਸਿੰਘ ਸੀਨੀਅਰ ਮੀਤ ਪ੍ਰਧਾਨ, ਸ. ਗੁਰਦੇਵ ਸਿੰਘ ਕੰਗ ਸੀਨੀਅਰ ਮੀਤ ਪ੍ਰਧਾਨ, ਸ. ਹਰਬੰਸ ਸਿੰਘ ਚਾਹਲ, ਸ. ਸੁਖਵਿੰਦਰ ਸਿੰਘ ਅਬਲੋਵਾਲ ਸੀਨੀਅਰ ਮੀਤ ਪ੍ਰਧਾਨ, ਸ. ਦਲਵੀਰ ਸਿੰਘ ਗਿੱਲ ਸੀਨੀਅਰ ਅਕਾਲੀ ਜਥੇਦਾਰ, ਭੁਪਿੰਦਰ ਸਿੰਘ ਖਾਲਸਾ, ਸ. ਹਰਬੰਸ ਸਿੰਘ ਸੰਧੂ ਪ੍ਰਧਾਨ ਮੈਰੀਲੈਂਡ, ਸ. ਹਰਜੀਤ ਸਿੰਘ ਹੁੰਦਲ ਜਨਰਲ ਸਕੱਤਰ, ਜਥੇਦਾਰ ਰਜਿੰਦਰ ਸਿੰਘ ਚੌਹਾਨ, ਸ. ਬਿਕਰਮਜੀਤ ਸਿੰਘ ਸਬਕਾ ਮੀਤ ਪ੍ਰਧਾਨ ਤੇ ਸ. ਦਲਬੀਰ ਸਿੰਘ ਸੰਘੇੜਾ ਦੇ ਨਾਮ ਸ਼ਾਮਿਲ ਹਨ।

# ਮੱਧਵਰਤੀ ਚੋਣਾਂ ਵਿਚ ਸਿੱਖ ਦ੍ਰਿਸ਼ਟੀਕੋਣ ਲਈ ਡੈਮੋਕਰੈਟਿਕ ਕਾਂਗਰਸਮੈਨ ਨਾਲ ਮੁਲਾਕਾਤ





**ਫਰੀਮਾਂਟ/ਬਲਵਿੰਦਰਪਾਲ ਸਿੰਘ ਖਾਲਸਾ :**
ਛੇ ਨਵੰਬਰ ਨੂੰ ਹੋ ਰਹੀਆਂ ਚੋਣਾਂ ਲਈ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ। ਉਮੀਦਵਾਰ ਆਪਣੀ ਕਿਸਮਤ ਅਜ਼ਮਾਉਣ ਲਈ ਜਨਤਾ ਦੀ ਕਚਿਹਰੀ ਵਿਚ ਲੋਕ ਫਤਵਾ ਆਪਣੇ ਹੱਕ ਵਿਚ ਕਰਵਾ ਲੈਣ ਲਈ ਸੰਪਰਕ ਕਰ ਰਹੇ ਹਨ। ਬੇਅ-ਏਰੀਏ ਦੇ ਕਾਂਗਰਸਮੈਨ ਐਰਿਕ ਸਵਾਲਵੈਲ ਨੇ ਵੀ ਸਿੱਖ ਭਾਈਚਾਰੇ ਨਾਲ ਉਨ੍ਹਾਂ ਦੀ ਸੁਣਨ ਤੇ ਆਪਣੇ ਵੱਲੋਂ ਕੁਝ ਕਹਿਣ ਲਈ ਡਾ. ਪ੍ਰਿਤਪਾਲ ਸਿੰਘ ਤੇ ਭੈਣ ਜੀ ਮਨਜੀਤ ਕੌਰ ਦੇ ਗ੍ਰਹਿ ਵਿਖੇ ਸਿੱਖ ਆਗੂਆਂ ਨਾਲ ਮੁਲਾਕਾਤ ਕੀਤੀ। ਕਾਂਗਰਸਮੈਨ ਸਵਾਲਵੈਲ ਫਰੀਮਾਂਟ, ਹੇਵਰਡ, ਯੂਨੀਅਨ ਸਿਟੀ, ਡੈਨਵਿਲ, ਲਿਵਰਮੋਰ,ਪਲੈਜ਼ੰਟਨ, ਸੁਨੋਲ, ਕੈਸਟਰੋ ਵੈਲੀ ਤੇ ਸੈਨ ਰਮੋਨ ਆਦਿ ਉਤਰੀ ਬੇਅ ਏਰੀਏ ਦੇ ਇਲਾਕਿਆਂ ਦੀ ਪ੍ਰਤੀਨਿਧਤਾ ਕਰਦੇ ਹਨ। ਅਮਰੀਕਨ ਸਿੱਖ ਕਾਕਸ ਕਮੇਟੀ ਦੇ ਚੇਅਰਮੈਨ ਭਾਈ ਹਰਪ੍ਰੀਤ ਸਿੰਘ ਸੰਧੂ ਨੇ ਕਾਂਗਰਸਮੈਨ ਦੀ ਸਭ ਨਾਲ ਜਾਣ-ਪਛਾਣ ਕਰਵਾਈ। ਇਸ ਮੁਲਾਕਾਤ ਲਈ ਹੋਰ ਸਿਰਕੱਢ ਸਿੱਖਾਂ ਦੇ ਨਾਲ-ਨਾਲ ਏਜੀਪੀਸੀ ਦੇ ਮੋਹਤਬਰ ਮੈਂਬਰ ਹਾਜ਼ਰ ਸਨ, ਜਿਨਾਂ ਵਿਚ ਏਜੀਪੀਸੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ, ਭਾਈ ਬਲਬੀਰ ਸਿੰਘ, ਫਿਲਮ "ਦ ਬਲੈਕ ਪ੍ਰਿੰਸ" ਦੇ ਨਿਰਮਾਤਾ ਜਸਜੀਤ ਸਿੰਘ, ਖਾਲਿਸਤਾਨ ਦੇ ਸ਼ਹੀਦ ਪਰਿਵਾਰ, ਸ਼ਬੋ ਕਾਲਜ ਹੇਵਰਡ ਲਈ ਟਰੱਸਟੀ ਉਮੀਦਵਾਰ ਹਰਪਾਲ ਸਿੰਘ ਮਾਨ ਆਦਿ ਹਾਜ਼ਰ ਸਨ।



ਗੌਰਤਲਬ ਹੈ ਕਿ ਹਰਪਾਲ ਸਿੰਘ ਮਾਨ ਕਾਂਗਰਸਮੈਨ ਦੇ ਨਜ਼ਦੀਕੀ ਮਿੱਤਰਾਂ ਵਿਚ ਆਉਂਦੇ ਹਨ ਤੇ ਉਨਾਂ ਨੇ ਹੀ ਕਾਂਗਰਸਮੈਨ ਦੇ ਰੁਝੇਵਿਆਂ ਵਿਚੋਂ ਇਸ ਮੁਲਾਕਾਤ ਦਾ ਪ੍ਰਬੰਧ ਕੀਤਾ। ਹਰਪਾਲ ਸਿੰਘ ਮਾਨ ਵੀ ਇਸ ਵਾਰ ਚੋਣਾਂ ਵਿਚ ਆਪਣੀ ਕਿਸਮਤ ਅਜ਼ਮਾ ਰਹੇ ਹਨ ਤੇ ਜਿੱਤਣ ਲਈ ਉਤਸ਼ਾਹਜਨਕ ਹਨ।

ਕਾਂਗਰਸਮੈਨ ਨੇ ਆਪਣੀ ਗੱਲ ਪੈਨਸਿਲਵੇਨੀਆ ਰਾਜ ਵਿਚਲੇ ਸ਼ਹਿਰ ਪਿਟਸਬਰਗ ਦੇ ਯਹੂਦੀ ਸਾਇਨਾਗਾਗ ਵਿਚ ਇਕ ਬੰਦੂਕਧਾਰੀ ਵੱਲੋਂ ਯਹੂਦੀਆਂ ਦੇ 11 ਬੰਦੇ ਮਾਰ ਦੇਣ ਤੋਂ ਸ਼ੁਰੂ ਕੀਤੀ ਕਿ ਨਫਰਤ ਤੇ ਬੰਦੂਕ ਨੇ ਅਮਰੀਕਾ ਵਿਚ ਭੜਥੂ ਪਾਇਆ ਹੋਇਆ ਹੈ। ਆਮ ਮਿਲ ਜਾਂਦੀਆਂ ਗੰਨਾਂ ਕਰਕੇ ਕਤਲੇਆਮ ਆਮ ਹੋ ਰਹੇ ਹਨ ਤੇ ਸਾਨੂੰ ਇਸ ਬਾਰੇ ਗੰਭੀਰਤਾ ਨਾਲ ਕੁਝ ਕਰਨ ਦੀ ਲੋੜ ਹੈ। ਅਮਰੀਕੀ ਗੰਨ ਲਾਬੀ ਬਹੁਤ ਮਜ਼ਬੂਤ ਹੈ ਤੇ ਉਸ ਦੀਆਂ ਨੀਤੀਆਂ ਨੂੰ ਹਰਾਉਣ ਲਈ ਉਸ ਤੋਂ ਵੀ ਜ਼ਿਆਦਾ ਮਜ਼ਬੂਤ ਲਾਬੀ ਦੀ ਲੋੜ ਹੈ ਜੋ ਫਿਲਹਾਲ ਔਖਾ ਕਾਰਜ ਲੱਗ ਰਿਹਾ ਹੈ ਪਰ ਇਕ ਨਾ ਇਕ ਦਿਨ ਇਹ ਹੋ ਕੇ ਰਹੇਗਾ। ਫਿਰ ਉਸ ਨੇ ਘੱਟ ਗਿਣਤੀਆ ਦੇ ਹੱਕਾਂ ਦੀ ਗੱਲ ਕਰਦਿਆਂ ਸਿੱਖ ਮੰਗਾਂ ਤੇ ਹੱਕਾਂ ਵਾਸਤੇ ਆਪਣੇ ਸਾਥ ਤੇ ਸਮਰਥਨ ਬਾਰੇ ਭਰੋਸਾ ਦੁਆਇਆ ਕਿ ਉਹ ਪੂਰੀ ਤਰਾਂ ਸਿੱਖਾਂ ਦੇ ਹੱਕ ਵਿਚ ਹੈ। ਹਰਪ੍ਰੀਤ ਸਿੰਘ ਸੰਧੂ ਨੇ ਕਿਹਾ ਕਿ ਕਾਂਗਰਸਮੈਨ ਅਮਰੀਕੀ ਸਿੱਖ ਕਾਂਗਰੇਸ਼ਨਲ ਕਾਕਸ ਦੇ ਮੈਂਬਰ ਹਨ ਜੋ ਸਿੱਖ ਆਵਾਜ਼ ਨੂੰ ਸੈਨੇਟ ਤੇ ਕਾਂਗਰਸ ਵਿਚ ਉਠਾਉਂਦੇ ਹਨ। ਸਾਨੂੰ ਉਮੀਦ ਹੈ ਕਿ ਉਹ ਸਿੱਖ ਹੱਕਾਂ ਦੀ ਰਾਖੀ ਲਈ ਅੱਗੇ ਤੋਂ ਵੀ ਜ਼ੋਰ ਨਾਲ ਸਾਡਾ ਸਮਰਥਨ ਕਰਨਗੇ। ਇਸ ਸਮੇਂ ਭੈਣ ਜੀ ਮਨਜੀਤ ਕੌਰ ਸਮੇਤ ਮੀਡੀਆ ਦੇ ਜਸਜੀਤ ਸਿੰਘ, ਕਸ਼ਮੀਰ ਸਿੰਘ ਸ਼ਾਹੀ ਤੇ ਕਾਹਲੋਂ ਭੈਣ ਜੀ ਨੇ ਵੀ ਸਵਾਲਵੈਲ ਨਾਲ ਵੱਖ-ਵੱਖ ਮੁੱਦਿਆਂ 'ਤੇ ਗੱਲਬਾਤ ਕੀਤੀ।




ਜੁਗੋ-ਜੁਗ ਅਟੱਲ ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ
ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# 39ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ




## 4 ਨਵੰਬਰ 2018 ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰਾਂ ਸਮੇਤ ਪਹੁੰਚ
ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੋ ਅਤੇ
ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ



## Ranjit Singh

209-956-1000,408-355-5700

RSingh@siainc.net
www.SteeleInsuranceAgency.net

# ਨੈਣਦੀਪ ਸਿੰਘ ਚੰਨ ਨੇ ਸਕੂਲ ਬੋਰਡ ਵਿਚ ਚੋਣ ਲਈ ਪੰਜਾਬੀ ਭਾਈਚਾਰੇ ਤੋਂ ਵੋਟਾਂ ਮੰਗੀਆਂ

**ਫਰਿਜ਼ਨੋ, ਕੈਲੇਫੋਰਨੀਆ/ਨੀਟਾ ਮਾਛੀਕੇ,ਕੁਲਵੰਤ ਧਾਲੀਆਂ :** ਕੈਲੇਫੋਰਨੀਆ ਵਿਚ ਮਿੱਡ-ਟਰਮ ਇਲੈਕਸ਼ਨ ਨੂੰ ਲੈ ਕੇ ਹਰ ਇੱਕ ਉਮੀਦਵਾਰ ਵੋਟਰਾਂ ਨੂੰ ਲੁਭਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਿਹਾ ਹੈ। ਫਰਿਜ਼ਨੋ ਸੈਂਟਰਲ ਸਕੂਲ ਦੇ ਡਿਸਟਰਿਕ ਏਰੀਆ-7 ਦੇ ਟਰੱਸਟੀ ਦੀ ਚੋਣ ਲੜ ਰਹੇ ਨੌਜਵਾਨ ਨੈਣਦੀਪ ਸਿੰਘ ਚੰਨ ਦੀ ਮਦਦ ਵਿਚ ਫਰਿਜ਼ਨੋ ਦਾ ਪੂਰਾ ਪੰਜਾਬੀ ਭਾਈਚਾਰਾ ਵੱਧ-ਚੜ੍ਹ ਕੇ ਹਿੱਸਾ ਲੈ ਰਿਹਾ ਹੈ। ਇਹ ਨੌਜਵਾਨ ਆਗੂ ਕਿਸੇ ਜਾਣਕਾਰੀ ਦਾ ਮੁਥਾਜ ਨਹੀਂ।ਇਸ ਨੇ ਇਲਾਕੇ ਭਰ ਵਿਚ ਭਾਈਚਾਰਕ ਅਤੇ ਸਮਾਜਿਕ ਕਾਰਜਾਂ ਵਿਚ ਹੋਰ ਨੌਜਵਾਨਾਂ ਨੂੰ ਨਾਲ ਲੈ ਕੇ ਸਫਲਤਾ ਨਾਲ ਕੰਮ ਕੀਤਾ। ਆਪਣੀ ਜੈਕਾਰਾ ਮੂਵਮੈਂਟ ਰਾਹੀਂ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਸਮਾਜਿਕ ਅਤੇ ਭਾਈਚਾਰਿਕ ਕੰਮ ਕੀਤੇ। ਉਹ ਸਿੱਖ ਸੋਚ ਵਾਲਾ ਪੂਰਨ ਗੁਰਸਿੱਖ ਇਨਸਾਨ ਹੈ, ਜਿਸ ਨੇ ਗੁਰਮਤਿ ਕਦਰਾਂ-ਕੀਮਤਾਂ ਦੀ ਜਾਣਕਾਰੀ ਕੈਂਪਾਂ ਰਾਹੀ ਬੱਚਿਆਂ ਨੂੰ ਦਿੱਤੀ। ਫਰਿਜ਼ਨੋ ਦੇ ਵਿਕਟੋਰੀਆ ਪਾਰਕ ਦਾ ਨਾਂ 'ਸ਼ਹੀਦ ਜਸਵੰਤ ਸਿੰਘ ਖਾਲੜਾ' ਰੱਖਣ ਲਈ ਅੱਗੇ ਵਧ ਸਫਲਤਾ ਪ੍ਰਾਪਤ ਕੀਤੀ।ਉਹ ਇਕ ਮਿਹਨਤੀ ਅਤੇ ਇਮਾਨਦਾਰ ਨੌਜਵਾਨ ਆਗੂ ਹੈ।



ਆਗਾਮੀ ਵੋਟਾਂ ਤਹਿਤ ਸਥਾਨਕ ਇੰਡੀਆ ਕਬਾਬ ਪੈਲੇਸ ਰੈਸਟੋਰੈਂਟ ਵਿਚ ਚੰਨ ਲਈ ਮੇਲ ਮਿਲਾਪ ਦਾ ਪ੍ਰੋਗਰਾਮ ਉਲੀਕਿਆ ਗਿਆ, ਜਿਸ ਮੌਕੇ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਪਹੁੰਚ ਕੇ ਨੈਣਦੀਪ ਦੀ ਆਰਥਿਕ ਮਦਦ ਵਜੋਂ ਫੰਡਰੇਜ ਵੀ ਕੀਤਾ। ਇਸ ਮੌਕੇ ਬਹੁਤ ਸਾਰੇ ਬੁਲਾਰਿਆਂ ਨੇ ਆਪਣੇ ਵਿਚਾਰ ਰੱਖਦੇ ਹੋਏ ਨੈਣਦੀਪ ਸਿੰਘ ਚੰਨ ਵੱਲੋਂ ਕੀਤੇ ਕੰਮਾਂ ਉੱਤੇ ਚਾਨਣਾ ਪਾਉਂਦਿਆਂ ਉਸ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਜੈਕਾਰਾ ਮੂਵਮੈਂਟ ਵਿਚ ਉਸ ਵੱਲੋਂ ਪਾਏ ਯੋਗਦਾਨ ਅਤੇ ਯੂਥ ਨੂੰ ਧਰਮ ਅਤੇ ਸੱਭਿਆਚਾਰ ਨਾਲ ਜੋੜਨ ਲਈ ਕੀਤੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਪੰਜਾਬੀਆਂ ਨੂੰ ਸਕੂਲ ਬੋਰਡ ਵਿੱਚ ਆਪਣੀ ਅਵਾਜ਼ ਵੱਜੋਂ ਨੈਣਦੀਪ ਸਿੰਘ ਚੰਨ ਨੂੰ ਭੇਜਣ ਲਈ ਆਉਣ ਵਾਲੇ ਦਿਨਾ ਵਿਚ ਵੱਧ ਚੜ੍ਹ ਕੇ ਵੋਟ ਦੇ ਰੂਪ ਵਿੱਚ ਸਪੋਰਟ ਕਰਨ ਦੀ ਅਪੀਲ ਕੀਤੀ। ਇਸ ਮੌਕੇ ਸੁਖਬੀਰ ਭੰਡਾਲ, ਡਾ. ਜਗਮੀਤ ਕੌਰ ਚੰਨ, ਗੁਰਨੇਕ ਸਿੰਘ ਬਾਗੜੀ, ਬਲਵੀਰ ਸਿੰਘ ਢਿੱਲੋਂ ਅਤੇ ਡਾ. ਹਰਚਰਨ ਸਿੰਘ ਚੰਨ ਆਦਿ ਨੇ ਆਪਣੇ ਵਿਚਾਰ ਰੱਖੇ। ਨੈਣਦੀਪ ਸਿੰਘ ਚੰਨ ਨੇ ਪੰਜਾਬੀ ਭਾਈਚਾਰੇ ਦੀ ਸੇਵਾ ਸਬੰਧੀ ਆਪਣੀ ਪਰਪੱਕਤਾ ਦੁਹਰਾਈ ਤੇ ਸਕੂਲ ਬੋਰਡ ਦੀਆਂ ਚੋਣਾਂ ਲਈ ਸਭਨਾਂ ਤੋਂ ਸਹਿਯੋਗ ਦੀ ਮੰਗ ਕੀਤੀ।

# ਪਿਟਸਬਰਗ ਵਿਚ ਮਾਰੇ ਗਏ ਯਹੂਦੀਆਂ ਨਮਿਤ ਅਰਦਾਸ ਕਰੇਗਾ ਸਿੱਖ ਭਾਈਚਾਰਾ

**ਮਿਲਪੀਟਸ/ਬਲਵਿੰਦਰਪਾਲ ਸਿੰਘ ਖਾਲਸਾ :** ਗੁਰਦੁਆਰਾ ਸਿੰਘ ਸਭਾ ਮਿਲਪੀਟਸ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਤੇ ਡਾਕਟਰ ਪ੍ਰਿਤਪਾਲ ਸਿੰਘ ਨੇ ਸਾਂਝੇ ਬਿਆਨ ਵਿਚ ਪੈਨਸਿਲਵੇਨੀਆ ਰਾਜ ਵਿਚਲੇ ਪਿਟਸਬਰਗ ਸ਼ਹਿਰ ਵਿਚ ਇਕ ਬੰਦੂਕਧਾਰੀ ਵੱਲੋਂ ਧਾਰਮਿਕ ਰਸਮਾਂ ਮਾਣ ਰਹੇ ਗਿਆਰਾਂ ਯਹੂਦੀਆਂ ਨੂੰ ਮਾਰੇ ਜਾਣ ਦੀ ਸਖਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਨਿਰੋਲ ਨਸਲੀ ਨਫਰਤ ਦਾ ਕਾਰਾ ਹੈ। ਬੰਦੂਕਧਾਰੀ ਯਹੂਦੀਆਂ ਨੂੰ ਨਫਰਤ ਕਰਦਾ ਸੀ ਤੇ ਬੰਦੂਕ ਚਲਾਉਣ ਵੇਲੇ ਕਹਿ ਰਿਹਾ ਸੀ ਕਿ ਸਾਰੇ ਯਹੂਦੀਆਂ ਨੂੰ ਮਰਨਾ ਪਏਗਾ। ਸਿੱਖ ਆਗੂਆਂ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿਚ ਸਿੱਖ ਭਾਈਚਾਰਾ ਯਹੂਦੀ ਭਾਈਚਾਰੇ ਨਾਲ ਖੜ੍ਹਾ ਹੈ ਤੇ ਉਨ੍ਹਾਂ ਦੇ ਦੁਖ ਵਿਚ ਸ਼ਰੀਕ ਹੈ। ਇਸ ਲਈ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਚ ਮਾਰੇ ਗਏ ਯਹੂਦੀਆਂ ਦੀ ਯਾਦ ਵਿਚ ਅਰਦਾਸ ਕੀਤੀ ਜਾਵੇਗੀ। ਗੁਰਦੁਆਰਾ ਪ੍ਰਬੰਧਕਾਂ ਨੇ ਸਮੂਹ ਸਿੱਖ ਸੰਗਤਾਂ ਨੂੰ ਗੁਰਦੁਆਰਾ ਸਿੰਘ ਸਭਾ ਪਹੁੰਚ ਕੇ ਇਸ ਸ਼ਰਧਾਂਜਲੀ ਸਮਾਰੋਹ ਵਿਚ ਹਿੱਸਾ ਲੈਣ ਲਈ ਬੇਨਤੀ ਕੀਤੀ ਹੈ।




ਜ਼ਿਕਰਯੋਗ ਹੈ ਕਿ ਇਸ ਵਹਿਸ਼ੀਪੁਣੇ ਦੀ ਅਮਰੀਕਾ ਤੇ ਇਜ਼ਰਾਈਲ ਵਿਚ ਭਾਰੀ ਅਲੋਚਨਾ ਹੋਈ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਨਿਰਦੋਸ਼ ਯਹੂਦੀਆਂ ਦੇ ਮਾਰੇ ਜਾਣ ਦੀ ਜ਼ੋਰਦਾਰ ਨਿੰਦਾ ਕੀਤੀ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀ ਇਸ ਜ਼ੁਲਮ ਦੀ ਸਖਤ ਸ਼ਬਦਾਂ ਵਿਚ ਆਲੋਚਨਾ ਕੀਤੀ ਹੈ।

*ਆਪਣਾ ਹੱਕ ਜਤਾਓ-ਆਪਣਾ ਉਮੀਦਵਾਰ ਜਿਤਾਓ*

# ਸਕੂਲ ਬੋਰਡ ਦੀ ਚੋਣ ਲਈ ਪੰਜਾਬੀ ਭਾਈਚਾਰੇ ਦੀ ਸਰਬਜੀਤ ਕੌਰ ਚੀਮਾ ਨੂੰ ਜਿਤਾਉਣ ਦੀ ਅਪੀਲ

**ਯੂਨੀਅਨ ਸਿਟੀ/ਪ੍ਰਮਿੰਦਰ ਸਿੰਘ ਪ੍ਰਵਾਨਾ :** ਪੰਜਾਬੀ ਭਾਈਚਾਰੇ ਦੇ ਮੋਹਤਬਰ ਆਗੂਆਂ ਵੱਲੋਂ ਨਿਊ ਸਕੂਲ ਬੋਰਡ ਦੀ ਚੋਣ ਲਈ ਪੰਜਾਬੀ ਭਾਈਚਾਰੇ ਦੀ ਉਮੀਦਵਾਰ ਸਰਬਜੀਤ ਕੌਰ ਚੀਮਾ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ ਜਾ ਰਹੀ ਹੈ। ਉਹ ਸਕੂਲ ਬੋਰਡ ਦੇ ਪ੍ਰਧਾਨ ਦੇ ਅਹੁਦੇ ਦੀ ਉਮੀਦਵਾਰ ਹੈ। ਆਗੂਆਂ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਸਫ਼ਲ ਬਣਾਉਣਾ ਸਮੇਂ ਦੀ ਲੋੜ ਹੈ, ਕਿਉਂਕਿ ਸਮੂਹ ਅਮਰੀਕਨ ਭਾਈਚਾਰੇ ਦੀ ਪ੍ਰਬੰਧ ਪ੍ਰਣਾਲੀ ਵਿਚ ਆਪਣੇ ਭਾਈਚਾਰੇ ਦਾ ਪੱਖ ਰੱਖਣ ਲਈ ਆਪਣਾ ਅਹੁਦੇਦਾਰ ਹੋਣਾ ਜ਼ਰੂਰੀ ਹੈ। ਇਸ ਲਈ 6 ਨਵੰਬਰ, 2018 ਨੂੰ ਹੋਣ ਵਾਲੀ ਚੋਣ ਵਿਚ ਆਪਣੇ ਕੀਮਤੀ ਵੋਟ ਦੀ ਵਰਤੋਂ ਕਰਦਿਆਂ ਸਰਬਜੀਤ ਕੌਰ ਚੀਮਾ ਨੂੰ ਕਾਮਯਾਬ ਬਣਾਓ ਜੋ ਕਿ ਪੰਜਾਬੀ ਭਾਈਚਾਰੇ ਦੀ ਕਾਮਯਾਬੀ ਹੋਵੇਗੀ।



ਗੌਰਤਲਬ ਹੈ ਕਿ ਸਰਬਜੀਤ ਕੌਰ ਚੀਮਾ ਕੋਲ ਮੌਜੂਦਾ ਸਕੂਲ ਬੋਰਡ ਪ੍ਰਧਾਨ ਹੋਣ ਦੇ ਨਾਤੇ ਲੋੜੀਂਦਾ ਤਜਰਬਾ ਹੈ। ਉਹ ਅਮਰੀਕਾ ਵਿਚ ਸੰਨ 1991 ਤੋਂ ਆਏ ਹੋਏ ਹਨ ਕਿੱਤੇ ਵਜੋਂ ਸਿਵਲ ਇੰਜੀਨੀਅਰ ਹਨ। ਉਨ੍ਹਾਂ ਕੋਲ ਹਿਸਾਬ ਤੇ ਵਿਗਿਆਨ ਪੜ੍ਹਾਉਣ ਦਾ ਤਜਰਬਾ ਵੀ ਹੈ। ਉਹ ਆਪਣੇ ਤਿੰਨ ਪੁੱਤਰਾਂ ਦੀ ਪੜ੍ਹਾਈ ਦੀ ਨੇੜਿਓਂ ਨਿਗਰਾਨੀ ਕਰਦੇ ਹਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇਖਦੇ ਹੋਏ ਬੱਚਿਆਂ ਦੀ ਮਦਦ ਬੜੀ ਗਰਮਜੋਸ਼ੀ ਨਾਲ ਕਰਨ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਸਰਬਜੀਤ ਕੌਰ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਵਿਚ ਸਕੂਲ ਪ੍ਰਬੰਧ ਵਿਚ ਸਰਕਾਰੀ ਧੰਨ ਰਾਸ਼ੀ ਦੀ ਅਹਿਮ ਸਮੱਸਿਆ ਰਹੀ ਹੈ। ਉਨ੍ਹਾਂ ਧੰਨ ਜੁਟਾਉਣ ਵਿਚ ਵੱਡਾ ਯੋਗਦਾਨ ਪਾਉਂਦਿਆਂ 29.4 ਮਿਲੀਅਨ ਦੀ ਸਹਾਇਤਾ ਪ੍ਰਾਪਤ ਕੀਤੀ ਹੈ। ਆਪਣੇ ਸਹਿ-ਕਰਮੀਆਂ ਨਾਲ ਸਾਂਝੇ ਕੰਮਾਂ ਨੂੰ ਸਿਰੇ ਚੜ੍ਹਾਉਣ ਤੋਂ ਇਲਾਵਾ ਅਧਿਆਪਕ, ਮਾਪਿਆਂ ਅਤੇ ਭਾਈਚਾਰੇ ਨਾਲ ਮਿਲ ਕੇ ਫਰਜ਼ ਨਿਭਾਏ ਹਨ। ਉਹ ਅੱਗੇ ਲਈ ਵੀ ਪੰਜਾਬੀ ਭਾਈਚਾਰੇ ਦੇ ਬੱਚਿਆਂ ਦੀ ਗਰਮਜੋਸ਼ੀ ਨਾਲ ਮਦਦ ਕਰਨ ਦੀ ਚਾਹਵਾਨ ਹੈ। ਇਸ ਲਈ ਉਹ ਉਮੀਦ ਕਰਦੇ ਹਨ ਕਿ ਉਨ੍ਹਾਂ ਦੁਬਾਰਾ ਚੁਣ ਕੇ ਪੰਜਾਬੀ ਭਾਈਚਾਰਾ ਮਾਣ ਵਧਾਏਗਾ। ਉਨ੍ਹਾ ਕਿਹਾ ਕਿ ਮੈਨੂੰ ਭਾਵੇਂ ਬਹੁਤ ਸਾਰੇ ਮੌਜੂਦਾ ਅਤੇ ਸਾਬਕਾ ਅਧਿਕਾਰੀਆਂ, ਪਤਵੰਤਿਆਂ ਅਤੇ ਸੰਸਥਾਵਾਂ ਦਾ ਸਮਰਥਨ ਪ੍ਰਾਪਤ ਹੈ ਪਰ ਆਪ ਜੀ ਦਾ ਇਕ ਇਕ ਵੋਟ ਕਾਮਯਾਬੀ ਵਿਚ ਅਹਿਮ ਯੋਗਦਾਨ ਪਾ ਸਕਦਾ ਹੈ।

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ





**ਸਿਆਟਲ/ਗੁਰਚਰਨ ਸਿੰਘ ਢਿੱਲੋਂ**

ਸਿਆਟਲ ਤੋਂ 90 ਹਾਈਵੇ ਤੇ 375 ਮੀਲ ਦੂਰ ਵਾਸ਼ਿੰਗਟਨ ਸਟੇਟ ਦੇ ਦੂਸਰੇ ਸੁੰਦਰ ਸ਼ਹਿਰ ਸਪੋਕੇਨ ਦੇ ਦੋ ਵੱਖ-ਵੱਖ ਗੁਰਦੁਆਰਿਆਂ ਵਿਚ ਚੌਥੇ ਪਾਤਸ਼ਾਹ ਸੀ ਗੁਰੂ ਰਾਮਦਾਸ ਜੀ ਦਾ ਗੁਰਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਨਵੇਂ ਬਣੇ ਗੁਰਦੁਆਰੇ ਗੁਰੂ ਨਾਨਕ ਦਰਬਾਰ ਵਿਚ ਬਾਬਾ ਮੱਖਣ ਸਿੰਘ (ਮਾਨਸਾ) ਅਤੇ ਭਾਈ ਧਰਮਜੀਤ ਸਿੰਘ ਖਹਿਰਾ ਨੇ ਕਥਾ ਕੀਰਤਨ ਕਰਕੇ ਗੁਰੂ ਦਾ ਜਸ ਗਾਇਨ ਕੀਤਾ। ਇਸ ਮੌਕੇ ਲੰਗਰਾਂ ਦੀ ਸੇਵਾ ਕਸੈਲ ਨਿਵਾਸੀ ਸਤਪਾਲ ਸਿੰਘ ਢਿੱਲੋਂ ਦੇ ਪਰਿਵਾਰ ਵਲੋਂ ਨਿਭਾਈ ਗਈ। ਸਪੋਕੇਨ ਦੇ ਸਭ ਤੋਂ ਪਹਿਲੇ ਤੇ ਦੂਸਰੇ ਗੁਰਦੁਆਰੇ ਸਿੱਖ ਟੈਂਪਲ ਆਫ਼ ਸਪੋਕੇਨ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਭਾਰਤ ਤੋਂ ਪਹੁੰਚੇ ਭਾਈ ਅਮਰੀਕ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਬਾਬਾ ਗੁਰਜੀਤ ਸਿੰਘ ਔਜਲਾ ਹੈਡਗ੍ਰੰਥੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਸਮਾਗਮ ਵਿਚ ਸ੍ਰੀ ਅਖੰਡ ਪਾਠ ਜੀ ਦੇ ਸੇਵਾ ਅਤੇ ਲੰਗਰਾਂ ਦੀ ਸੇਵਾ ਰਜਿੰਦਰ ਸਿੰਘ ਦੇ ਪਰਿਵਾਰ ਵਲੋਂ ਆਪਣੇ ਲੜਕੇ ਬਲਜੀਤ ਸਿੰਘ ਦੇ ਸ਼ਾਦੀ ਸਮਾਗਮਾਂ ਦੀ ਸੁਖਸ਼ਾਂਤੀ ਅਤੇ ਸਪੂਰਨਤਾ ਲਈ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਨਿਭਾਈ ਗਈ। ਅਜੀਤ ਸਿੰਘ ਨਾਗਰਾ ਨੇ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ ਤੇ ਸਿਆਟਲ ਤੋਂ ਪਹੁੰਚੀ ਸੰਗਤ ਦਾ ਸਵਾਗਤ ਕੀਤਾ।

# ਕਰਤਾਰਪੁਰ ਲਾਂਘੇ ਦੀ ਮੰਗ ਨੂੰ ਲੈ ਕੇ ਸਿੱਖ ਸੇਵਾ ਫਾਊਂਡੇਸ਼ਨ ਦਾ ਵਫ਼ਦ ਭਾਰਤ ਰਵਾਨਾ

**ਸਿਆਟਲ/ਗੁਰਚਰਨ ਸਿੰਘ ਢਿੱਲੋਂ**, ਕਰਤਾਰਪੁਰ ਸਾਹਿਬ ਦੇ ਲਾਂਘੇ ਵਾਸਤੇ ਵਿਦੇਸ਼ੀ ਸਿੱਖਾਂ ਦੀ ਮੰਗ ਨੂੰ ਲੈ ਕੇ ਸਿੱਖ ਸੇਵਾ ਫਾਊਂਡੇਸ਼ਨ ਦਾ ਵਫ਼ਦ ਬਹਾਦਰ ਸਿੰਘ ਦੀ ਅਗਵਾਈ ਹੇਠ ਭਾਰਤ ਦੇ ਵਿਦੇਸ਼ ਮੰਤਰੀ ਨਾਲ ਮੁਲਾਕਾਤ ਕਰੇਗਾ। ਸਿੱਖ ਸੇਵਾ ਫਾਊਂਡੇਸ਼ਨ ਦੇ ਚੇਅਰਮੈਨ ਬਹਾਦਰ ਸਿੰਘ ਨੇ ਭਾਰਤ ਰਵਾਨਾ ਹੋਣ ਸਮੇਂ ਦੱਸਿਆ ਕਿ ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਖੁੱਲ੍ਹੇ ਦਰਸ਼ਨਾਂ ਨੂੰ ਲੈ ਕੇ ਵਿਦੇਸ਼ੀ ਸਿੱਖਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ, ਜਿਸ ਕਰਕੇ ਭਾਰਤ ਦੀ ਵਿਦੇਸ਼ ਮੰਤਰੀ ਨਾਲ ਮੁਲਾਕਾਤ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਮੌਕੇ ਖੁੱਲ੍ਹੇ ਦਰਸ਼ਨਾਂ ਲਈ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਬਹਾਦਰ ਸਿੰਘ ਨੇ ਕਿਹਾ ਕਿ ਦੋਨੋਂ ਦੇਸ਼ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਚਾਹੁਣ ਤਾਂ ਕੋਈ ਔਖੀ ਗੱਲ ਨਹੀਂ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਆਪਣੀ ਸਹਿਮਤੀ ਦੇ ਚੁੱਕੇ ਹਨ। ਹੁਣ ਭਾਰਤ ਨੂੰ ਪਹਿਲੀ ਕਰਨੀ ਚਾਹੀਦੀ ਹੈ। ਸਿੱਖ ਮਿਸ਼ਨ ਦੇ ਚੇਅਰਮੈਨ ਰਛਪਾਲ ਸਿੰਘ ਢੀਂਡਸਾ ਨੇ ਦੱਸਿਆ ਕਿ ਦੋਨੋਂ ਦੇਸ਼ ਸਹਿਮਤ ਹੋਣ ਤਾਂ ਡੇਰਾ ਬਾਬਾ ਨਾਨਕ ਤੋਂ ਦੋਨਾਂ ਪਾਸੇ ਕੰਡਿਆਲੀ ਤਾਰ ਲਗਾ ਕੇ ਬਿਨਾ ਵੀਜ਼ਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਹੋ ਸਕਦੇ ਹਨ। ਦੇਸ਼ ਵਿਦੇਸ਼ ਦੇ ਸਿੱਖਾਂ ਦੀਆਂ ਭਾਵਨਾਵਾਂ ਅਨੁਸਾਰ ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਦਰਸ਼ਨਾਂ ਲਈ ਲਾਂਘਾ ਤਿਆਰ ਕਰਨਾ ਚਾਹੀਦਾ ਹੈ।



# ਡੇਢ ਅਰਬ ਡਾਲਰ ਤੋਂ ਵੱਧ ਦੇ ਜੈਕਪਾਟ ਲਈ ਮਚੀ ਤਰਥੱਲੀ

**ਵਾਸ਼ਿੰਗਟਨ/ਬਿਊਰੋ ਨਿਊਜ਼** : ਦੇਸ਼ ਵਿਚ ਜੈਕਪਾਟ ਹਮੇਸ਼ਾ ਆਕਰਸ਼ਣ ਦਾ ਕੇਂਦਰ ਰਿਹਾ ਹੈ। ਇਸ ਵਾਰ 1.6 ਅਰਬ ਡਾਲਰ ਦੇ ਵੱਡੇ ਲਾਟਰੀ ਜੈਕਪਾਟ ਲਈ ਪੂਰੇ ਅਮਰੀਕਾ ਵਿਚ ਤਰਥੱਲੀ ਮਚ ਗਈ ਹੈ। ਮੈਗਾ ਮਿਲੀਅਨਜ਼ ਨੇ ਆਪਣੀ ਵੈੱਬਸਾਈਟ 'ਤੇ ਕਿਹਾ ਹੈ ਕਿ ਸਾਊਥ ਕੈਰੋਲੀਨਾ 'ਚ ਟਿਕਟ ਦਾ ਕੋਈ ਇਕ ਦਾਅਵੇਦਾਰ ਇਹ ਜੈਕਪਾਟ ਜਿੱਤੇਗਾ। ਬੀਤੀ ਰਾਤ ਨੂੰ ਟਿਕਟ ਦੇ ਨੰਬਰ ਮੁੜ ਦਰਸਾਏ ਗਏ ਹਨ। ਰਿਕਾਰਡ ਜੈਕਪਾਟ ਕਾਰਨ ਅਮਰੀਕਾ 'ਚ ਲਾਟਰੀ ਖ਼ਰੀਦਣ ਦੇ ਚਾਹਵਾਨਾਂ 'ਚ ਇਕ-ਦੂਜੇ ਤੋਂ ਅੱਗੇ ਨਿਕਲਣ ਦੀ ਦੌੜ ਲੱਗ ਗਈ ਹੈ। ਲੋਕ ਸੁਪਰਮਾਰਕਿਟਾਂ ਅਤੇ ਸ਼ਰਾਬ ਦੇ ਸਟੋਰਾਂ 'ਤੇ ਦੋ ਡਾਲਰ ਦੀ ਟਿਕਟ ਖ਼ਰੀਦਣ ਲਈ ਕਤਾਰਾਂ 'ਚ ਲੱਗੇ ਰਹੇ। ਲਾਟਰੀ ਜਿੱਤਣ ਦੇ ਮੌਕੇ 30 ਕਰੋੜ 'ਚੋਂ ਕਿਸੇ ਇਕ ਦੇ ਹਨ। ਜੇਤੂ ਨੂੰ 91.3 ਕਰੋੜ ਡਾਲਰ ਨਕਦ ਮਿਲਣਗੇ ਜਾਂ ਉਹ 29 ਸਾਲਾਂ ਤਕ ਇਹ ਪੈਸਾ ਕਿਸ਼ਤਾਂ 'ਚ ਲੈ ਸਕਦਾ ਹੈ। ਜੈਕਪਾਟ ਦੀ ਰਕਮ ਇੰਨੀ ਵੱਡੀ ਇਸ ਲਈ ਹੋ ਗਈ ਕਿਉਂਕਿ ਜੁਲਾਈ ਤੋਂ ਬਾਅਦ ਕੋਈ ਵੀ ਵਿਅਕਤੀ ਇਸ ਨੂੰ ਨਹੀਂ ਜਿੱਤ ਸਕਿਆ ਹੈ। ਉਸ ਸਮੇਂ ਕੈਲੀਫੋਰਨੀਆ ਦੇ ਕੁਝ ਕਾਮਿਆਂ ਨੇ 54.3 ਕਰੋੜ ਡਾਲਰ ਦੀ ਰਕਮ ਆਪਸ 'ਚ ਵੰਡੀ ਸੀ। ਅਮਰੀਕਾ 'ਚ ਹੁਣ ਤਕ ਪਾਵਰਬਾਲ ਨਾਮ ਦੀ ਲਾਟਰੀ ਦਾ ਰਿਕਾਰਡ ਜੈਕਪਾਟ ਰਿਹਾ ਹੈ ਜੋ 1.586 ਅਰਬ ਡਾਲਰ ਸੀ। ਸਾਲ 20 16 'ਚ ਕੈਲੀਫੋਰਨੀਆ, ਫਲੋਰਿਡਾ ਅਤੇ ਟੈਨੇਸੀ ਦੇ ਟਿਕਟ ਖ਼ਰੀਦਣ ਵਾਲੇ ਤਿੰਨ ਵਿਅਕਤੀਆਂ ਦਰਮਿਆਨ 52.8-52.8 ਕਰੋੜ ਡਾਲਰ ਰਕਮ ਵੰਡੀ ਗਈ ਸੀ।

# ਕੈਲੀਫੋਰਨੀਆ ਦੇ ਯੋਜ਼ੇਮਾਈਟ ਨੈਸ਼ਨਲ ਪਾਰਕ 'ਚ ਉੱਚੀ ਚੋਟੀ ਤੋਂ ਡਿੱਗਣ ਕਾਰਨ ਭਾਰਤੀ ਜੋੜੇ ਦੀ ਮੌਤ

**ਨਿਊਯਾਰਕ/ਬਿਊਰੋ ਨਿਊਜ਼** : ਅਮਰੀਕਾ ਵਿਚ ਰਹਿੰਦੇ ਭਾਰਤੀ ਜੋੜੇ ਦੀ ਕੈਲੀਫੋਰਨੀਆ ਦੇ ਯੋਜ਼ੇਮਾਈਟ ਨੈਸ਼ਨਲ ਪਾਰਕ ਵਿਚ 800 ਫੁੱਟ ਉੱਚੀ ਚੋਟੀ ਤੋਂ ਡਿੱਗ ਕੇ ਮੌਤ ਹੋਣ ਦੀ ਖਬਰ ਹੈ । ਨੈਸ਼ਨਲ ਪਾਰਕ ਸਰਵਿਸ ਨੇ ਆਪਣੇ ਇਕ ਬਿਆਨ ਵਿਚ ਦੱਸਿਆ ਕਿ ਦੋਵਾਂ ਦੀ ਮੌਤ ਟੈਫਟ ਪੁਆਇੰਟ ਤੋਂ ਡਿੱਗਣ ਕਾਰਨ ਹੋਈ ਹੈ। 'ਸਾਨਫਰਾਂਸਿਸਕੋ ਕਰੌਨੀਕਲ' ਅਖ਼ਬਾਰ ਦੀ ਰਿਪੋਰਟ ਮੁਤਾਬਕ ਇਹ ਜੋੜਾ ਹਾਲ ਹੀ ਵਿਚ ਨਿਊਯਾਰਕ ਤੋਂ ਸੈਨਹੋਜ਼ੇ ਤਬਦੀਲ ਹੋਇਆ ਸੀ। ਇਨ੍ਹਾਂ ਦੀ ਪਛਾਣ ਸਿਸਕੋ ਕੰਪਨੀ ਵਿਚ ਸਿਸਟਮਜ਼ ਵਿਚ ਇੰਜੀਨੀਅਰ ਵਜੋਂ ਨੌਕਰੀ ਕਰਦੇ ਵਿਸ਼ਨੂੰ ਵਿਸ਼ਵਨਾਥ (29 ਸਾਲ) ਅਤੇ ਉਸ ਦੀ ਪਤਨੀ ਮੀਨਾਕਸ਼ੀ ਮੂਰਤੀ (30 ਸਾਲ) ਵਜੋਂ ਹੋਈ ਹੈ। ਮਿਲੀ ਜਾਣਕਾਰੀ ਮੁਤਾਬਕ ਇਹ ਜੋੜਾ ਦੁਨੀਆ ਭਰ ਵਿੱਚ ਖ਼ਤਰਨਾਕ ਥਾਵਾਂ ਦੀ ਸੈਰ ਕਰਦਾ ਰਹਿੰਦਾ ਸੀ ਤੇ ਇਹ ਆਪਣਾ ਇਕ ਬਲੌਗ 'ਹੌਲੀਡੇਅਜ਼ ਐਂਡ ਹੈਪਿਲੀਐਵਰਆਫਟਰਜ਼' ਲਿਖਦੇ ਸਨ। ਇਨ੍ਹਾਂ ਦੀਆਂ ਲਾਸ਼ਾਂ ਟੈਫਟ ਪੁਆਇੰਟ ਹੇਠੋਂ ਰੇਂਜਰਜ਼ ਨੂੰ ਮਿਲੀਆਂ ਸਨ ਜੋ ਯੋਜ਼ੇਮਾਈਟ ਵੈਲੀ, ਯੋਜ਼ੇਮਾਈਟ ਫਾਲਜ਼ ਤੇ ਅਲ



ਕੈਪਟੇਨ ਆਉਣ ਵਾਲੇ ਲੋਕਾਂ ਦੀ ਪਸੰਦੀਦਾ ਜਗ੍ਹਾ ਹੈ। ਇਕ ਦਿਨ ਪਹਿਲਾਂ ਕਿਸੇ ਨੇ ਇਹ ਲਾਸ਼ਾਂ ਉੱਥੇ ਦੇਖੀਆਂ ਸਨ। ਪਾਰਕ ਦੇ ਤਰਜਮਾਨ ਜੇਮੀ ਰਿਚਰਡਜ਼ ਨੇ ਦੱਸਿਆ ਕਿ ਇਸ ਸਾਲ ਹੁਣ ਤਕ ਇਸ ਪਾਰਕ ਵਿਚ ਦਸ ਜਣਿਆਂ ਦੀ ਡਿੱਗ ਕੇ ਮੌਤ ਹੋ ਚੁੱਕੀ ਹੈ। ਇਹ ਬਹੁਤ ਹੀ ਰਮਣੀਕ ਤੇ ਜੰਗਲੀ ਜਗ੍ਹਾ ਹੈ। ਜੇ ਤੁਸੀਂ ਇੱਥੇ ਧਿਆਨ ਨਾਲ ਨਾ ਕਦਮ ਨਾ ਰੱਖੋ ਤਾਂ ਤੁਹਾਨੂੰ ਡਿੱਗਦਿਆਂ ਦੇਰ ਨਹੀਂ ਲਗਦੀ।


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

### ਇਤਿਹਾਸ ਦੀਆਂ ਕਿਤਾਬਾਂ

## ਪੰਜਾਬ ਸਰਕਾਰ ਵੱਲੋਂ ਪਿਛਲੇ ਸਾਲ ਦਾ ਸਿਲੇਬਸ ਹੀ ਬਹਾਲ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਸਕੂਲਾਂ ਵਿਚ ਅਪ੍ਰੈਲ ਮਹੀਨੇ ਤੋਂ ਸ਼ੁਰੂ ਮੌਜੂਦਾ ਸੈਸ਼ਨ ਦੌਰਾਨ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਜੋ ਇਤਿਹਾਸ ਦੀਆਂ ਕਥਿਤ ਇਤਰਾਜ਼ਯੋਗ ਕਿਤਾਬਾਂ ਪੜ੍ਹਾਈਆਂ ਜਾ ਰਹੀਆਂ ਸਨ, ਹੁਣ ਉਹ ਸਿਲੇਬਸ ਦਾ ਹਿੱਸਾ ਨਹੀਂ ਰਹਿ ਜਾਣਗੀਆਂ। ਪਿਛਲੇ ਸਾਲ ਵਾਲੇ ਸਿਲੇਬਸ ਦੇ ਅਧਾਰ 'ਤੇ ਹੀ ਵਿਦਿਆਰਥੀਆਂ ਨੂੰ ਅੱਗੋਂ ਇਮਤਿਹਾਨ ਦੇਣੇ ਪੈਣਗੇ। ਪੰਜਾਬ ਦੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਵਲੋਂ ਆਪਣੇ ਵਿਦੇਸ਼ੀ ਦੌਰੇ ਦੌਰਾਨ ਤੁਰਕੀ ਤੋਂ ਜਾਰੀ ਕੀਤੇ ਹੁਕਮਾਂ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਆਦੇਸ਼ ਜਾਰੀ ਕੀਤਾ ਕਿ ਰਾਜ ਸਰਕਾਰ ਵਲੋਂ ਮਾਹਿਰਾਂ ਦੀ ਬਣਾਈ ਗਈ ਕਮੇਟੀ ਵਲੋਂ ਮੌਜੂਦਾ ਇਤਿਹਾਸ ਦੀਆਂ ਕਿਤਾਬਾਂ ਦੀ ਪੜਚੋਲ ਦਾ ਕੰਮ ਪੂਰਾ ਹੋਣ ਤੱਕ 11ਵੀਂ ਅਤੇ 12ਵੀਂ ਜਮਾਤ ਲਈ ਪੁਰਾਣੇ ਸਿਲੇਬਲ ਨੂੰ ਹੀ ਲਾਗੂ ਰੱਖਿਆ ਜਾਵੇ।
ਵਰਨਣਯੋਗ ਹੈ ਕਿ ਅਕਾਲੀ ਦਲ ਵਲੋਂ ਇਥੇ ਕੀਤੀ ਗਈ ਆਪਣੀ ਕੋਰ ਕਮੇਟੀ ਦੀ ਬੈਠਕ ਤੋਂ ਬਾਅਦ ਪਹਿਲੀ ਨਵੰਬਰ ਤੋਂ ਵਿਵਾਦਤ ਇਤਿਹਾਸ ਦੀਆਂ ਪੁਸਤਕਾਂ ਨੂੰ ਲੈ ਕੇ ਅੰਦੋਲਨ ਕਰਨ ਦਾ ਐਲਾਨ ਕੀਤਾ ਗਿਆ ਸੀ, ਜਿਸ ਤੋਂ ਬਾਅਦ ਰਾਜ ਸਰਕਾਰ ਵਲੋਂ ਰਾਤ ਨੂੰ ਹੀ ਰਾਜ ਦੇ ਸਕੂਲਾਂ ਵਿਚ 11ਵੀਂ ਅਤੇ 12ਵੀਂ ਲਈ ਮਗਰਲੇ ਸਾਲ ਦਾ ਸਿਲੇਬਸ ਹੀ ਲਾਗੂ ਰੱਖਣ ਦਾ ਐਲਾਨ ਕਰ ਦਿੱਤਾ ਗਿਆ। ਪਹਿਲਾਂ ਵੀ ਇਨ੍ਹਾਂ ਕਿਤਾਬਾਂ ਬਾਰੇ ਕਾਫੀ ਵਿਵਾਦ ਪੈਦਾ ਹੋ ਗਿਆ

ਬਾਕੀ ਸ਼ਫ਼ਾ 30 'ਤੇ

# ਮੀ-ਟੂ : ਪੰਜਾਬ ਸਰਕਾਰ ਦੇ 'ਚੰਨ' ਉਤੇ ਲੱਗਿਆ ਬਦਨਾਮੀ ਦਾ ਦਾਗ

**ਚੰਡੀਗੜ੍ਹ/ਬਿਊਰੋ ਨਿਊਜ਼ :** ਮੋਬਾਇਲ ਫੋਨ ਉਤੇ ਦਿਲਲਗੀ ਬਹੁਤਿਆਂ ਨੂੰ ਕਈ ਵਾਰ ਮਹਿੰਗੀ ਪੈਂਦੀ ਦੇਖੀ ਹੈ। ਇਹ ਕਈ ਵਾਰ ਤਖਤੋ-ਤਾਜ ਤਕ ਮਿੱਟੀ ਵਿਚ ਮਿਲਾ ਦਿੰਦੀ ਹੈ। ਅਜਿਹਾ ਇਤਿਹਾਸ ਵਿਚ ਅਕਸਰ ਵਾਪਰਦਾ ਰਿਹਾ ਹੈ। ਹੁਣ "ਮੀ-ਟੂ" ਦਾ ਜ਼ਮਾਨਾ ਸ਼ੁਰੂ ਹੋ ਗਿਆ ਹੈ, ਜੋ ਜ਼ਿਆਦਾ ਹੀ ਖਤਰਨਾਕ ਹੈ।
ਪੰਜਾਬ ਦੇ ਇੱਕ ਮੰਤਰੀ ਵੱਲੋਂ ਅੱਧੀ ਰਾਤ ਸਮੇਂ ਮਹਿਲਾ ਆਈਏਐਸ ਅਫ਼ਸਰ ਨੂੰ 'ਵਟਸ ਐਪ' ਰਾਹੀਂ ਭੇਜੇ ਸ਼ੇਅਰ ਮਹਿੰਗੇ ਪੈਣ ਲੱਗੇ ਹਨ। ਇਹ ਘਟਨਾ ਵਾਪਰੇ ਨੂੰ ਭਾਵੇਂ ਕਾਫ਼ੀ ਸਮਾਂ ਹੋ ਗਿਆ ਹੈ ਪਰ ਕੌਮਾਂਤਰੀ ਪੱਧਰ 'ਤੇ "ਮੀ-ਟੂ" ਮੁਹਿੰਮ ਤਹਿਤ ਔਰਤਾਂ ਵੱਲੋਂ ਆਪਣੇ ਨਾਲ ਵਾਪਰੀਆਂ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਤੋਂ ਪਰਦਾ ਚੁੱਕੇ ਜਾਣ ਨਾਲ ਮੰਤਰੀ ਦੀ ਕੁਰਸੀ ਖ਼ਤਰੇ ਵਿੱਚ ਜਾਪਦੀ ਹੈ। ਇਸ ਘਟਨਾ ਨਾਲ ਕਾਂਗਰਸ ਦੀ ਅੰਦਰੂਨੀ ਖਾਨਾਜੰਗੀ ਵੀ ਸਾਹਮਣੇ ਆ ਗਈ ਹੈ।
ਭਰੋਸੇਯੋਗ ਸੂਤਰਾਂ ਦਾ ਦੱਸਣਾ ਹੈ ਕਿ ਮੰਤਰੀ ਵੱਲੋਂ ਮਹਿਲਾ ਅਧਿਕਾਰੀ ਨੂੰ ਅੱਧੀ ਰਾਤ ਸਮੇਂ ਸ਼ੇਅਰ ਭੇਜੇ ਗਏ ਤੇ ਮਹਿਲਾ ਨੇ ਤੁਰੰਤ ਮੋੜਵਾਂ ਜਵਾਬ ਦਿੰਦਿਆਂ ਕਿਹਾ, "ਮੈਨੂੰ ਇਸ ਤਰ੍ਹਾਂ ਦੇ ਸੰਦੇਸ਼ ਨਾ ਭੇਜੇ ਜਾਣ ਕਿਉਂਕਿ ਮੈਂ ਅਸਹਿਜ ਮਹਿਸੂਸ ਕਰਦੀ ਹਾਂ।" ਇਸ ਤੋਂ ਬਾਅਦ ਮੰਤਰੀ ਚੁੱਪ ਹੋ ਗਿਆ ਤੇ ਅੱਗੋਂ ਕੋਈ ਹੋਰ ਸੰਦੇਸ਼ ਨਹੀਂ ਭੇਜਿਆ। ਇਸ ਮਹਿਲਾ ਅਧਿਕਾਰੀ ਨੇ ਆਪਣੇ ਸਾਥੀ ਅਧਿਕਾਰੀਆਂ ਨਾਲ ਘਟਨਾ ਸਾਂਝੀ ਕਰਦਿਆਂ ਕਿਹਾ ਕਿ ਜਦੋਂ ਕੋਈ ਵਿਅਕਤੀ, ਜਿਸ ਨੂੰ ਤੁਸੀਂ ਜਾਣਦੇ ਨਹੀਂ ਤੇ ਨਾ ਹੀ ਕੋਈ ਦੋਸਤੀ ਤੇ ਰਿਸ਼ਤਾ ਹੈ, ਜਦੋਂ ਇਸ ਤਰ੍ਹਾਂ ਦਾ ਸੰਦੇਸ਼ ਕਿਸੇ ਔਰਤ ਨੂੰ ਭੇਜੇਗਾ ਤਾਂ ਸੁਭਾਵਿਕ ਤੌਰ 'ਤੇ ਬੁਰਾ ਲਗਦਾ ਹੈ, ਜੋ ਮੈਨੂੰ ਵੀ ਲੱਗਿਆ। ਮਗਰੋਂ ਇਸ ਮਹਿਲਾ ਅਧਿਕਾਰੀ ਨੇ ਸਾਰਾ ਮਾਮਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਧਿਆਨ ਵਿੱਚ ਲਿਆਂਦਾ। ਇਥੇ ਅਹਿਮ ਗੱਲ ਇਹ ਹੈ ਕਿ ਮੁੱਖ ਮੰਤਰੀ ਨੇ ਮਾਮਲਾ ਧਿਆਨ ਵਿੱਚ ਆਉਣ ਤੋਂ ਬਾਅਦ ਵੀ ਕੁਝ ਨਹੀਂ ਕੀਤਾ। ਸੀਨੀਅਰ ਅਧਿਕਾਰੀਆਂ ਨੇ ਏਨਾ ਜ਼ਰੂਰ ਕਿਹਾ ਕਿ ਕਿਸੇ ਮਹਿਲਾ ਨੂੰ ਅੱਧੀ ਰਾਤ ਸਮੇਂ ਸੰਦੇਸ਼ ਭੇਜਣਾ ਜਾਂ ਫੋਨ ਕਰਨਾ ਚੰਗੀ ਗੱਲ ਨਹੀਂ। ਪ੍ਰਸ਼ਾਸਕੀ ਹਲਕਿਆਂ ਵਿਚ ਮੰਤਰੀ ਬਨਾਮ ਆਈਏਐਸ ਅਫ਼ਸਰ ਦਾ ਇਹ ਮਾਮਲਾ ਚਰਚਾ ਦਾ ਵਿਸ਼ਾ ਹੈ। ਇੱਕ ਸੀਨੀਅਰ ਆਈਏਐਸ ਅਧਿਕਾਰੀ ਨੇ ਦੱਸਿਆ ਕਿ ਇਸ ਮੰਤਰੀ ਦੇ ਵਿਧਾਨ ਸਭਾ ਹਲਕੇ ਨਾਲ ਹੀ ਸਬੰਧਤ ਮਹਿਲਾ ਮੁਲਾਜ਼ਮ ਨੇ ਕੁਝ ਦੇਰ ਪਹਿਲਾਂ ਇਸ ਮੰਤਰੀ ਕੋਲ ਆਪਣੀ ਹਲਕੇ ਤੋਂ ਬਾਹਰ ਤਬਦੀਲੀ ਦੀ ਮੰਗ ਕੀਤੀ ਸੀ। ਉਸ ਮਹਿਲਾ ਮੁਲਾਜ਼ਮ ਅਨੁਸਾਰ ਉਹ ਮੰਤਰੀ ਦੀਆਂ ਕੁਝ ਹਰਕਤਾਂ ਤੋਂ ਪ੍ਰੇਸ਼ਾਨ ਸੀ। ਇਨ੍ਹਾਂ ਘਟਨਾਵਾਂ ਤੋਂ ਇਹ ਪ੍ਰਭਾਵ ਜਾਂਦਾ ਹੈ ਕਿ ਇਹ ਮੰਤਰੀ ਰੰਗੀਨ ਮਿਜ਼ਾਜ ਹੈ। ਹਾਕਮ ਪਾਰਟੀ ਦੇ ਸੂਤਰਾਂ ਦਾ ਦੱਸਣਾ ਹੈ ਕਿ ਕਾਂਗਰਸ ਦੇ ਇੱਕ ਧੜੇ ਵੱਲੋਂ ਇਸ ਮਾਮਲੇ 'ਤੇ ਮੰਤਰੀ ਨੂੰ ਘੇਰਿਆ ਜਾ ਰਿਹਾ ਹੈ। ਮੀਡੀਆ ਵਿੱਚ ਇਸ ਮਾਮਲੇ ਦਾ ਖੁਲਾਸਾ ਅਜਿਹੇ ਸਮੇਂ ਹੋਇਆ ਹੈ, ਜਦੋਂ ਮੁੱਖ ਮੰਤਰੀ ਵਿਦੇਸ਼ ਦੌਰੇ 'ਤੇ ਹਨ।
ਪੰਜਾਬ ਸਰਕਾਰ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਵਿਵਾਦਾਂ ਵਿੱਚ ਘਿਰਿਆ ਮੰਤਰੀ ਅਕਸਰ ਮੁੱਖ ਮੰਤਰੀ ਦੀਆਂ ਅੱਖਾਂ ਵਿੱਚ ਰੜਕਦਾ ਹੈ ਤੇ ਇੱਕ ਵਾਰੀ ਤਾਂ ਬਹੁਗਿਣਤੀ ਮੰਤਰੀਆਂ ਨੇ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਵੀ ਇਸ ਮੰਤਰੀ ਦੇ ਵਿਹਾਰ ਦੀ ਆਲੋਚਨਾ ਕੀਤੀ ਸੀ। ਉਂਜ ਇਹ ਮੰਤਰੀ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦਾ ਕਰੀਬੀ ਮੰਨਿਆ ਜਾਂਦਾ ਹੈ ਤੇ ਸ੍ਰੀ ਗਾਂਧੀ ਨੇ ਜ਼ੋਰ ਦੇ ਕੇ ਮੰਤਰੀ ਨੂੰ ਕੁਰਸੀ ਦਿਵਾਈ ਸੀ। ਸੂਤਰਾਂ ਦਾ ਦੱਸਣਾ ਹੈ ਕਿ ਇਹ ਮਹਿਲਾ ਅਧਿਕਾਰੀ ਜਦੋਂ ਮੰਤਰੀ ਦੇ ਇਲਾਕੇ ਵਿੱਚ ਤਾਇਨਾਤ ਸੀ ਤਾਂ ਉਦੋਂ ਵੀ ਇਸ ਮੰਤਰੀ (ਉਦੋਂ ਵਿਧਾਇਕ ਸੀ) ਦੀਆਂ ਹਰਕਤਾਂ ਇਸ ਮਹਿਲਾ ਲਈ ਬਰਦਾਸ਼ਤ ਤੋਂ ਬਾਹਰ ਸਨ। ਕਾਂਗਰਸ ਦੇ ਇੱਕ ਸੀਨੀਅਰ ਆਗੂ ਦਾ ਕਹਿਣਾ ਹੈ ਕਿ



ਮਹਿਲਾ ਅਧਿਕਾਰੀ ਨਾਲ ਇਹ ਹਰਕਤ ਮੰਤਰੀ ਦੀ ਕੁਰਸੀ ਲਈ ਖ਼ਤਰਾ ਬਣ ਗਈ ਹੈ। ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੇ ਮੰਤਰੀ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਦੇ ਨਵੰਬਰ ਦੇ ਪਹਿਲੇ ਹਫ਼ਤੇ ਪਰਤਣ ਤੱਕ ਇਹ ਮਾਮਲਾ ਭਖਣ ਦੇ ਆਸਾਰ ਹਨ। ਦਬੀ ਜ਼ਬਾਨ ਵਿਚ ਤਾਂ ਮੰਤਰੀ ਦੀ ਅਹੁਦੇ ਤੋਂ ਛੁੱਟੀ ਤੈਅ ਮੰਨੀ ਜਾ ਰਹੀ ਹੈ।
**ਅਮਰਿੰਦਰ ਬੋਲਿਆ, ਮਾਮਲਾ ਸੁਲਝ ਚੁੱਕਾ ਹੈ :** ਉਧਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਜ਼ਰਾਈਲ ਦੀ ਰਾਜਧਾਨੀ ਤਲ ਅਵੀਵ ਤੋਂ ਜਾਰੀ ਕੀਤੇ ਬਿਆਨ ਵਿੱਚ ਕਿਹਾ ਕਿ ਮੰਤਰੀ ਵੱਲੋਂ ਮਹਿਲਾ ਸਰਕਾਰੀ ਅਫ਼ਸਰ ਨੂੰ ਇਤਰਾਜ਼ਯੋਗ ਸੰਦੇਸ਼ ਭੇਜਣ ਸਬੰਧੀ ਮਾਮਲੇ ਨੂੰ ਪਹਿਲਾਂ ਹੀ ਸੰਜੀਦਗੀ ਨਾਲ ਲਿਆ ਜਾ ਚੁੱਕਾ ਹੈ ਅਤੇ ਉਨ੍ਹਾਂ ਦੀ ਜਾਣਕਾਰੀ ਮੁਤਾਬਕ ਅਫ਼ਸਰ ਦੀ ਸੰਤੁਸ਼ਟੀ ਅਨੁਸਾਰ ਇਹ ਮਾਮਲਾ ਹੱਲ ਕੀਤਾ ਜਾ ਚੁੱਕਾ ਹੈ। ਮੁੱਖ ਮੰਤਰੀ ਨੇ ਇਸ ਘਟਨਾ ਬਾਰੇ ਮੀਡੀਆ ਵਿੱਚ ਆਈਆਂ ਰਿਪੋਰਟਾਂ ਬਾਰੇ ਕਿਹਾ, "ਇਹ ਮਾਮਲਾ ਕੁਝ ਹਫਤੇ ਪਹਿਲਾਂ ਮੇਰੇ ਧਿਆਨ ਵਿੱਚ ਲਿਆਂਦਾ ਗਿਆ ਸੀ ਅਤੇ ਮੈਂ ਮੰਤਰੀ ਨੂੰ ਮੁਆਫੀ ਮੰਗਣ ਅਤੇ ਮਹਿਲਾ ਅਫ਼ਸਰ ਨਾਲ ਇਸ ਮਾਮਲੇ ਨੂੰ ਨਿਪਟਾਉਣ ਲਈ ਆਖਿਆ ਸੀ। ਮੈਂ ਸਮਝਦਾ ਹਾਂ ਕਿ ਅਫਸਰ ਦੀ ਸੰਤੁਸ਼ਟੀ ਮੁਤਾਬਕ ਮੰਤਰੀ ਨੇ ਅਜਿਹਾ ਹੀ ਕੀਤਾ ਜਿਸ ਕਰਕੇ ਮਾਮਲਾ ਸੁਲਝ ਗਿਆ ਹੈ।"
**ਮੰਤਰੀ ਚੰਨੀ ਨੇ ਸਫਾਈ ਵਿਚ ਖੇਡਿਆ ਦਲਿਤ ਪੱਤਾ :** ਉਧਰ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਖਿਆ ਕਿ ਵਿਰੋਧੀ ਪਾਰਟੀਆਂ ਉਸ ਨੂੰ ਇਸ ਲਈ ਨਿਸ਼ਾਨਾ ਬਣਾ ਰਹੀਆਂ ਹਨ ਕਿਉਂਕਿ ਉਸ ਨੇ ਰਾਜ ਵਿਚ ਦਲਿਤਾਂ ਨਾਲ ਜੁੜੇ ਮੁੱਦੇ ਉਠਾਏ ਸਨ। ਵਿਦੇਸ਼ ਤੋਂ ਪਰਤਦਿਆਂ ਚਮਕੌਰ ਸਾਹਿਬ ਵਿਖੇ ਪਹਿਲੀ ਵਾਰ ਇਸ ਮੁੱਦੇ 'ਤੇ ਮੀਡੀਆ ਸਾਹਮਣੇ ਆਪਣਾ ਪੱਖ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਉਨ੍ਹਾਂ ਨੂੰ ਬਦਨਾਮ ਕਰਨ ਲਈ ਜਾਣ ਬੁੱਝ ਕੇ ਇਹ ਮਾਮਲਾ ਖੜ੍ਹਾ ਕੀਤਾ ਹੈ ਜਦਕਿ ਗ਼ਲਤੀ ਨਾਲ ਭੇਜੇ ਗਏ ਸੰਦੇਸ਼ ਸਬੰਧੀ ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਵਿੱਚ ਸਬੰਧਤ ਮਹਿਲਾ ਆਈਏਐੱਸ ਅਧਿਕਾਰੀ ਨੂੰ ਸਥਿਤੀ ਸਪੱਸ਼ਟ ਕਰ ਕੇ ਪਹਿਲਾਂ ਹੀ ਮੁਆਫ਼ੀ ਮੰਗ ਲਈ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਵਿਧਾਨ ਸਭਾ ਵਿਚ ਦਲਿਤਾਂ ਅਤੇ ਬੇਅਦਬੀ ਕਾਂਡ ਨਾਲ ਜੁੜੇ ਮੁੱਦਿਆਂ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ ਸੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ਉਨ੍ਹਾਂ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਗ਼ੈਰਹਾਜ਼ਰੀ ਵਿਚ ਮਾਮਲੇ ਨੂੰ ਭੜਕਾ ਕੇ ਬਿਨਾ ਅੱਗ ਤੋਂ ਧੂੰਆਂ ਉਠਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ੍ਰੀ ਚੰਨੀ ਨੇ ਇਹ ਵੀ ਦਾਅਵਾ ਕੀਤਾ ਕਿ ਐਸਐਮਐਸ ਅਸ਼ਲੀਲ ਨਹੀਂ ਸੀ ਜੋ ਉਨ੍ਹਾਂ ਨੂੰ ਵੀ ਕਿਸੇ ਵੱਲੋਂ ਭੇਜਿਆ ਗਿਆ ਸੀ ਅਤੇ ਉਨ੍ਹਾਂ ਵੱਲੋਂ ਅੱਗੇ ਕਈਆਂ ਨੂੰ ਭੇਜਿਆ ਗਿਆ।
**ਰਾਜ ਮਹਿਲਾ ਕਮਿਸ਼ਨ ਨੇ ਵੀ ਦਿੱਤੀ "ਮਿੱਠੀ" ਘੁਰਕੀ :** ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸ੍ਰੀਮਤੀ ਮਨੀਸ਼ਾ ਗੁਲਾਟੀ ਨੇ ਕਿਹਾ ਕਿ ਮੋਬਾਈਲ ਫੋਨ, ਕੰਪਿਊਟਰ ਜਾਂ ਲੈਂਡਲਾਈਨ ਫੋਨ ਉਤੇ ਦਫ਼ਤਰੀ ਸਮੇਂ ਜਾਂ ਇਸ ਤੋਂ ਬਾਅਦ ਪੁਰਸ਼ ਮੁਲਾਜ਼ਮਾਂ ਵੱਲੋਂ ਆਪਣੀ ਜੂਨੀਅਰ ਜਾਂ ਸੀਨੀਅਰ ਮਹਿਲਾ ਮੁਲਾਜ਼ਮ ਨੂੰ ਕਿਸੇ ਵੀ ਤਰਾਂ ਦੇ ਇਤਰਾਜ਼ਯੋਗ ਸੰਦੇਸ਼ ਭੇਜਣ ਨੂੰ ਕਮਿਸ਼ਨ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਨੇ ਸੂਬੇ ਦੇ ਇਕ ਮੰਤਰੀ ਵੱਲੋਂ ਇਕ ਮਹਿਲਾ ਅਧਿਕਾਰੀ ਨੂੰ ਇਤਰਾਜ਼ਯੋਗ ਮੈਸੇਜ ਭੇਜਣ ਦੇ ਮਾਮਲੇ 'ਚ ਆਪਣੇ ਤੌਰ 'ਤੇ ਨੋਟਿਸ ਲੈ ਕੇ ਕਾਰਵਾਈ ਤੋਂ ਇਨਕਾਰ ਕੀਤਾ ਹੈ।

# ਆਮ ਆਦਮੀ ਪਾਰਟੀ ਵੱਲੋਂ ਪੰਜਾਬ 'ਚ ਅਗਾਮੀ ਲੋਕ ਸਭਾ ਚੋਣਾਂ ਲਈ ਪੰਜ ਉਮੀਦਵਾਰਾਂ ਦਾ ਐਲਾਨ

**ਚੰਡੀਗੜ੍ਹ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ (ਆਪ) ਨੇ ਸਭ ਤੋਂ ਪਹਿਲਾਂ ਸਾਲ 2019 ਦੀਆਂ ਲੋਕ ਸਭਾ ਚੋਣਾਂ ਲਈ ਆਪਣੇ ਪੰਜ ਉਮੀਦਵਾਰਾਂ ਦਾ ਐਲਾਨ ਕਰਕੇ ਚੋਣ ਮੁਹਿੰਮ ਦਾ ਬਿਗਲ ਵਜਾ ਦਿੱਤਾ ਹੈ। ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਦੀ ਅਗਵਾਈ ਹੇਠ ਬਣੀ 22 ਮੈਂਬਰੀ ਕੋਰ ਕਮੇਟੀ ਨੇ ਲੋਕ ਸਭਾ ਚੋਣਾਂ ਲਈ ਕੁੱਲ 13 ਸੀਟਾਂ ਵਿੱਚੋਂ 5 ਹਲਕਿਆਂ ਲਈ ਉਮੀਦਵਾਰਾਂ ਦੀ ਚੋਣ ਕਰ ਲਈ ਹੈ ਜਿਸ ਉਪਰ ਕੇਂਦਰੀ ਸਿਆਸੀ ਮਾਮਲਿਆਂ ਦੀ ਕਮੇਟੀ (ਪੀਏਸੀ) ਦੀ ਰਸਮੀ ਮੋਹਰ ਲੁਆ ਕੇ ਬਕਾਇਦਾ ਐਲਾਨ



ਭਗਵੰਤ ਮਾਨ | ਪ੍ਰੋ: ਸਾਧੂ ਸਿੰਘ | ਨਰਿੰਦਰ ਸਿੰਘ ਸ਼ੇਰਗਿੱਲ | ਕੁਲਦੀਪ ਸਿੰਘ ਧਾਲੀਵਾਲ | ਡਾ: ਰਵਜੋਤ ਸਿੰਘ

ਕੀਤਾ ਜਾਵੇਗਾ।
ਪਾਰਟੀ ਨੇ ਮੌਜੂਦਾ ਸੰਸਦ ਮੈਂਬਰ ਤੇ ਪਾਰਟੀ ਦੇ ਮੁੱਖ ਆਗੂ ਭਗਵੰਤ ਮਾਨ ਨੂੰ ਮੁੜ ਸੰਗਰੂਰ ਹਲਕੇ ਤੋਂ ਅਤੇ ਸੰਸਦ ਮੈਂਬਰ ਪ੍ਰੋਫੈਸਰ ਸਾਧੂ ਸਿੰਘ ਨੂੰ ਵੀ ਮੁੜ ਫਰੀਦਕੋਟ ਹਲਕੇ ਤੋਂ ਹੀ ਚੋਣ ਲੜਾਉਣ ਦਾ ਫੈਸਲਾ ਕੀਤਾ ਹੈ। ਮਾਝਾ ਜ਼ੋਨ ਦੇ ਪ੍ਰਧਾਨ ਕੁਲਦੀਪ ਧਾਲੀਵਾਲ ਨੂੰ ਲੋਕ ਸਭਾ ਹਲਕਾ ਅੰਮ੍ਰਿਤਸਰ, ਪਾਰਟੀ ਦੇ ਜਨਰਲ ਸਕੱਤਰ ਤੇ ਵਿੱਤ ਕਮੇਟੀ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ ਨੂੰ ਹਲਕਾ ਸ੍ਰੀ ਆਨੰਦਪੁਰ ਸਾਹਿਬ ਅਤੇ ਦੋਆਬਾ ਜ਼ੋਨ ਦੇ ਪ੍ਰਧਾਨ ਡਾਕਟਰ ਰਵਜੋਤ ਨੂੰ ਹਲਕਾ ਹੁਸ਼ਿਆਰਪੁਰ ਤੋਂ ਚੋਣ ਲੜਾਈ ਜਾ ਰਹੀ ਹੈ। ਪਤਾ ਲੱਗਾ ਹੈ ਕਿ ਪੰਜਾਬ ਇਕਾਈ ਦੀ ਕੋਰ ਕਮੇਟੀ ਦੀ ਪਿਛਲੇ ਦਿਨੀਂ ਚੰਡੀਗੜ੍ਹ ਵਿਚ ਹੋਈ ਮੀਟਿੰਗ ਵਿੱਚ ਹਲਕਾ ਫਤਿਹਗੜ੍ਹ ਸਾਹਿਬ ਲਈ ਵੀ ਉਮੀਦਵਾਰ ਚੁਣਨ ਦਾ ਫੈਸਲਾ ਲਿਆ ਸੀ ਪਰ ਫਿਲਹਾਲ ਇਸ ਹਲਕੇ ਲਈ ਉਮੀਦਵਾਰ ਦੇ ਨਾਮ ਨੂੰ ਅੰਤਿਮ ਰੂਪ ਨਹੀਂ ਦਿੱਤਾ ਜਾ ਸਕਿਆ। ਸੂਤਰਾਂ ਅਨੁਸਾਰ ਕੋਰ ਕਮੇਟੀ ਨੇ ਹਰੇਕ ਹਲਕੇ ਲਈ ਉਮੀਦਵਾਰ ਵਾਸਤੇ 2 ਜਾਂ 3 ਨਾਵਾਂ ਦੀ ਸਿਫਾਰਸ਼ ਕੇਂਦਰੀ ਪੀਏਸੀਪੀ ਨੂੰ ਕੀਤੀ ਸੀ ਅਤੇ ਕੇਂਦਰੀ ਮੁੱਖ ਲੀਡਰਸ਼ਿਪ ਨੇ ਪੰਜਾਬ ਦੇ ਮੁੱਖ ਆਗੂਆਂ ਨਾਲ ਸਲਾਹ ਮਸ਼ਵਰਾ ਕਰ ਕੇ ਸਾਫ ਕਰ ਦਿੱਤਾ ਸੀ ਕਿ ਸਿਫਾਰਸ਼ ਕੀਤੇ ਨਾਵਾਂ ਵਿੱਚੋਂ ਹੀ ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ। ਸੂਤਰਾਂ ਅਨੁਸਾਰ ਕੇਂਦਰੀ ਲੀਡਰਸ਼ਿਪ ਨੇ ਪੰਜਾਬ ਦੀ ਲੀਡਰਸ਼ਿਪ ਨੂੰ ਪਹਿਲਾਂ ਹੀ ਸਪਸ਼ਟ ਕਰ ਦਿੱਤਾ ਸੀ ਕਿ ਪੀਏਸੀਪੀ ਵੱਲੋਂ ਸਿਫਾਰਸ਼ ਕੀਤੇ ਨਾਵਾਂ ਵਿੱਚੋਂ ਹੀ ਉਮੀਦਵਾਰ ਚੁਣੇ ਜਾਣਗੇ ਅਤੇ ਇਨ੍ਹਾਂ ਨਾਵਾਂ ਤੋਂ ਇਲਾਵਾ ਆਪਣੇ ਪੱਧਰ 'ਤੇ ਕਿਸੇ ਬਾਹਰੀ ਵਿਅਕਤੀ ਨੂੰ ਉਮੀਦਵਾਰ ਨਹੀਂ ਚੁਣਿਆ ਜਾਵੇਗਾ।


ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ

**ਸੈਨਹੋਜ਼ੇ/ਪ੍ਰਮਿੰਦਰ ਸਿੰਘ ਪ੍ਰਵਾਨਾ**

ਪੰਜਾਬੀ ਕਵੀਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਿੱਖ ਗੁਰਦੁਆਰਾ ਸੈਨਹੋਜ਼ੇ 3636, Murilo Ave/Gurdwara Road, Sanjose, CA 95148 ਵਿਖੇ ਸਜਾਇਆ ਗਿਆ। ਇਸ ਮੌਕੇ ਸਿੱਖ ਇਤਿਹਾਸ ਉਤੇ ਰੌਸ਼ਨੀ ਪਾਈ ਗਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਦੀਵੀ ਗੁਰੂ ਹਨ। ਇਹ ਇਕ ਅਜਿਹਾ ਗ੍ਰੰਥ ਹੈ, ਜਿਸ ਨੂੰ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ, ਜਿਸ ਦੀ ਸਿੱਖਿਆ ਸਮੁੱਚੀ ਮਾਨਵਤਾ ਲਈ ਹੈ। ਸਾਰੀ ਸਿੱਖਿਆ ਅਧਿਆਤਮਕ ਜਨ ਕਲਿਆਣ ਵਾਸਤੇ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਵਨਾ, ਚਿੰਤਨ ਅਤੇ ਦ੍ਰਿਸ਼ਟੀਕੋਣ ਵਿਸ਼ਵ ਵਿਆਪੀ ਹੈ। ਅਕਤੂਬਰ 20 ਸੰਨ1708 ਨੂੰ ਦਸਮ ਪਿਤਾ ਜੀ ਦੇ ਜੋਤੀ ਜੋਤਿ ਸਮਾਉਣ ਵੇਲੇ ਨਾਂਦੇੜ ਸਾਹਿਬ ਵਿਖੇ ਗੁਰਿਆਈ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪੀ ਗਈ ਅਤੇ ਸਭ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਤੇ ਚੱਲਣ ਦਾ ਆਦੇਸ਼ ਦਿੱਤਾ। ਇਸ ਤਰ੍ਹਾਂ ਗੁਰੂ ਸਾਹਿਬ ਨੇ ਸਾਨੂੰ ਦੇਹਧਾਰੀ ਗੁਰੂ ਅਤੇ ਮੂਰਤੀ ਪੂਜਾ ਤੋਂ ਹਟਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ।

ਉਪਰੰਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ, ਜਿਸ ਵਿਚ ਤੇਜਿੰਦਰ ਸਿੰਘ ਗਰੇਵਾਲ, ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਕਵੀਆਂ ਨੇ ਗੁਰਮਤਿ ਆਸ਼ੇ ਅਨੁਸਾਰ ਕਵਿਤਾਵਾਂ ਕਹਿ ਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਟੇਜ ਸਕੱਤਰ ਨੇ ਧੰਨਵਾਦੀ ਸ਼ਬਦ ਕਹਿੰਦਿਆਂ ਪ੍ਰੋਗਰਾਮ ਦੀ ਸਫ਼ਲਤਾ ਉਤੇ ਖੁਸ਼ੀ ਪ੍ਰਗਟਾਈ। ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿਚ ਭਾਈ ਸੁਖਦੇਵ ਸਿੰਘ ਅਤੇ ਭਾਈ ਪ੍ਰੀਤਮ ਸਿੰਘ ਗਰੇਵਾਲ ਦਾ ਪੂਰਨ ਸਹਿਯੋਗ ਰਿਹਾ।

# ਸ਼੍ਰੋਮਣੀ ਅਕਾਲੀ ਦਲ (ਅ) ਅਮਰੀਕਾ ਵਲੋਂ ਯੂਬਾ ਸਿਟੀ ਕੈਲੀਫੋਰਨੀਆ ਦੇ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ ਜਾਏਗੀ

**ਸ਼ਿਕਾਗੋ/ਮੱਖਣ ਸਿੰਘ ਕਲੇਰ**

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਯੂਬਾ ਸਿਟੀ ਕੈਲੀਫੋਰਨੀਆ ਵਿਖੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ ਜਾਏਗੀ। ਇਸ ਨਗਰ ਕੀਰਤਨ ਵਿੱਚ ਵਿਸ਼ੇਸ਼ ਤੌਰ 'ਤੇ ਜਿੱਥੇ ਸਮੁੱਚੀ ਕੇਂਦਰੀ ਕਮੇਟੀ ਸ਼ਾਮਿਲ ਹੋਏਗੀ, ਉਥੇ ਹੀ ਨਿਊਯਾਰਕ ਤੋਂ ਪਾਰਟੀ ਪ੍ਰਧਾਨ ਸ. ਸੁਰਜੀਤ ਸਿੰਘ ਕੁਲਾਰ, ਕਨਵੀਨਰ ਸ. ਬੂਟਾ ਸਿੰਘ ਖੜੌਂਦ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਸਕੱਤਰ ਜਨਰਲ ਰੁਪਿੰਦਰ ਸਿੰਘ ਬਾਠ ਤੇ ਜਨਰਲ ਸਕੱਤਰ ਮੱਖਣ ਸਿੰਘ ਕਲੇਰ ਵਿਸ਼ੇਸ਼ ਤੌਰ ਉਤੇ ਪਹੁੰਚ ਰਹੇ ਹਨ।ਇਸ ਤੋਂ ਇਲਾਵਾ ਪਾਰਟੀ ਦੇ ਮੀਤ ਪ੍ਰਧਾਨ ਪਵਨ ਸਿੰਘ ਵਰਜੀਨੀਆ ਤੇ ਇੰਦਰਪਾਲ ਸਿੰਘ ਸਿਆਟਲ ਤੇ ਸ਼ਿਕਾਗੋ ਯੂਨਿਟ ਦੇ ਪ੍ਰਧਾਨ ਲਖਵੀਰ ਸਿੰਘ ਕੰਗ ਵੀ ਪਹੁੰਚ ਰਹੇ ਹਨ। ਕੈਲੀਫੋਰਨੀਆ ਯੂਨਿਟ ਦੇ ਪ੍ਰਧਾਨ ਸ. ਤਰਸੇਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਪਾਰਟੀ ਵਲੋਂ 3 ਨਵੰਬਰ ਸ਼ਨਿੱਚਰਵਾਰ ਨੂੰ 1ਵਜੇ ਤੋਂ ਲੈ ਕੇ 4 ਵਜੇ ਤਕ the taj fine Indian cuisine 1400 whyler road yuba city ca 95993 ਵਿਖੇ ਕਾਨਫਰੰਸ ਕੀਤੀ ਜਾਵੇਗੀ। ਇਸ ਵਿੱਚ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਆਪਣੇ ਵਿਚਾਰ ਰੱਖੇਗੀ ਤੇ ਪਾਰਟੀ ਦੀਆਂ ਗਤੀਵਿਧੀਆਂ ਤੋਂ ਵੀ ਜਾਣੂ ਕਰਵਾਇਆ ਜਾਵੇਗਾ। ਉਸ ਤੋਂ ਇਲਾਵਾ ਨਵੇਂ ਮੈਂਬਰਾਂ ਨੂੰ ਆਈਡੀ ਕਾਰਡ ਦਿੱਤੇ ਜਾਣਗੇ। 4 ਨਵੰਬਰ ਐਤਵਾਰ ਨੂੰ ਪਾਰਟੀ ਵਲੋਂ ਵਿਸ਼ੇਸ਼ ਤੌਰ ਉਤੇ ਫਲੋਟ ਲਾਇਆ ਜਾਵੇਗਾ, ਜਿਸ ਵਿਚ ਕੌਮੀ ਸ਼ਹੀਦਾਂ ਦੀਆਂ ਤਸਵੀਰਾਂ, ਬਰਗਾੜੀ ਮੋਰਚੇ ਨੂੰ ਸਮਰਪਤ ਬੈਨਰ ਅਤੇ ਪਾਰਟੀ ਦੇ ਬੈਨਰ ਲਾਏ ਜਾਣਗੇ। ਇਨ੍ਹਾਂ ਸਮਾਗਮਾਂ ਪ੍ਰਤੀ ਹੋਰ ਜਾਣਕਾਰੀ ਲੈਣ ਵਾਸਤੇ ਸ. ਤਰਸੇਮ ਸਿੰਘ ਨੂੰ 1-559-331-1326 ਅਤੇ ਸ. ਅਰਵਿੰਦਰ ਸਿੰਘ ਨੂੰ 1-951-801-9996 ਉਤੇ ਅਤੇ ਰੁਮਿੰਦਰਜੀਤ ਸਿੰਘ ਮਿੰਟੂ ਨੂੰ 1-209-328-5449 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬੀ ਟਰੱਕ ਡਰਾਇਵਰ ਡਰੱਗ ਸਮੇਤ ਗ੍ਰਿਫ਼ਤਾਰ

**ਵਿਗੋ ਕਾਊਂਟੀ, ਇੰਡੀਆਨਾ/ਬਿਊਰੋ ਨਿਊਜ਼** : ਸਥਾਨਕ ਪੁਲਿਸ ਨੇ ਚੈਕਿੰਗ ਦੌਰਾਨ ਇਕ ਪੰਜਾਬੀ ਰਵਿੰਦਰ ਸਿੰਘ ਕਲੇਰ ਦੇ ਟਰੱਕ ਵਿਚੋਂ ਭਾਰੀ ਮਾਤਰਾ ਵਿਚ ਨਸ਼ੀਲੇ ਪਦਾਰਥ ਫੜੇ ਹਨ। ਪੁਲਿਸ ਨੇ ਬੇਕਰਜ਼ਫੀਲਡ ਦੇ ਰਹਿਣ ਵਾਲੇ ਰਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮਿਲੀ ਜਾਣਕਾਰੀ ਅਨੁਸਾਰ ਪੁਲਿਸ ਨੇ ਇਸ ਕਮਰਸ਼ੀਅਲ ਮਾਲ ਢੋਣ ਵਾਲੇ ਟਰੱਕ ਟਰੇਲਰ ਨੂੰ ਆਮ ਰੁਟੀਨ ਚੈਕਿੰਗ ਲਈ ਰੋਕਿਆ ਤਾਂ ਕੁਝ ਸ਼ੱਕੀ ਸੰਕੇਤ ਮਿਲੇ। ਇਸ ਤੋਂ ਬਾਅਦ ਗਹਿਰੀ ਛਾਣਬੀਣ ਤੋਂ ਬਾਅਦ 220 ਪਾਊਂਡ ਕੋਕੀਨ ਅਤੇ 65 ਪਾਊਂਡ ਹੋਰ ਨਸ਼ੀਲੇ ਪਦਾਰਥ ਮਿਲੇ। ਅੰਤਰਰਾਸ਼ਟਰੀ ਮਾਰਕਿਟ ਵਿਚ ਇਸ ਦੀ ਕੀਮਤ 5 ਮਿਲੀਅਨ ਡਾਲਰ ਦੱਸੀ ਜਾਂਦੀ ਹੈ। ਇਹ ਟਰੱਕ ਕੈਲੀਫੋਰਨੀਆ ਤੋਂ ਓਹਾਇਓ ਜਾ ਰਿਹਾ ਸੀ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਸ. ਸਰਵਣ ਸਿੰਘ ਬੈਂਸ (ਥਾਂਦੀ) ਦੇ ਅਕਾਲ ਚਲਾਣੇ 'ਤੇ ਅਫਸੋਸ ਪ੍ਰਗਟ

**ਸ਼ਿਕਾਗੋ/ਮੱਖਣ ਸਿੰਘ ਕਲੇਰ** : ਸ. ਸਰਵਣ ਸਿੰਘ ਬੈਂਸ, ਜੋ ਕੈਲੀਫੋਰਨੀਆ ਦੇ ਸ਼ਹਿਰ ਸੈਲਮਾ ਵਿਚ ਰਹਿ ਰਹੇ ਸਨ, ਥੋੜ੍ਹਾ ਸਮਾਂ ਬਿਮਾਰ ਰਹਿਣ ਤੋਂ ਬਾਅਦ ਅਕਾਲ ਚਲਾਣਾ ਕਰ ਗਏ ਹਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਅਮਰੀਕਾ ਇਕਾਈ ਨੇ ਉਨ੍ਹਾਂ ਦੇ ਅਕਾਲ ਚਲਾਣੇ ਉਤੇ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ ਹੈ। ਜਥੇਬੰਦੀ ਨੇ ਕਿਹਾ ਕਿ ਇਹ ਸੰਸਾਰ ਭਾਵੇਂ ਚੱਲਣਹਾਰ ਹੈ ਪਰ ਵਿਛੋੜਾ ਇਕ ਦੁਖ ਹੈ, ਜਿਸ ਨੂੰ ਗੁਰਬਾਣੀ ਦੇ ਆਸਰੇ ਹੀ ਦੂਰ ਕੀਤਾ ਜਾ ਸਕਦਾ ਹੈ। ਜਥੇਬੰਦੀ ਵਲੋਂ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕੀਤੀ ਜਾਂਦੀ ਹੈ ਕਿ ਵਾਹਿਗੁਰੂ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਕਨਵੀਨਰ ਸ. ਬੂਟਾ ਸਿੰਘ ਖੜੌਂਦ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਉਨ੍ਹਾਂ ਨੂੰ ਅਮਰੀਕਾ ਵਿਚ ਕੁਝ ਮਹੀਨੇ ਸ. ਬੈਂਸ ਦੇ ਪਰਿਵਾਰ ਕੋਲ ਰਹਿਣ ਦਾ ਮੌਕਾ ਮਿਲਿਆ। ਇਹ ਪਰਿਵਾਰ ਕੈਲੀਫੋਰਨੀਆ ਦੇ ਪੁਰਾਣੇ ਪਰਿਵਾਰਾਂ ਵਿਚੋਂ ਇਕ ਹੈ, ਜਿਹੜਾ ਕਿ ਥਾਂਦੀ ਪਰਿਵਾਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਪੰਜਾਬ ਵਿਚ ਪਿੰਡ ਥਾਂਦੀਆ ਜ਼ਿਲ੍ਹਾ ਨਵਾਂਸ਼ਹਿਰ ਵਿਚ ਪੈਂਦਾ ਸ. ਖੜੌਂਦ ਨੇ ਦੱਸਿਆ ਕਿ ਸ. ਸਰਵਣ ਸਿੰਘ ਬੈਂਸ ਇਮਾਨਦਾਰ ਅਤੇ ਸ਼ਾਂਤ ਸੁਭਾਅ ਦੇ ਗੁਰਸਿੱਖ ਵਿਅਕਤੀ ਸਨ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

**ਨਵੰਬਰ 1984 ਵਿਚ ਸਿੱਖਾਂ ਨਾਲ ਜੋ ਵਾਪਰਿਆ ਉਹ ਭਾਰਤੀ ਮੀਡੀਆ ਦੀ ਜ਼ੁਬਾਨੀ ਜਿੰਨਾ ਕੁ ਸਾਹਮਣੇ ਆਇਆ, ਉਹ ਉਸ ਜ਼ਖ਼ਮ ਦੀ ਵਰ੍ਹੇਗੰਢ 'ਤੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ : ਸੰਪਾਦਕ**

# ਤੀਜਾ ਘੱਲੂਘਾਰਾ

## ਮੀਡੀਆ ਦਾ ਅੱਧਾ-ਅਧੂਰਾ ਸੱਚ




ਦਿੱਲੀ ਦੇ ਕਾਲੇ ਦਿਨ (ਅਕਸ, ਦਸੰਬਰ 1984) : "ਦਿੱਲੀ ਵਿਚ ਇਹ ਘੱਲੂਘਾਰਾ 31 ਅਕਤੂਬਰ ਸ਼ਾਮ ਨੂੰ ਹੀ ਸ਼ੁਰੂ ਹੋ ਗਿਆ। ਆਲ ਇੰਡੀਆ ਮੈਡੀਕਲ ਇੰਸਟੀਚਿਊਟ ਤੋਂ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਦੇ ਦਿਹਾਂਤ ਦੀ ਖ਼ਬਰ ਸੁਣੀ ਤਾਂ ਭੀੜ ਨੇ ਸਭ ਤੋਂ ਪਹਿਲਾਂ ਇੰਸਟੀਚਿਊਟ ਦੇ ਬਾਹਰ ਇਕ ਸਿੱਖ ਸਕੂਟਰ ਵਾਲੇ 'ਤੇ ਹਮਲਾ ਕਰ ਦਿੱਤਾ। ਉਸ ਦੀ ਪੱਗ ਉਤਾਰੀ ਗਈ, ਉਸ ਨੂੰ ਕੁੱਟਿਆ ਗਿਆ। ਉਸ ਦਾ ਸਕੂਟਰ ਉਥੇ ਹੀ ਸਾੜ ਦਿੱਤਾ ਗਿਆ। ਉਦੋਂ ਹੀ ਸਾਈਕਲ ਤੇ ਜਾਂਦੇ ਇਕ ਸਿੱਖ 'ਤੇ ਹਮਲਾ ਕੀਤਾ ਗਿਆ। ਸਾਈਕਲ ਇਕ ਬਿਜਲੀ ਦੇ ਖੰਭੇ 'ਤੇ ਟੰਗ ਦਿੱਤਾ ਗਿਆ। ਥੋੜ੍ਹੀ ਦੂਰ ਹੀ ਡੀਟੀਸੀ. ਦੀ ਇਕ ਬੱਸ ਰੋਕ ਲਈ ਗਈ, ਉਸ 'ਚੋਂ ਦੋ ਸਿੱਖ ਨੌਜਵਾਨਾਂ ਨੂੰ ਬਾਹਰ ਕੱਢਿਆ ਗਿਆ, ਉਨ੍ਹਾਂ ਨੂੰ ਲੋਹੇ ਦੀਆਂ ਰਾਡਾਂ ਨਾਲ ਕੁੱਟਿਆ ਗਿਆ। ਚਾਰ ਹਜ਼ਾਰ ਦੀ ਭੀੜ ਬੇਕਾਬੂ ਹੋ ਕੇ ਹਿੰਸਾ 'ਤੇ ਉਤਰ ਆਈ। 31 ਅਕਤੂਬਰ ਨੂੰ ਉਨ੍ਹਾਂ ਸਭ ਬੱਸਾਂ, ਸਕੂਟਰਾਂ 'ਤੇ ਹਮਲਾ ਕੀਤਾ ਗਿਆ ਜਿਨ੍ਹਾਂ ਨੂੰ ਜਾਂ ਤਾਂ ਸਿੱਖ ਚਲਾ ਰਹੇ ਸਨ, ਜਾਂ ਉਨ੍ਹਾਂ ਦੇ ਮਾਲਕ ਸਿੱਖ ਸਨ। ਥੋੜ੍ਹੇ ਸਮੇਂ ਵਿਚ ਹੀ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਦੀਆਂ ਨਾਲ ਲਗਦੀਆਂ ਸੜਕਾਂ 'ਤੇ ਅੱਗਾਂ ਨਜ਼ਰ ਆ ਰਹੀਆਂ ਸਨ। ਸ਼ਾਮ ਦੇ 8 ਵਜੇ ਤੱਕ ਭੀੜ ਦੱਖਣੀ ਦਿੱਲੀ ਦੀਆਂ ਅਮੀਰ ਕਾਲੋਨੀਆਂ ਵਸੰਤ ਵਿਹਾਰ, ਹੌਜ਼ ਖਾਸ, ਪੰਚਸ਼ੀਲ ਇਨਕਲੇਵ, ਗਰੀਨ ਪਾਰਕ, ਡਿਫੈਂਸ ਕਾਲੋਨੀ, ਸਾਊਥ ਐਕਸਟੈਨਸ਼ਨ ਅਤੇ ਸਫ਼ਦਰਜੰਗ ਇਨਕਲੇਵ ਵਿਚ ਇਕ ਤੂਫ਼ਾਨ ਵਾਂਗ ਜਾਗ ਪਈ। ਇਉਂ ਲਗਦਾ ਸੀ ਕਿ ਕਾਲੋਨੀਆਂ ਭੀੜ ਨੇ ਸਲਾਹ ਨਾਲ ਲੁੱਟ ਮਾਰ ਕੇ ਸਾੜ ਫੂਕ ਲਈ ਵੰਡ ਲਈਆਂ ਹੋਣ। ਸਿੱਖਾਂ ਦੇ ਘਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਟੈਲੀਵੀਜ਼ਨ, ਰੈਫ਼ਰੀਜ਼ਰੇਟਰ ਤੇ ਹੋਰ ਕੀਮਤੀ ਸਮਾਨ ਲੁੱਟਿਆ ਗਿਆ ਤੇ ਕਈ ਥਾਂ ਬਾਕੀ ਸਮਾਨ ਸਾੜ ਦਿੱਤਾ ਗਿਆ। ਘਰਾਂ ਵਿਚ ਰਹਿਣ ਵਾਲਿਆਂ ਨੂੰ ਉਨ੍ਹਾਂ ਦੇ ਗੁਆਂਢੀਆਂ ਨੇ ਆਸਰਾ ਦਿੱਤਾ। ਕਈ ਥਾਂ ਟਾਕਰਾ ਵੀ ਹੋ ਗਿਆ। 10 ਵਜੇ ਰਾਤ ਤੱਕ ਇਹ ਹਿੰਸਾ ਸਾਰੀ ਦਿੱਲੀ ਵਿਚ ਫੈਲ ਗਈ। ਇਸ ਨੂੰ ਕੌਣ ਠੱਲ੍ਹ ਪਾਉਂਦਾ ? 11:30 ਵਜੇ ਰਾਤ ਨੂੰ ਸੜਕਾਂ 'ਤੇ ਸਿਵਾਏ ਬਲ ਰਹੀਆਂ ਕਾਰਾਂ, ਸਕੂਟਰ, ਮੋਟਰਾਂ ਦੇ ਹੋਰ ਕੋਈ ਨਹੀਂ ਸੀ।

ਝੁੱਗੀਆਂ-ਝੌਂਪੜੀਆਂ ਅਤੇ ਨੇੜੇ ਦੀਆਂ ਵਸਾਈਆਂ ਗਰੀਬ ਕਾਲੋਨੀਆਂ, ਜੋ ਕਾਂਗਰਸ ਦੇ ਵੋਟ ਬੈਂਕ ਹਨ, ਉਨ੍ਹਾਂ ਵਿਚੋਂ ਭੀੜਾਂ ਉੱਠੀਆਂ, ਲੋਕਲ ਲੀਡਰ ਉਨ੍ਹਾਂ ਦੇ ਨਾਲ ਸਨ ਤੇ ਉਨ੍ਹਾਂ ਨੇ ਜੋ ਜੀ ਆਇਆ ਕੀਤਾ। ਪੁਲਿਸ ਮੂਕ ਦਰਸ਼ਕ ਬਣੀ ਹੋਈ ਸੀ। ਪੁਲਿਸ ਵਾਲੇ ਤਾਂ ਭੀੜ ਨੂੰ ਇਹ ਕਹਿ ਰਹੇ ਸਨ, 'ਜੇ ਤੁਸੀਂ ਅੱਗ ਨਹੀਂ ਲਾਉਣੀ ਜਾਣਦੇ ਤਾਂ ਇਹ ਸੇਵਾ ਸਾਨੂੰ ਕਿਉਂ ਨਹੀਂ ਦੱਸਦੇ ?' ਇਕ ਹੋਰ ਪੁਲਸੀਆ ਕਹਿ ਰਿਹਾ ਸੀ, 'ਤੁਹਾਨੂੰ ਕਾਹਲੀ ਕਾਹਦੀ ਪਈ ਹੈ, ਹੌਲੀ-ਹੌਲੀ ਲੁੱਟੋ, ਬਹੁਤ ਸਮਾਂ ਹੈ।' ਦਿੱਲੀ ਵਿਚ 30000 ਪੁਲਸੀਆਂ ਵਿਚੋਂ 6000 ਨੂੰ ਜ਼ਰੂਰੀ ਛੁੱਟੀ ਦੇ ਦਿੱਤੀ ਗਈ, ਕਿਉਂਕਿ ਉਹ ਸਿੱਖ ਸਨ। ਬਹੁਤ ਸਾਰੀ ਪੁਲਿਸ ਤੀਨ ਮੂਰਤੀ ਦੇ ਆਲੇ-ਦੁਆਲੇ ਆਇਦ ਕਰ ਦਿੱਤੀ ਗਈ। ਹੋਰ ਬਹੁਤ ਪੁਲਿਸ ਬਾਹਰੋਂ ਆਏ ਪ੍ਰਾਹੁਣਿਆਂ ਦੇ ਖਿਆਲ ਰੱਖਣ 'ਤੇ ਲਾਈ ਹੋਈ ਸੀ। ਇਉਂ ਪੂਰੇ ਤਿੰਨ ਦਿਨ ਤੱਕ ਦਿੱਲੀ ਵਿਚ ਲਾਅ ਐਂਡ ਆਰਡਰ ਬਿਲਕੁਲ ਖਤਮ ਸੀ। ਸਭ ਸੁਲਝੇ ਵਿਅਕਤੀ ਘਰਾਂ 'ਚ ਸਹਿਮੇ ਬੈਠੇ ਸਨ।

1 ਨਵੰਬਰ ਨੂੰ ਹਿੰਸਾ ਦੀ ਅੱਗ ਹੋਰ ਵੀ ਤੇਜ਼ ਹੋ ਗਈ। ਗੁੰਡੇ ਤੱਤਾਂ ਨੇ ਇਹ ਦੇਖ ਲਿਆ ਕਿ ਪੁਲਿਸ ਵਲੋਂ ਉਨ੍ਹਾਂ ਨੂੰ ਕੋਈ ਰੋਕ-ਟੋਕ ਨਹੀਂ ਸੀ, ਉਨ੍ਹਾਂ ਦੇ ਹੌਂਸਲੇ ਹੋਰ ਵੀ ਬੁਲੰਦ ਹੋ ਗਏ। ਦਿੱਲੀ ਦੇ ਆਸੇ-ਪਾਸੇ ਦੇ ਪਿੰਡਾਂ ਵਿਚੋਂ ਭੀੜਾਂ ਦੀਆਂ ਭੀੜਾਂ ਦਿੱਲੀ ਵਿਚ ਦਾਖਲ ਹੋਈਆਂ ਤੇ ਸ਼ਰੇਆਮ ਲੁੱਟ-ਖਸੁੱਟ, ਸਾੜ ਫੂਕ ਅਤੇ ਸਿੱਖਾਂ ਨੂੰ ਜਿੰਦਾ ਜਲਾਉਣ ਦੀਆਂ ਘਟਨਾਵਾਂ ਸਾਹਮਣੇ ਆਈਆਂ। ਉਦਾਹਰਣ ਦੇ ਤੌਰ 'ਤੇ ਸਫ਼ਦਰਜੰਗ ਇਨਕਲੇਵ ਦੇ 67 ਸਾਲਾਂ ਦੇ ਇਕ ਬਿਰਧ ਸਿੱਖ ਦੇ ਚਾਰ ਮੰਜ਼ਲੇ ਗੈਸਟ ਹਾਊਸ ਦੀ ਤਬਾਹੀ ਮਚਾਉਣ ਵਾਲੀ ਭੀੜ ਨੇੜੇ ਦੇ ਮੁਹੰਮਦਪੁਰ ਪਿੰਡ ਦੀ ਸੀ। ਮੁਨੀਰਕਾ ਦੀਆਂ ਸਿੱਖਾਂ ਦੀਆਂ ਦੁਕਾਨਾਂ ਨੂੰ ਸਾੜਿਆ-ਫੂਕਿਆ ਗਿਆ। ਗੁਰਦੁਆਰੇ ਨੂੰ ਸਾੜ ਦਿੱਤਾ ਗਿਆ। ਪੰਜਾਬ ਵੂਲਨ ਮਿੱਲ ਨੂੰ ਸਾੜਿਆ ਗਿਆ। ਵਸੰਤ ਵਿਹਾਰ ਵਿਚ ਪੈਟਰੋਲ ਪੰਪ ਨੂੰ ਅੱਗ ਲਾ ਦਿੱਤੀ ਗਈ। ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵੀ ਕੁਝ ਕੁ ਪਲਾਂ ਬਾਅਦ ਹੀ ਭਾਂਬੜ ਬਣ ਗਿਆ। ਇਕੋ ਹੀ ਵਿਧੀ ਨਾਲ ਸਭ ਥਾਂ ਭੀੜ ਤਬਾਹੀ ਮਚਾ ਰਹੀ ਸੀ। ਪੁਲਿਸ ਅਜੇ ਵੀ ਚੁੱਪ ਸੀ।

12 ਵਜੇ ਦੁਪਹਿਰੇ 4000 ਹਮਲਾਵਰ ਗੁਰਦੁਆਰਾ ਬੰਗਲਾ ਸਾਹਿਬ ਦੇ ਬਾਹਰ ਜਮ੍ਹਾਂ ਹੋ ਗਏ ਤੇ ਨਾਹਰੇ ਲਾਉਣੇ ਸ਼ੁਰੂ ਕੀਤੇ, 'ਖਾਲਿਸਤਾਨ ਨਹੀਂ ਬਣੇਗਾ, ਖ਼ੂਨ ਦਾ ਬਦਲਾ ਖ਼ੂਨ', ਪਰ ਜਦੋਂ ਗੁਰਦੁਆਰੇ ਦੇ ਅੰਦਰੋਂ ਉਨ੍ਹਾਂ ਨੂੰ ਟਾਕਰੇ ਦਾ ਸਾਹਮਣਾ ਕਰਨਾ ਪਿਆ ਤਾਂ ਹਮਲਾਵਰਾਂ ਦੀ ਭੀੜ ਤਿੱਤਰ ਬਿੱਤਰ ਹੋ ਗਈ। ਫਿਰ ਉਹੀ ਭੀੜ ਐਨ ਪਾਰਲੀਮੈਂਟ ਦੇ ਨਾਲ ਗੁ. ਰਕਾਬ ਗੰਜ ਵੱਲ ਚੱਲ ਪਈ। ਆਸੇ-ਪਾਸੇ ਖੜ੍ਹੀਆਂ ਕਾਰਾਂ, ਸਕੂਟਰਾਂ ਨੂੰ ਸਾੜ ਦਿੱਤਾ ਗਿਆ। ਗੁਰਦੁਆਰੇ ਵਿਚੋਂ ਬਾਹਰ ਆਉਂਦੇ ਦੋ ਸਿੱਖ ਨੌਜਵਾਨਾਂ ਨੂੰ ਕੁੱਟਣ ਪਿਛੋਂ ਸਾੜ ਦਿੱਤਾ ਗਿਆ। ਗੁਰਦੁਆਰੇ ਦੇ ਅੰਦਰੋਂ ਹਮਲਾਵਰਾਂ ਨੂੰ ਇਸ ਪਿਛੋਂ ਟਾਕਰੇ ਦਾ ਸਾਹਮਣਾ ਕਰਨਾ ਪਿਆ।

ਉਸੇ ਦਿਨ ਹੀ ਚੇਤਕ ਐਕਸਪ੍ਰੈਸ ਜੋ ਉਦੈਪੁਰ ਤੋਂ ਦਿੱਲੀ ਆਉਂਦੀ ਹੈ, ਦਿੱਲੀ ਛਾਉਣੀ ਦੇ ਨੇੜੇ, ਉਸ ਵਿਚੋਂ ਦੋ ਸਿੱਖਾਂ ਨੂੰ ਕੱਢ ਕੇ ਸਾੜਿਆ ਗਿਆ। ਮਾਇਆਪੁਰੀ ਵਿਚ ਇਕ ਸਿੱਖ ਤੇ ਉਸ ਦੇ ਦੋ ਪੁੱਤਰਾਂ ਨੂੰ ਜ਼ਿੰਦਾ ਜਲਾਇਆ ਗਿਆ। ਪਾਲਮ ਰੋਡ ਤੇ ਦੋ ਭਰਾਵਾਂ ਨੂੰ ਉਨ੍ਹਾਂ ਦੇ ਘਰ ਦੇ ਸਾਹਮਣੇ ਹੀ ਸਾੜ ਦਿੱਤਾ ਗਿਆ। ਜਨਕਪੁਰੀ ਦੇ ਡੀ ਬਲਾਕ ਵਿਚ ਕਈ ਮੌਤਾਂ ਹੋਈਆਂ। ਵਾਸੂਦੇਵ ਇਨਕਲੇਵ ਵਿਚ ਬਲਦੇਵ ਸਿੰਘ ਜੋ ਆਟੋ ਪਾਰਟਸ ਦਾ ਕੰਮ ਕਰਦਾ ਸੀ, ਨੇ ਜਦੋਂ ਬੰਦੂਕ ਨਾਲ ਕੁਝ ਕੁ ਟਾਕਰਾ ਕੀਤਾ ਤਾਂ ਕੁਝ ਦੇਰ ਬਾਅਦ ਹੀ ਗੁੰਡਿਆਂ ਨੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਹੋ ਜਿਹੀਆਂ ਘਟਨਾਵਾਂ ਹੀ ਆਰਕੇ ਪੁਰਮ ਤੇ ਹੋਰ ਕਈ ਕਾਲੋਨੀਆ ਵਿਚ ਬੀਤੀਆਂ।

ਉਧਰ ਮਲਕਾਗੰਜ ਵਿਚ 1 ਨਵੰਬਰ ਦੁਪਹਿਰੇ 11 ਸਿੱਖਾਂ ਨੂੰ ਜਿਉਂਦੇ ਮਚਾ ਦਿੱਤਾ ਗਿਆ। ਰਜਵੰਤ ਕੌਰ ਜੋ ਮਕਾਨ ਨੰਬਰ 574 ਕਬੀਰ ਬਸਤੀ, ਮਲਕਾ ਗੰਜ ਵਿਚ ਰਹਿੰਦੀ ਸੀ, ਉਸ ਨੇ ਆਪਣਾ ਦੁੱਖ ਇਉਂ ਸੁਣਾਇਆ, 'ਦੁਪਹਿਰ ਬਾਅਦ ਦੋ ਵਜੇ ਸਨ, ਅਸੀਂ ਬਾਹਰ ਦੇ ਰੌਲੇ-ਗੌਲੇ ਕਰਕੇ ਦਰਵਾਜ਼ਾ ਬੰਦ ਕੀਤਾ ਹੋਇਆ ਸੀ। ਬਹੁਤ ਸਾਰੇ ਗੁੰਡਿਆਂ ਨੇ ਆ ਕੇ ਸਾਡੇ ਘਰ 'ਤੇ ਪਥਰਾਓ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਰਵਾਜ਼ਾ ਤੋੜ ਸੁੱਟਿਆ ਅਤੇ ਅੰਦਰ ਦਾਖ਼ਲ ਹੋ ਗਏ। ਉਨ੍ਹਾਂ ਮੇਰੇ ਪਤੀ ਦੇ ਗਲ 'ਤੇ ਚਾਕੂ ਰੱਖਿਆ ਤੇ ਉਸ ਨੂੰ ਬਾਹਰ ਲੈ ਗਏ। ਬਾਹਰ ਲਿਜਾ ਕੇ ਉਸ 'ਤੇ ਮਿੱਟੀ ਦਾ ਤੇਲ ਛਿੜਕਿਆ ਤੇ ਜ਼ਿੰਦਾ ਜਲਾ ਦਿੱਤਾ। ਇਉਂ ਹੀ ਮੇਰੇ ਪੁੱਤਰ ਨੂੰ ਸਾੜਿਆ ਗਿਆ। ਉਸ ਦੇ ਗਲ਼ ਵਿਚ ਸੜਦਾ ਟਾਇਰ ਪਾਇਆ ਗਿਆ। ਮੇਰਾ 32 ਵਰ੍ਹਿਆਂ ਦਾ ਭਤੀਜਾ, ਜੋ ਉਸੇ ਸਵੇਰ ਹੀ ਕਰਨਾਲ ਤੋਂ ਆਇਆ ਸੀ, ਉਸ ਨੂੰ ਵੀ ਇਉਂ ਹੀ ਮਾਰ ਦਿੱਤਾ ਗਿਆ।'

2 ਨਵੰਬਰ ਨੂੰ ਵੀ ਇਹ ਦੁਖਾਂਤ ਜਾਰੀ ਸੀ। ਡਾਕਟਰ ਰਾਮਾਨੀ, ਮੈਡੀਕਲ ਅਫ਼ਸਰ ਅਤੇ ਪੋਸਟ ਮਾਰਟਮ ਦਾ ਇੰਚਾਰਜ, ਦਾ ਕਹਿਣਾ ਸੀ ਕਿ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ, ਥੋੜ੍ਹੇ ਜਿਹੇ ਚਿਰ ਬਾਅਦ ਹੀ ਸੈਂਕੜੇ ਹੋਰ ਆ ਜਾਂਦੀਆਂ ਸਨ। ਹਰ ਪਾਸੇ ਲਾਸ਼ਾਂ ਦੀ ਬੋਅ ਆ ਰਹੀ ਸੀ। ਬਹੁਤ ਸਾਰੀਆਂ ਲਾਸ਼ਾਂ ਪਛਾਣ ਤੋਂ ਬਾਹਰ ਸਨ। ਕਈਆਂ ਦੇ ਨੱਕ, ਕੰਨ ਤੇ ਅੱਖਾਂ ਵਿਚੋਂ ਅਜੇ ਵੀ ਖ਼ੂਨ ਵਹਿ ਰਿਹਾ ਸੀ। ਇਸ ਤੋਂ ਬਿਨਾਂ ਬਹੁਤ ਸਾਰੀਆਂ ਲਾਸ਼ਾਂ ਦਾ ਪੋਸਟ ਮਾਰਟਮ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਵਿਚ ਕੀਤਾ ਗਿਆ ਸੀ।

2 ਨਵੰਬਰ ਦੁਪਹਿਰੇ ਜਦੋਂ ਬੰਬਈ ਤੋਂ ਰਾਜਧਾਨੀ ਐਕਸਪ੍ਰੈਸ ਦਿੱਲੀ ਪਹੁੰਚੀ ਤਾਂ ਏਅਰ ਕੰਡੀਸ਼ਨਲ ਡੱਬਿਆਂ ਵਿਚ ਤਿੰਨ ਅਮੀਰ ਸਿੱਖਾਂ ਦੀਆਂ ਲਾਸ਼ਾਂ ਮਿਲੀਆਂ। ਉਨ੍ਹਾਂ ਨੂੰ ਲੋਹੇ ਦੀ ਰਾਡ ਨਾਲ ਕੋਹਿਆ ਗਿਆ ਸੀ, ਖੋਪੜੀ ਭੰਨੀ ਗਈ ਸੀ।

ਕਨਾਟ ਪਲੇਸ ਤੇ ਹੋਰ ਥਾਵਾਂ ਤੋਂ ਤਾਂ ਸਿੱਖਾਂ ਦੀਆਂ ਦੁਕਾਨਾਂ ਸਾੜੀਆਂ ਗਈਆਂ ਪਰ ਕਈ ਮੁੜ ਵਸਾਈਆਂ ਗਈਆਂ ਕਾਲੋਨੀਆਂ ਵਿਚ ਜੋ ਕਤਲੇਆਮ ਸਾਹਮਣੇ ਆਈ, ਉਸ ਦੇ ਅੱਗੇ ਅਸਾਮ ਦੀ 'ਨੈਲੀ ਕਤਲਾਮ' ਵੀ ਕੋਈ ਅਰਥ ਨਹੀਂ ਰੱਖਦੀ। ਇਕ ਕਾਲੋਨੀ ਤ੍ਰਿਲੋਕਪੁਰੀ ਵਿਚ 32 ਨੰਬਰ ਬਲਾਕ ਵਿਚ ਸਾਰੀ ਅਬਾਦੀ ਸਿੱਖਾਂ ਦੀ ਸੀ। ਉਸ ਦੇ ਸਾਰੇ ਮਰਦਾਂ ਨੂੰ ਕਤਲ ਕਰ ਦਿੱਤਾ ਗਿਆ ਕਿਉਂਕਿ ਦਿੱਲੀ ਦੀਆਂ ਕਈ ਅਬਾਦੀਆਂ ਵਿਚ ਤ੍ਰਿਲੋਕਪੁਰੀ ਵਾਲਿਆਂ ਜਾ ਕੇ ਲੁੱਟਿਆ-ਪੁੱਟਿਆ ਸੀ, ਸਿੱਖਾਂ ਨੇ ਉਨ੍ਹਾਂ ਨੂੰ ਇਹ ਲੁੱਟ ਦਾ ਮਾਲ ਲਿਆਂਦਿਆ ਦੇਖਿਆ ਸੀ, ਇਸ ਲਈ ਉਹ ਹਰ ਗਵਾਹ ਨੂੰ ਕਤਲ ਕਰਕੇ, ਖਤਮ ਕਰਨ 'ਤੇ ਉਤਰ ਆਏ।

ਇਨ੍ਹਾਂ ਘਟਨਾਵਾਂ ਲਈ ਜੋ ਦੋ ਨਾਂ ਵਾਰ-ਵਾਰ ਸਾਹਮਣੇ ਆਏ ਹਨ, ਉਹ ਹਨ, ਕਾਂਗਰਸ ਦੇ ਐਮਪੀ. ਧਰਮਦਾਸ ਸ਼ਾਸਤਰੀ ਅਤੇ ਸੱਜਣ ਕੁਮਾਰ ਅਤੇ ਉਨ੍ਹਾਂ ਨਾਲ ਹੋਰ ਲੋਕਲ ਕਾਂਗਰਸੀ ਨੇਤਾ ਵੀ ਸ਼ਾਮਲ ਸਨ।"

**ਪੱਤਰਕਾਰ ਨੇ ਇਕੱਲੇ ਤ੍ਰਿਲੋਕਪੁਰੀ ਵਿਚ ਹੀ 350 ਲਾਸ਼ਾਂ ਦੇਖੀਆਂ (ਇੰਡੀਅਨ ਐਕਸਪ੍ਰੈਸ, 4 ਨਵੰਬਰ 1984) :**

"ਕੁਝ ਕਾਲੋਨੀਆਂ ਦੀ ਸਾਰੀ ਦੀ ਸਾਰੀ ਆਬਾਦੀ ਮੌਤ ਦੇ ਘਾਟ ਉਤਾਰ ਦਿੱਤੀ ਗਈ। ਕੇਵਲ ਪੂਰਬੀ ਦਿੱਲੀ ਵਿਚ ਹੀ 500 ਮੌਤਾਂ ਹੋਈਆਂ। ਪੁਲਿਸ ਕਮਿਸ਼ਨਰ ਸੁਭਾਸ਼ ਟੰਡਨ ਨੇ ਕਿਹਾ ਕਿ ਮੌਤਾਂ ਕੇਵਲ 15 ਜਾਂ 20 ਹੋਈਆਂ ਹਨ। ਲੈਫ਼ਟੀਨੈਂਟ ਗਵਰਨਰ ਨੇ ਕਿਹਾ ਕਿ, 'ਸਥਿਤੀ ਕਾਬੂ ਵਿਚ ਹੈ'। ਸਾਡੇ ਰਿਪੋਰਟਰ ਨੇ ਕੇਵਲ ਤ੍ਰਿਲੋਕਪੁਰੀ ਵਿਚ ਹੀ 350 ਲਾਸ਼ਾਂ ਦੇਖੀਆਂ। ਜਦੋਂ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਕਤਲਾਮ ਦਾ ਇਲਮ ਨਹੀਂ ਤਾਂ ਪੱਤਰਕਾਰਾਂ ਨੇ ਉਨ੍ਹਾਂ ਨੂੰ ਝਾੜਿਆ। ਸ਼ਾਹਦਰਾ ਵਿਚ 2 ਨਵੰਬਰ ਦੁਪਹਿਰ ਤਕ 75 ਲੋਕ ਕਤਲ ਕੀਤੇ ਜਾ ਚੁੱਕੇ ਸਨ। ਸੜਕਾਂ 'ਤੇ ਸੈਂਕੜੇ ਲਾਸ਼ਾਂ ਪਈਆਂ ਰਹੀਆਂ ਜੋ ਸ਼ਾਮ ਨੂੰ ਉਥੋਂ ਚੁੱਕੀਆਂ ਗਈਆਂ। ਲਾਸ਼ਾਂ ਇਸ ਲਈ ਚੁੱਕ ਦਿੱਤੀਆਂ ਗਈਆਂ ਕਿਉਂਕਿ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕਤਲਾਮ ਦੀ ਖਬਰ ਸੁਣ ਲਈ ਸੀ ਤੇ ਆਪ ਤਫ਼ਤੀਸ਼ ਕਰਨੀ ਸੀ ਪਰ ਸਕਿਉਰਿਟੀ ਨੇ ਉਹ ਪ੍ਰੋਗਰਾਮ ਰੱਦ ਕਰਵਾ ਦਿੱਤਾ। 1 ਨਵੰਬਰ ਨੂੰ ਇਹ ਸਾਰਾ ਇਲਾਕਾ ਅੱਗ ਦੀ ਲਪੇਟ ਵਿਚ ਨਜ਼ਰ ਆ ਰਿਹਾ ਸੀ। ਬਹੁਤ ਸਾਰੇ ਸਿੱਖਾਂ ਨੇ ਜਾਨ ਬਚਾ ਲਈ ਅਤੇ ਵਾਲ ਮੁਨਾ ਦਿੱਤੇ ਤੇ ਕਈ ਬਚਣ ਲਈ ਗੁਰਦੁਆਰੇ ਵਿਚ ਜਾ ਲੁਕੇ। ਜਦੋਂ ਗੁਰਦੁਆਰਾ ਅਚਾਨਕ ਹੀ 200 ਸ਼ਰਨਾਰਥੀਆਂ ਲਈ ਕੈਂਪ ਬਣ ਗਿਆ ਤਾਂ ਉਸ ਸਮੇਂ ਤੱਕ ਉਨ੍ਹਾਂ ਦੇ ਖਾਣ-ਪੀਣ ਲਈ ਕੁਝ ਵੀ ਨਹੀਂ ਸੀ ਤੇ ਬਾਹਰ ਜ਼ੁਲਮ ਦੀ ਹਨੇਰੀ ਝੁੱਲ ਰਹੀ ਸੀ। ਉਸ ਸਮੇਂ ਜੋ ਮਦਦ ਪਹੁੰਚੀ, ਉਹ ਕੇਵਲ ਆਂਢੀ ਗੁਆਂਢੀ ਹਿੰਦੂਆਂ ਕੋਲੋਂ ਪਹੁੰਚੀ।

ਫਰੈਂਡਜ਼ ਕਾਲੋਨੀ ਵਿਚ ਇਕ ਸਿਪਾਹੀ ਨੂੰ ਵੀ ਜਿੰਦਾ ਸਾੜ ਦਿੱਤਾ ਗਿਆ। ਭਜਨਪੁਰੇ ਦੇ ਨੇੜੇ ਵਸਦੇ ਗਾਮੜੀ ਇਲਾਕੇ ਦੇ 21 ਦੇ 21 ਪਰਿਵਾਰਾਂ ਉਤੇ ਹਮਲਾ ਕੀਤਾ ਗਿਆ। 40 ਤੋਂ 50 ਤੱਕ ਬੰਦੇ ਮਾਰੇ ਗਏ। ਪੰਜਾਬੀ ਕਾਲੋਨੀ ਰਾਖ ਦਾ ਢੇਰ ਬਣ ਗਈ। ਸ਼ਕਰਪੁਰ ਵਿਚ ਉਪੱਦਰ ਦਿਨ ਰਾਤ ਜਾਰੀ ਰਿਹਾ। ਸ਼ਕਰਪੁਰ ਤੇ ਕਲਿਆਣਪੁਰੀ ਵਿਚ ਕਾਤਲਾਂ ਨੇ ਕਾਫ਼ੀ ਕਹਿਰ ਮਚਾਇਆ।

ਉੱਤਰੀ ਦਿੱਲੀ ਵਿਚ ਏਸ਼ੀਆ ਦੀ ਸਭ ਤੋਂ ਵੱਡੀ ਸਬਜ਼ੀ ਮੰਡੀ ਆਜ਼ਾਦਪੁਰ ਨੂੰ ਕਬਾੜਖਾਨਾ ਬਣਾ ਦਿੱਤਾ ਗਿਆ। ਸੈਂਕੜੇ ਟਰੱਕ ਸਾੜ ਦਿੱਤੇ ਗਏ, ਪੁਲਿਸ ਸਟੇਸ਼ਨ ਬਿਲਕੁਲ ਨਾਲ ਹੀ ਸੀ ਪਰ ਪੁਲਿਸ ਉਦੋਂ ਕਿਧਰੇ ਨਜ਼ਰ ਨਹੀਂ ਆਈ।"

**5 ਨਵੰਬਰ ਨੂੰ ਕਾਂਗਰਸੀ ਐਮਪੀ. ਧਰਮਦਾਸ ਸ਼ਾਸਤਰੀ ਕਰੋਲ ਬਾ.ਗ ਥਾਣੇ ਪਹੁੰਚਿਆ ਤੇ ਉਹ ਆਦਮੀ ਛੱਡ ਦੇਣ ਲਈ ਆਖਿਆ ਜੋ ਇਸ ਸਬੰਧੀ ਫੜੇ ਗਏ ਸਨ। ਇਕ ਹੋਰ ਕਾਂਗਰਸੀ ਐਮਪੀ. ਜਗਦੀਸ਼ ਟਾਈਟਲਰ 6 ਨਵੰਬਰ ਨੂੰ ਇਕ ਪ੍ਰੈਸ ਕਾਨਫਰੰਸ ਵਿਚ ਪੁਲਿਸ ਦੇ ਅਧਿਕਾਰੀਆਂ ਨੂੰ ਕਹਿਣ ਲੱਗਾ, "ਤੁਸੀਂ ਮੇਰੇ ਆਦਮੀ ਫੜ ਕੇ ਰਿਲੀ.ਫ ਦੇ ਕੰਮ ਵਿਚ ਵਿਘਨ ਪਾ ਰਹੇ ਹੋ।" ਇਉਂ ਇਕ ਹੋਰ ਕਾਂਗਰਸੀ ਐਮਪੀ. ਸੱਜਣ ਕੁਮਾਰ ਨੇ ਮੰਗੋਲਪੁਰੀ ਵਿਚ ਹਰੇਕ ਲੁਟੇਰੇ ਤੇ ਊਧਮ ਮਚਾਉਣ ਵਾਲੇ ਨੂੰ ਸ਼ਰਾਬ ਦੀ ਬੋਤਲ ਤੇ ਪੈਸੇ ਦਿੱਤੇ।**

**ਹਮਲਾਵਰਾਂ ਨੇ ਬੱਚਿਆਂ ਨੂੰ ਚੁੱਕ-ਚੁੱਕ ਕੇ ਛੱਤਾਂ ਤੋਂ ਸੁੱਟਿਆ (ਹਿੰਦੁਸਤਾਨ ਟਾਈਮਜ਼ 4 ਨਵੰਬਰ 1984) :**



*"ਕੀ ਦੱਸੀਏ, ਕੀ-ਕੀ ਖੋ ਗਿਆ*
*ਬਸ ਨੈਣੋਂ ਪਾਣੀ ਚੋਅ ਗਿਆ*
*ਫਿਰ ਅੰਬਰ ਸਾਡਾ ਹੋ ਗਿਆ*
*ਜਦ ਸਿਰ 'ਤੇ ਨਾ ਛੱਤ ਰਹੀ,*
*ਮੈਂ ਵਾਸਤੇ ਘੱਤ ਰਹੀ।"*

"ਨਰੇਲੇ ਤੋਂ ਬਚ ਕੇ ਆਏ ਲੋਕਾਂ ਨੇ ਇਕ ਕੈਂਪ ਵਿਚ ਦੱਸਿਆ ਕਿ ਕਿਵੇਂ ਹਮਲਾਵਰਾਂ ਨੇ ਬੱਚਿਆਂ ਨੂੰ ਚੁੱਕ-ਚੁੱਕ ਕੇ ਛੱਤਾਂ ਤੋਂ ਸੁੱਟਿਆ, ਕਈ ਪਰਿਵਾਰਾਂ ਵਿਚੋਂ ਤਾਂ ਕੇਵਲ ਬੱਚੇ ਹੀ ਬਚ ਸਕੇ। ਕਈ ਘਰਾਂ ਦੇ ਜੀਅ ਗੁੰਮ ਹਨ। ਕਈ ਸਾਹਮਣੇ

ਹੀ ਤਸੀਹੇ ਦੇ-ਦੇ ਕੇ ਮਾਰ ਦਿੱਤੇ ਗਏ। ਕਈਆਂ ਕੋਲ ਇਕ ਰੁਪਈਏ ਤੱਕ ਨਹੀਂ, ਸਭ ਕੁਝ ਲੁੱਟ-ਪੁੱਟ ਲਿਆ ਗਿਆ।"

"ਗਾਜ਼ੀਆਬਾਦ, ਸੀਲਮਪੁਰ, ਤੁਗਲਕਾਬਾਦ, ਮੋਦੀਨਗਰ, ਨਰੇਲਾ, ਮਹਾਰਾਸ਼ਟਰਾ, ਯੂਪੀ., ਮੱਧ ਪ੍ਰਦੇਸ਼ ਅਤੇ ਹਰਿਆਣਾ ਦੇ ਕਈ ਸਟੇਸ਼ਨਾਂ 'ਤੇ ਸਿੱਖ ਭਿਆਨਕ ਆਤੰਕ ਦਾ ਸ਼ਿਕਾਰ ਹੋਏ। 4 ਨਵੰਬਰ ਨੂੰ ਵੀ ਗਾਜ਼ੀਆਬਾਦ (ਮਰੀਆਪਟ) ਵਿਖੇ ਕਿਸੇ ਨੇ ਗੱਡੀ ਦੀ ਜ਼ੰਜੀਰ ਖਿੱਚੀ ਤੇ ਬਾਹਰੋਂ ਭੀੜ ਨੇ ਗੱਡੀ ਉਤੇ ਹਮਲਾ ਬੋਲ ਦਿੱਤਾ। ਸਿੱਖਾਂ ਨੂੰ ਡੱਬਿਆਂ ਵਿਚੋਂ ਖਿੱਚ-ਖਿੱਚ ਕੇ ਬਾਹਰ ਲਿਆਂਦਾ ਗਿਆ। ਮਿੱਟੀ ਦਾ ਤੇਲ ਛਿੜਕਿਆ ਗਿਆ ਅਤੇ ਅੱਗ ਲਾਈ ਗਈ। ਦਿੱਲੀ ਦੇ ਸਟੇਸ਼ਨਾਂ 'ਤੇ ਸਿੱਖ ਮੁਸਾਫ਼ਰਾਂ ਦੇ ਕੈਂਪ ਲਾਏ ਗਏ। ਔਰਤਾਂ ਦਾ ਗਹਿਣਾ-ਗੱਟਾ ਲੁੱਟ ਲਿਆ ਗਿਆ। ਪਤੀ ਮਾਰ ਦਿੱਤੇ ਗਏ। ਕਈਆਂ ਦੇ ਬੱਚੇ ਮਾਰ ਦਿੱਤੇ ਗਏ। ਗਾਜ਼ੀਆਬਾਦ ਦੇ ਸਟੇਸ਼ਨ 'ਤੇ ਕਈਆਂ ਦੇ ਵਾਲ਼ ਮੁੰਨ ਦਿੱਤੇ ਗਏ। ਕਾਠਮੰਡੂ ਤੋਂ ਆਏ ਇਕ ਮੁਸਾਫ਼ਰ ਤੋਂ ਗਾਜ਼ੀਆਬਾਦ ਸਟੇਸ਼ਨ 'ਤੇ 50000 ਰੁਪਏ ਵੀ ਲੁੱਟ ਲਏ ਗਏ ਅਤੇ ਉਸ ਨੂੰ ਮੌਤ ਦੇ ਘਾਟ ਵੀ ਉਤਾਰ ਦਿੱਤਾ ਗਿਆ। ਟਾਟਾ ਐਕਸਪ੍ਰੈਸ ਦੇ ਇਕ ਪੂਰੇ ਡੱਬੇ ਨੂੰ ਹੀ ਕਾਨਪੁਰ ਨੇੜੇ ਅੱਗ ਲਾ ਦਿੱਤੀ ਗਈ।"

**ਪੁਲਿਸ ਕਸਟਡੀ ਵਿਚਲੀਆਂ 50 ਮੁਟਿਆਰਾਂ ਲਾਪਤਾ (ਇੰਡੀਅਨ ਐਕਸਪ੍ਰੈਸ, 5 ਨਵੰਬਰ 1984) :**

"ਦਿੱਲੀ ਦੇ ਦੰਗਿਆਂ ਵਿਚ 50,000 ਲੋਕ ਬੇਘਰ ਹੋ ਗਏ। ਇਨ੍ਹਾਂ ਵਿਚ 30,000 ਕੇਵਲ ਪੂਰਬੀ ਦਿੱਲੀ ਜਮਨਾਪਾਰ ਦੇ ਹੀ ਹਨ। 500 ਲੋਕ ਜਮਨਾ ਪਾਰ ਮਰ ਚੁੱਕੇ ਹਨ। ਜੋ ਕੈਂਪ ਲਾਏ ਗਏ ਹਨ ਉਨ੍ਹਾਂ ਦੀ ਸਥਿਤੀ ਬਹੁਤ ਅਣਮਨੁੱਖੀ ਹੈ। ਸ਼ਾਹਦਰਾ ਦੇ ਸਰਕਾਰੀ ਸਕੂਲ ਵਿਚ ਇਕ ਔਰਤ ਕਹਿਣ ਲੱਗੀ, 'ਮੈਨੂੰ ਪੰਜਾਬ ਲੈ ਜਾਓ।' ਗੁੰਮ ਹੋਏ ਬੰਦਿਆਂ ਦੀ ਕੋਈ ਸੂਚੀ ਨਹੀ ਬਣੀ। ਨੰਦ ਨਗਰੀ ਦੀਆਂ 50 ਮੁਟਿਆਰਾਂ ਦਾ ਕੋਈ ਥਹੁ ਪਤਾ ਨਹੀਂ। ਉਨ੍ਹਾਂ ਨੂੰ ਪੁਲਿਸ ਨੇ ਆਪਣੀ ਰੱਖਿਆ ਵਿਚ ਲਿਆ ਸੀ ਪਰ ਉਸ ਪਿਛੋਂ ਉਨ੍ਹਾਂ ਦਾ ਕੋਈ ਪਤਾ ਨਹੀਂ ਲੱਗਿਆ। ਕੁਝ ਲੋਕਲ ਹਿੰਦੂ, ਕੈਂਪਾਂ ਵਿਚ ਸਿੱਖਾਂ ਨੂੰ ਖਾਣਾ ਪੁਚਾ ਰਹੇ ਸਨ। ਕੁਝ ਲੋਕ ਜੋ ਬਚ ਗਏ ਗੁਰਦੁਆਰਿਆਂ ਵਿਚ ਰੱਖੇ ਗਏ ਸਨ। ਕੈਂਪਾਂ ਵਿਚ ਜ਼ਖਮੀਆਂ ਨੂੰ ਦਵਾਈਆਂ ਦੇਣੀਆਂ ਮੁਸ਼ਕਲ ਹੋ ਰਹੀਆਂ ਸਨ। ਹਸਤਪਾਲਾਂ ਵਿਚ ਉਨ੍ਹਾਂ ਨੂੰ ਭੇਜਿਆ ਨਹੀਂ ਸੀ ਜਾ ਰਿਹਾ, ਕਿਉਂਕਿ ਹਸਪਤਾਲ ਪਹਿਲਾਂ ਹੀ ਭਰੇ ਹੋਏ ਸਨ।"

**ਪੁਲਿਸ ਨੇ ਸਿੱਖਾਂ ਦੇ ਲਾਇਸੈਂਸੀ ਹਥਿਆਰ ਕਬਜ਼ੇ ਵਿਚ ਲੈ ਕੇ ਕੀਤਾ ਨਿਹੱਥੇ (ਟਾਈਮਜ਼ ਆਫ਼ ਇੰਡੀਆ, 10 ਨਵੰਬਰ 1984) :** "ਘੱਲੂਘਾਰੇ ਦੇ ਹਫ਼ਤਾ ਬਾਅਦ ਵੀ ਜਮਨਾ ਪਾਰ, ਤ੍ਰਿਲੋਕਪੁਰੀ ਤੇ ਕਲਿਆਣਪੁਰੀ ਦੇ ਕੁਝ ਉਜੜੇ ਘਰਾਂ ਦੇ ਬਾਹਰ ਕਈ ਔਰਤਾਂ ਤੇ ਬੱਚੇ ਬੈਠੇ ਹੋਏ ਸਨ। ਇਨ੍ਹਾਂ ਔਰਤਾਂ ਦੇ ਪਤੀ ਉਨ੍ਹਾਂ ਦੇ ਸਾਹਮਣੇ ਸਾੜੇ ਗਏ ਸਨ। ਕਲਿਆਣਪੁਰੀ ਬਲਾਕ 11 ਤੇ 12 ਦੀਆਂ ਔਰਤਾਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਕਿਤੇ ਕੋਈ ਸਹਾਇਤਾ ਕੈਂਪ ਲੱਗੇ ਹਨ। ਇਹ ਔਰਤਾਂ ਇੱਥੇ ਬੈਠੀਆਂ ਕੇਵਲ ਖਾਲੀ ਅਸਮਾਨ ਨੂੰ ਘੂਰ ਰਹੀਆਂ ਸਨ। ਉਨ੍ਹਾਂ ਲਈ ਕੋਈ ਭਵਿੱਖ ਨਹੀਂ। ਬਚ ਗਏ ਆਂਢੀ-ਗੁਆਂਢੀ ਇਨ੍ਹਾਂ ਨੂੰ ਰੋਟੀ ਪਾਣੀ ਦੇ ਦਿੰਦੇ ਸਨ।

ਤ੍ਰਿਲੋਕਪੁਰੀ ਦੀਆਂ ਝੁੱਗੀਆਂ ਦੀਆਂ ਦੀਵਾਰਾਂ ਵੀ ਘੱਟ ਹੀ ਨਜ਼ਰ ਆਉਂਦੀਆਂ ਹਨ। ਕੇਵਲ ਇਕ ਦੀਵਾਰ ਉਥੇ ਗੁਰੂ ਨਾਨਕ ਅਤੇ ਨਾਲ ਹੀ ਇਕ ਹਿੰਦੂ ਦੇਵਤੇ ਦੀ ਤਸਵੀਰ ਨਜ਼ਰ ਆ ਰਹੀ ਸੀ। ਇਥੇ ਹਿੰਦੂਆਂ ਦੇ ਘਰਾਂ ਨੂੰ ਵੀ ਨਹੀਂ ਛੱਡਿਆ ਗਿਆ। ਬਹੁਤ ਸਾਰੀਆਂ ਲਾਸ਼ਾਂ ਨੇੜੇ ਹੀ ਨਹਿਰ ਵਿਚ ਸੁੱਟੀਆਂ ਹੋਈਆਂ ਵੀ ਮਿਲੀਆਂ। ਕਲਿਆਣਪੁਰੀ 11 ਬਲਾਕ ਦੇ ਪ੍ਰੀਤਮ ਸਿੰਘ ਦਾ ਕਹਿਣਾ ਹੈ ਕਿ ਜਿਉਂ ਹੀ ਗੜਬੜ ਸ਼ੁਰੂ ਹੋਈ ਤਾਂ ਪੁਲਿਸ ਆਈ ਤੇ ਸਿੱਖਾਂ ਦੇ ਲਾਇਸੈਂਸੀ ਹਥਿਆਰ ਵੀ ਕਬਜ਼ੇ ਵਿਚ ਕਰ ਕੇ ਲੈ ਗਈ। ਇਉਂ ਉਹ ਨਿਹੱਥੇ ਹੋ ਗਏ ਅਤੇ ਗੁੰਡੇ ਕਈ ਵਾਰ ਆਏ, ਉਨ੍ਹਾਂ ਨੂੰ ਲੁੱਟਿਆ ਪੁੱਟਿਆ ਅਤੇ ਸੈਂਕੜੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ। ਇਥੇ ਵਧੇਰੇ ਗਰੀਬ ਮਿਹਨਤੀ ਸਿੱਖ ਹੀ ਰਹਿੰਦੇ ਸਨ। ਇਕ ਹਿੰਦੂ ਦੁਕਾਨਦਾਰ ਨੇ ਵੀ ਸਿੱਖਾਂ ਨੂੰ ਬਚਾਉਣ ਲਈ ਗੁੰਡਿਆਂ ਦਾ ਟਾਕਰਾ ਕੀਤਾ ਪਰ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।"

**ਇਕੋ ਪਰਿਵਾਰ ਦੀਆਂ 21 ਵਿਧਵਾ ਔਰਤਾਂ (ਇੰਡੀਅਨ ਐਕਸਪ੍ਰੈਸ, 12 ਨਵੰਬਰ 1984) :**

"ਜਨਕਪੁਰੀ (ਸਾਗਰਪੁਰ) ਦਿੱਲੀ ਦੇ ਇਸ ਪਰਿਵਾਰ ਦੇ 72 ਮੈਂਬਰ ਸਨ ਪਰ ਹੁਣ ਇਸ ਪਰਿਵਾਰ ਦੀਆਂ 21 ਵਿਧਵਾ ਔਰਤਾਂ ਅਤੇ ਕੇਵਲ ਇਕ ਮੁੰਡਾ ਬਚਿਆ ਹੈ। ਸਭ ਮਰਦਾਂ ਨੂੰ ਉਨ੍ਹਾਂ ਦੇ ਸਾਹਮਣੇ ਹੀ ਜਲਾਇਆ ਗਿਆ ਅਤੇ ਇਹ ਸਭ ਕੁਝ ਸਾਗਰਪੁਰ ਦੇ ਲੋਕਾਂ ਨੇ ਹੀ ਕੀਤਾ। ਇਹ ਵੱਡਾ ਪਰਿਵਾਰ ਸਾਗਰਪੁਰ ਵਿਚ ਜ਼ਮੀਨ ਖਰੀਦ ਕੇ ਗੰਗਾ ਨਗਰ ਤੋਂ ਆ ਕੇ ਵਸਿਆ ਸੀ। ਵੱਡੀ ਭੀੜ ਨੇ ਜਦੋਂ ਇਸ ਪਰਿਵਾਰ 'ਤੇ ਹਮਲਾ ਕੀਤਾ ਤਾਂ ਉਨ੍ਹਾਂ ਕੋਲ ਮਿੱਟੀ ਦੇ ਤੇਲ ਦੇ ਟੀਨ ਸਨ। ਉਨ੍ਹਾਂ ਪਹਿਲਾਂ ਕੇਵਲ ਲੁੱਟਣ ਦਾ ਡਰਾਵਾ ਦਿੱਤਾ ਪਰ ਫਿਰ ਇਕ-ਇਕ ਕਰਕੇ ਮਰਦਾਂ ਨੂੰ ਵੀ ਮੌਤ ਦੇ ਹਵਾਲੇ ਕਰ ਦਿੱਤਾ ਗਿਆ। ਇਹ ਪਰਿਵਾਰ ਤਿੰਨ ਭਰਾਵਾਂ ਦਾ ਸੀ, ਬੁੱਧ ਸਿੰਘ, ਹਰੀ ਸਿੰਘ, ਊਧਮ ਸਿੰਘ, ਅੱਗੋਂ ਉਨ੍ਹਾਂ ਦੇ ਪੁੱਤ-ਪੋਤਰੇ ਸਨ। ਭੀੜ ਪਹਿਲਾਂ ਦਿਨੇ ਆਈ, ਸ਼ਾਮ ਨੂੰ ਫਿਰ ਸ਼ਰਾਬੀ ਹੋ



"ਜਨਕਪੁਰੀ (ਸਾਗਰਪੁਰ) ਦਿੱਲੀ ਦੇ ਇਸ ਪਰਵਾਰ ਦੇ 72 ਮੈਂਬਰ ਸਨ ਪਰ ਹੁਣ ਇਸ ਪਰਵਾਰ ਦੀਆਂ 21 ਵਿਧਵਾ ਔਰਤਾਂ ਅਤੇ ਕੇਵਲ ਇਕ ਮੁੰਡਾ ਬਚਿਆ ਹੈ। ਸਭ ਮਰਦਾਂ ਨੂੰ ਉਨ੍ਹਾਂ ਦੇ ਸਾਹਮਣੇ ਹੀ ਜਲਾਇਆ ਗਿਆ ਤੇ ਇਹ ਸਭ ਕੁਝ ਸਾਗਰਪੁਰ ਦੇ ਲੋਕਾਂ ਨੇ ਹੀ ਕੀਤਾ।"

ਕੇ ਆਈ। ਘਰ ਸਾੜੇ ਗਏ। ਔਰਤਾਂ ਨੂੰ ਵੀ ਪੱਥਰਾਂ ਨਾਲ ਕੁੱਟਿਆ ਗਿਆ। ਅੱਠ ਵਰ੍ਹਿਆਂ ਦਾ ਬੱਚਾ ਸਭ ਕੁਝ ਦੇਖ ਕੇ ਪਾਗਲ ਹੋ ਗਿਆ ਹੈ-ਹਰ ਵੇਲੇ ਸੜਦੇ ਲੋਕ ਨਜ਼ਰ ਆਉਂਦੇ ਹਨ। ਕੇਵਲ ਬਲਦੇਵ ਸਿੰਘ ਬਚਿਆ ਹੈ, ਕਿਉਂਕਿ ਉਹ ਉਸ ਸਮੇਂ ਫੈਕਟਰੀ ਗਿਆ ਹੋਇਆ ਸੀ। ਘਰ ਦੀ ਇਕ ਨੂੰਹ ਸੁਖਦੇਵ ਕੌਰ ਅਜੇ ਪਿਛਲੇ ਮਹੀਨੇ ਹੀ ਵਿਆਹੀ ਆਈ ਸੀ, ਉਸ ਦਾ ਪਤੀ ਵੀ ਮਾਰਿਆ ਗਿਆ ਅਤੇ ਉਸ ਦੇ ਆਪਣੇ ਮਾਂ-ਪਿਓ ਵੀ ਨੰਦ ਨਗਰੀ ਦਿੱਲੀ ਵਿਚ ਮਾਰੇ ਗਏ ਹਨ।"

**ਗੱਡੀਆਂ 'ਚੋਂ ਕੱਢ-ਕੱਢ ਕੇ ਸਿੱਖਾਂ ਨੂੰ ਮਾਰਿਆ ਗਿਆ (ਯੁਵਕਧਾਰਾ, ਨਵੰਬਰ 1984) :**

"2 ਨਵੰਬਰ ਨੂੰ ਦਿੱਲੀ ਦੇ ਤਿੰਨ ਵੱਡੇ ਰੇਲਵੇ ਸਟੇਸ਼ਨਾਂ 'ਤੇ ਭਿਆਨਕ ਖੂਨੀ ਆਤੰਕ ਨਜ਼ਰ ਆਇਆ। ਦੇਸ਼ ਦੇ ਵੱਖ-ਵੱਖ ਥਾਵਾਂ ਤੋਂ ਦਿੱਲੀ ਪਹੁੰਚ ਰਹੀਆਂ ਗੱਡੀਆਂ ਵਿਚ ਜ਼ਖ਼ਮੀ ਅਤੇ ਮਰੇ ਹੋਏ ਸਿੱਖਾਂ ਦੀ ਖਾਸੀ ਵੱਡੀ ਗਿਣਤੀ ਸੀ। ਉਦੋਂ ਤੱਕ ਦਿੱਲੀ ਵਿਚ ਇਹ ਖ਼ਬਰ ਫੈਲ ਚੁੱਕੀ ਸੀ ਕਿ ਨੇੜੇ ਦੇ ਰੇਲਵੇ ਸਟੇਸ਼ਨਾਂ, ਗਾਜ਼ੀਆਬਾਦ, ਸਾਹਿਬਾਬਾਦ, ਸ਼ਾਹਦਰਾ, ਸੋਨੀਪਤ, ਤੁਗਲਕਾਬਾਦ, ਓਖਲਾ, ਬਲਭਗੜ੍ਹ ਆਦਿ 'ਤੇ ਹਿੰਸਕ ਭੀੜ ਗੱਡੀਆਂ ਨੂੰ ਰੋਕ-ਰੋਕ ਕੇ ਸਿੱਖਾਂ 'ਤੇ ਹਮਲੇ ਕਰ ਰਹੀ ਹੈ ਪਰ ਦੋ ਦਿਨ ਬਾਅਦ ਤੱਕ ਵੀ ਕਿਸੇ-ਕਿਸਮ ਦੀ ਸੁਰੱਖਿਆ ਦਾ ਪ੍ਰਬੰਧ ਨਹੀਂ ਕੀਤਾ ਗਿਆ। ਦਿੱਲੀ ਪਹੁੰਚਣ ਵਾਲੇ ਗੰਭੀਰ ਰੂਪ ਵਿਚ ਜ਼ਖ਼ਮੀ ਲੋਕਾਂ ਦੀ ਸੰਭਾਲ ਦਾ ਵੀ ਕੋਈ ਸੰਤੋਸ਼ਜਨਕ ਪ੍ਰਬੰਧ ਸਟੇਸ਼ਨਾਂ 'ਤੇ ਦਿਖਾਈ ਨਾ ਦਿੱਤਾ। ਸਭ ਤੋਂ ਜ਼ਿਆਦਾ ਤਕਲੀਫ਼ਦੇਹ ਸਥਿਤੀ ਇਹ ਸੀ ਕਿ ਜਿਨ੍ਹਾਂ ਜ਼ਖ਼ਮੀਆਂ ਨੂੰ ਵੱਖ-ਵੱਖ ਹਸਪਤਾਲਾਂ ਵਿਚ ਦਾਖ਼ਲ ਕਰਵਾਇਆ ਗਿਆ, ਉਨ੍ਹਾਂ ਦੇ ਘਰ ਵਾਲਿਆਂ ਨੂੰ ਨਿਸ਼ਚਿਤ ਸੂਚਨਾ ਦੇਣ ਦਾ ਵੀ ਕੋਈ ਪ੍ਰਬੰਧ ਨਹੀਂ ਸੀ। ਸੈਂਕੜੇ ਲੋਕ ਅਨਿਸ਼ਚੇ, ਅਸੁਰੱਖਿਆ ਅਤੇ ਲਾਪ੍ਰਵਾਹੀ ਦੇ ਵਿਚ ਤ੍ਰਿਸ਼ੰਕੂ ਬਣੇ ਲਟਕੇ ਰਹੇ। ਇਸੇ ਲਈ ਉਨ੍ਹਾਂ ਦਾ ਦੁੱਖ ਹੋਰ ਡੂੰਘਾ ਹੋ ਰਿਹਾ ਸੀ।

**ਕਿਸ਼ਨਗੰਜ ਨੂੰ ਫੌਜ ਦੇ ਸਪੁਰਦ ਕਰ ਦਿੱਤੇ ਜਾਣ ਦੇ ਬਾਵਜੂਦ ਪੂਰਬੀ ਦਿੱਲੀ ਵਿਚ ਸਿੱਖਾਂ ਦੇ ਹੱਤਿਆਕਾਂਡ ਨੂੰ ਰੋਕਿਆ ਨਾ ਜਾ ਸਕਿਆ, ਕਿਉਂਕਿ ਫੌਜ ਦਾ ਕਹਿਣਾ ਸੀ ਕਿ ਪੁਲਿਸ ਉਨ੍ਹਾਂ ਨੂੰ ਮਿਲਵਰਤਣ ਨਹੀਂ ਸੀ ਦੇ ਰਹੀ।**

ਦਿੱਲੀ ਨੂੰ ਫੌਜ ਦੇ ਸਪੁਰਦ ਕਰ ਦਿੱਤੇ ਜਾਣ ਦੇ ਬਾਵਜੂਦ ਪੂਰਬੀ ਦਿੱਲੀ ਵਿਚ ਸਿੱਖਾਂ ਦੇ ਹੱਤਿਆਕਾਂਡ ਨੂੰ ਰੋਕਿਆ ਨਾ ਜਾ ਸਕਿਆ ਕਿਉਂਕਿ ਫੌਜ ਦਾ ਕਹਿਣਾ ਸੀ ਕਿ ਪੁਲਿਸ ਉਨ੍ਹਾਂ ਨੂੰ ਮਿਲਵਰਤਣ ਨਹੀਂ ਸੀ ਦੇ ਰਹੀ। ਇਸੇ ਲਈ ਦਿੱਲੀ ਵਿਚ ਮੰਗੋਲਪੁਰੀ, ਸੁਲਤਾਨਪੁਰੀ, ਕਿਸ਼ਨਗੰਜ ਆਦਿ ਕਾਲੋਨੀਆਂ ਵਿਚ ਜਦੋਂ ਤੱਕ ਫੌਜ ਪਹੁੰਚੀ, ਵਧੇਰੇ ਸਿੱਖ ਤਬਾਹ ਹੋ ਚੁੱਕੇ ਸਨ। ਪੂਰਬੀ ਦਿੱਲੀ ਵਿਚ ਤ੍ਰਿਲੋਕਪੁਰੀ ਤੇ ਪੱਛਮੀ ਦਿੱਲੀ ਵਿਚ ਮੰਗੋਲਪੁਰੀ ਵਿਚ ਰਲਾ ਕੇ 700 ਤੋਂ 800 ਤੱਕ ਜਾਨਾਂ ਗਈਆਂ।"

**ਇਕ ਕੈਂਪ ਦਾ ਦੁਖਾਂਤ (ਇੰਡੀਅਨ ਐਕਸਪ੍ਰੈਸ, 16 ਨਵੰਬਰ 1984) :**

"ਇਸ ਘੱਲੂਘਾਰੇ ਦਾ ਸ਼ਿਕਾਰ ਹੋਏ ਵਿਅਕਤੀਆਂ ਲਈ ਜੋ ਕੈਂਪ ਲਾਏ ਗਏ, ਉਨ੍ਹਾਂ ਸਭ ਦੀ ਕਹਾਣੀ ਹੀ ਦੁਖਦਾਈ ਤੇ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਹੈ। ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰਾਂ-ਵੀਨਾ ਦਾਸ, ਆਰਕੇ.ਦਾਸ, ਮਨੋਰੰਜਨ ਮੋਹੰਤੀ, ਅਸ਼ੀਸ਼ ਨੰਦੀ ਨੇ ਰਾਣੀ ਬਾਗ਼ ਦਿੱਲੀ ਦੇ ਕੈਂਪ ਦਾ ਸਰਵੇਖਣ ਕੀਤਾ ਜਿੱਥੇ ਸੁਲਤਾਨਪੁਰੀ ਦਿੱਲੀ ਦੇ 400 ਬਚ ਗਏ ਵਿਅਕਤੀਆਂ, ਵਿਧਵਾਵਾਂ ਤੇ ਬੱਚਿਆਂ ਨਾਲ ਮੁਲਾਕਾਤ ਕੀਤੀ, ਉਹ ਇਸ ਪ੍ਰਕਾਰ ਹੈ :-

"ਇੱਥੇ ਹਾਜ਼ਰ ਬਹੁਤੇ ਸਿੱਖਾਂ ਨੂੰ ਦਾੜ੍ਹੀਆਂ ਮੁੰਨਵਾਉਣ ਲਈ ਮਜਬੂਰ ਕੀਤਾ ਗਿਆ ਸੀ। ਬਹੁਤ ਸਾਰੇ ਸਿੱਖਾਂ ਦੀਆਂ ਦਾੜ੍ਹੀਆਂ ਤੇ ਵਾਲ਼ ਕੈਂਪ ਵਿਚ ਪਹੁੰਚਣ ਤੋਂ ਪਹਿਲਾਂ ਪੁਲਿਸ ਇੰਸਪੈਕਟਰ ਦੀ ਦੇਖ-ਰੇਖ ਵਿਚ ਮੁੰਨੇ ਗਏ। ਇਹ ਲੋਕ ਇਸ ਘਟਨਾ ਕਾਰਨ ਅਜੇ ਵੀ ਭੈਅ-ਭੀਤ ਸਨ। ਲੋਕਾਂ ਦੇ ਲੱਗੀਆਂ ਸੱਟਾਂ, ਜ਼ਖ਼ਮ ਅਜੇ ਵੀ ਨਜ਼ਰ ਆ ਰਹੇ ਸਨ। ਕੁਝ ਔਰਤਾਂ ਨੇ ਅੱਗ ਨਾਲ ਸੜੇ ਅੰਗ ਦਿਖਾਏ। ਇਕ ਔਰਤ ਨੇ ਦੱਸਿਆ ਕਿ ਉਸ ਦੇ ਪਤੀ 'ਤੇ ਜਦੋਂ ਤੇਲ ਛਿੜਕ ਕੇ ਅੱਗ ਲਾਈ ਗਈ ਤਾਂ ਉਹ ਉਸ ਨੂੰ ਚਿੰਬੜ ਗਈ ਤੇ ਉਸ ਨੂੰ ਖਿੱਚ ਕੇ ਵੱਖਰਾ ਕੀਤਾ ਗਿਆ, ਇਉਂ ਉਹ ਝੁਲਸੀ ਗਈ। ਉਸ ਦੇ ਵੀ ਝਿੰਮਣੀਆਂ, ਭਰਵੱਟੇ, ਠੋਡੀ, ਹੱਥ ਸੜੇ ਹੋਏ ਸਨ। ਕਈ ਬੱਚੇ ਵੀ ਜ਼ਖਮੀ ਸਨ, ਉਨ੍ਹਾਂ ਦੇ ਸਿਰ ਪੱਟੀਆਂ ਬੱਝੀਆਂ ਹੋਈਆਂ ਸਨ। ਬਲਾਕ ਏ ਵਿਚ ਰਹਿੰਦੇ ਕੇਵਲ ਚਾਰ ਮਰਦ ਹੀ ਬਚੇ ਸਨ। ਬਾਕੀ ਸਭ ਮਾਰ ਦਿੱਤੇ ਗਏ। ਬਲਾਕ ਏ-4 ਅਤੇ ਸੀ-4 ਦੇ ਸਾਰੇ ਮਰਦ ਮਾਰੇ ਗਏ ਸਨ। ਸੀ-4 ਦੇ 60 ਮਰਦ ਮਾਰੇ ਗਏ। ਔਰਤਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਹਮਲਾਵਰ ਗੁੰਡਿਆਂ ਨੇ ਆਖਿਆ ਕਿ ਜੇ ਉਨ੍ਹਾਂ ਨੇ ਸ਼ੋਰ ਪਾਇਆ ਜਾਂ ਮਰਦਾਂ ਨੂੰ ਬਚਾਉਣ ਦਾ ਯਤਨ ਕੀਤਾ ਤਾਂ ਉਨ੍ਹਾਂ ਅਤੇ ਉਨ੍ਹਾਂ ਦੀਆਂ ਧੀਆਂ ਨਾਲ ਰੇਪ ਕੀਤਾ ਜਾਵੇਗਾ। ਨੌਜੁਆਨ ਮੁੰਡਿਆਂ ਨੂੰ ਮਾਵਾਂ ਤੇ ਕੁੜੀਆਂ ਦਾ ਲਿਬਾਸ ਪਹਿਨਾ ਕੇ ਬਚਾਇਆ, ਬੱਚਿਆਂ ਨੂੰ ਫਿਰ ਵੀ ਪਛਾਣ ਕੇ ਕੋਹ ਦਿੱਤਾ ਗਿਆ। ਅਸੀਂ ਸੁਲਤਾਨਪੁਰੀ ਕਾਲੋਨੀ ਵਿਚ ਜਾ ਕੇ ਦੇਖਿਆ ਕਿ ਕਿਵੇਂ ਪੂਰੀ ਸਕੀਮ ਨਾਲ ਤਬਾਹੀ ਮਚਾਈ ਗਈ ਸੀ। ਜਿਥੇ ਗਲੀਆਂ ਲਾਸ਼ਾਂ ਸਾੜੀਆਂ ਗਈਆਂ, ਉਥੇ ਹੁਣ ਰੇਤ ਪਾਈ ਗਈ ਸੀ। ਪਰ ਅਸੀਂ ਥੋੜੀ ਜਿਹੀ ਰੇਤ ਨੂੰ ਪਰ੍ਹਾਂ ਕਰਕੇ ਦੇਖਦੇ ਤਾਂ ਥੱਲੇ ਵਾਲ਼ ਲੱਭਦੇ ਜਾਂ ਕਿਤੇ-ਕਿਤੇ ਕੋਨਿਆਂ ਉਤੇ ਇਕੱਠੀ ਹੋਈ ਰਾਖ ਵਿਚ ਹੱਡੀਆਂ ਦੇ ਟੁਕੜੇ। ਟੁੱਟੇ-ਭੁੱਟੇ ਘਰ ਦੀਆਂ ਦੀਵਾਰਾਂ 'ਤੇ ਖੂਨ ਦੇ ਨਿਸ਼ਾਨ ਸਨ। ਆਬਾਦੀ ਵਿਚਲਾ ਗੁਰਦੁਆਰਾ ਬਿਲਕੁਲ ਹੀ ਸਵਾਹ ਹੋ ਚੁੱਕਾ ਸੀ। ਗਰੰਥੀ ਦੀ ਲਾਸ਼ ਦੀ ਰਾਖ ਉਥੇ ਹੀ ਪਈ ਸੀ। ਕੁਝ ਉਥੇ ਰਹਿ ਗਏ ਗੁਆਂਢੀ ਹਿੰਦੂਆਂ ਨੇ ਵੀ ਜੋ ਦੁਖਾਂਤ ਦੀ ਕਹਾਣੀ ਸੁਣਾਈ, ਉਸ ਤੋਂ ਲੜੀ ਇਉਂ ਬਣੀ : ਬਲਾਕ ਸੀ-4 ਦੇ ਸਿੱਖਾਂ ਦੇ ਘਰਾਂ 'ਤੇ 2 ਨਵੰਬਰ ਨੂੰ ਸਵੇਰੇ 10 ਵਜੇ ਹਮਲਾ ਕੀਤਾ ਗਿਆ, ਹਮਲਾਵਰ ਨੇੜੇ ਦੇ ਪਿੰਡ ਪੂਟ ਤੋਂ ਆਏ ਗੁੱਜਰ ਸਨ। ਕੁਝ ਲੋਕ ਸੀ ਬਲਾਕ ਤੋਂ ਵੀ ਉਨ੍ਹਾਂ ਦੇ ਨਾਲ ਸਨ। ਸਾਰੀ ਭੀੜ ਵਿਚ ਜਮਾਂਦਰ, ਚਮਾਰ, ਚੂੜ੍ਹੇ ਅਤੇ ਗੁੰਡੇ ਸਨ। ਉਨ੍ਹਾਂ ਨੇ ਘਰਾਂ ਦੀਆਂ ਚੀਜ਼ਾਂ ਲੁੱਟੀਆਂ, ਸਿੱਖ ਮਰਦਾਂ ਨੂੰ ਬਾਹਰ ਘੜੀਸਿਆ। ਕੁਝ ਹੋਰ ਸਿੱਖਾਂ ਕੋਲ ਜੋ ਡਾਂਗਾਂ-ਸੋਟੀਆਂ, ਇਕ-ਅੱਧ ਕੋਲ ਜੋ ਬੰਦੂਕ ਆਦਿ ਸੀ, ਉਹ ਬਾਹਰ ਆਏ। ਕੁਝ ਦੇਰ ਲੜਾਈ ਹੋਈ। ਇਨੀ ਦੇਰ ਨੂੰ ਪੁਲਿਸ ਤੇ ਐਸਐਚਓ. ਆ ਗਏ। ਪੁਲਿਸ ਨੇ ਭੀੜ ਨੂੰ ਖਿੰਡਾ ਦਿੱਤਾ ਅਤੇ ਸਿੱਖਾਂ ਨੂੰ ਹਿਰਾਸਤ ਵਿਚ ਲੈ ਲਿਆ। ਉਨ੍ਹਾਂ ਦੀਆਂ ਤਲਵਾਰਾਂ ਆਦਿ ਲੈ ਲਈਆਂ ਅਤੇ ਨਿਹੱਥਿਆਂ ਨੂੰ ਫਿਰ ਘਰ ਜਾਣ ਲਈ ਆਖਿਆ। ਹੁਣ ਫਿਰ ਭੀੜ ਆਈ ਤੇ ਉਨ੍ਹਾਂ ਨੇ ਸਿੱਖਾਂ ਨੂੰ ਘਰਾਂ ਵਿਚੋਂ ਕੱਢ ਕੇ ਕੁੱਟਿਆ ਮਾਰਿਆ, ਸਾੜਿਆ ਤੇ ਘਰਾਂ ਨੂੰ ਅੱਗ ਲਗਾਈ। ਜੋ ਮਰਦ ਬਚ ਗਏ ਉਨ੍ਹਾਂ 'ਤੇ ਹਮਲਾ ਅਗਲੀ ਸਵੇਰ ਫਿਰ ਕੀਤਾ ਗਿਆ। ਐਸਐਚਓ. ਹਰੀ ਰਾਮ ਭੱਟੀ ਨੇ ਸਿੱਖ ਮੁਖੀ ਸੁੰਦਰ ਸਿੰਘ ਨੂੰ ਆਪ ਗੋਲੀ ਨਾਲ ਮਾਰਿਆ। ਸਿੱਖਾਂ ਦੇ ਨਿਕਲਣ ਲਈ ਆਸ ਪਾਸ ਦੇ ਰਾਹ ਪੁਲਿਸ ਨੇ ਬੰਦ ਕਰ ਦਿੱਤੇ ਸਨ। ਇਉਂ ਐਸਐਚਓ. ਦੀ ਦੇਖ-ਰੇਖ ਵਿਚ ਹੀ ਇਹ ਸਾਰਾ ਦੁਖਾਂਤ ਵਾਪਰਿਆ। ਚਾਰ ਕੁੜੀਆਂ ਨੂੰ ਗੁੰਡੇ ਚੁੱਕ ਕੇ ਲੈ ਗਏ ਅਤੇ ਤੀਜੇ ਦਿਨ ਵਾਪਸ ਭੇਜੀਆਂ ਗਈਆਂ। ਕੈਂਪ ਵਿਚ ਕੁਝ ਔਰਤਾਂ ਇਹ ਸਭ ਕੁਝ ਦੱਸਦੀਆਂ ਬੇਹੋਸ਼ ਹੋ ਗਈਆਂ। ਏ-2 ਦੇ ਇਕ ਸਿੱਖ ਪਰਿਵਾਰ ਨੂੰ ਏ-4 ਦੇ ਪੂਰਬੀਆਂ ਨੇ ਲੁਕਾਈ ਰੱਖਿਆ। ਕੁਝ ਪਰਿਵਾਰਾਂ ਨੂੰ ਉਥੋਂ ਦੇ ਮੁਸਲਮਾਨ ਪਰਿਵਾਰਾਂ ਨੇ ਲੁਕਾਈ ਰੱਖਿਆ। ਕੁਝ ਹਿੰਦੂਆਂ ਨੂੰ ਗੁੰਡਿਆਂ ਨੇ ਡਰਾਇਆ ਵੀ ਕਿ ਉਨ੍ਹਾਂ ਦੇ ਬੱਚਿਆਂ ਨੂੰ ਕਤਲ ਕਰਨ ਤੇ ਔਰਤਾਂ ਨਾਲ ਰੇਪ ਕਰਨ ਦਾ ਡਰਾਵਾ ਦਿੱਤਾ। ਸਾਨੂੰ ਸਿੱਖਾਂ ਨੇ ਇਕ ਹਿੰਦੂ ਮਿਲਾਇਆ, ਜਿਸ ਨੇ 16 ਸਿੱਖਾਂ ਦੀ ਜਾਨ ਬਚਾਈ ਸੀ। ਫਿਰ ਵੀ ਇਥੇ ਕੇਵਲ ਨੌਜਵਾਨ ਸਿੱਖ ਹੀ ਮਾਰੇ ਗਏ। ਕੁਝ ਸਿੱਖ ਜੋ ਅਜੇ ਵੀ ਆਪਣੇ ਬਰਬਾਦ ਹੋਏ ਘਰਾਂ ਵਿਚ ਕਿਸੇ ਕੋਨੇ ਲੁਕੇ ਹੋਏ ਸਨ, ਜਦੋਂ ਉਹ ਆਪਣੀ ਭੁੱਖ ਪਿਆਸ ਤੋਂ ਆਤੁਰ ਹੋ ਕੇ ਬਾਹਰ ਨਿਕਲੇ ਤਾਂ ਉਨ੍ਹਾਂ ਨੂੰ ਉਦੋਂ ਮਾਰਿਆ ਗਿਆ।

ਕੈਂਪਾਂ ਵਿਚ ਜੋ ਵਿਅਕਤੀ ਹਾਜ਼ਰ ਸਨ, ਉਹ ਕਈ ਉਨ੍ਹਾਂ ਲੋਕਾਂ ਨੂੰ ਪਛਾਣਦੇ ਸਨ, ਜਿਨ੍ਹਾਂ ਨੇ ਬਾਹਰੋਂ ਗੁੰਡਿਆਂ ਨੂੰ ਉਤਸ਼ਾਹਤ ਕੀਤਾ, ਆਪ ਵੀ ਲੁੱਟਿਆ-ਪੁੱਟਿਆ ਅਤੇ ਕਤਲਾਮ ਵਿਚ ਹਿੱਸਾ ਲਿਆ। ਇਹ ਸਨ ਇਕ ਗੋਰਖਾ ਡੈਨੀ, ਪ੍ਰਾਪਰਟੀ ਡੀਲਰ ਪਰੇਮ ਚੰਦ, ਅਸ਼ੋਕ ਕੁਮਾਰ, ਸੁਨੀਲ ਕੁਮਾਰ ਆਦਿ। ਸੱਜਣ ਕੁਮਾਰ ਕਾਂਗਰਸੀ ਐਮਪੀ. ਦਾ ਖਾਸ ਏਜੰਟ ਜੈ ਕਿਸ਼ਨ ਇਨ੍ਹਾਂ ਦਾ ਨੇਤਾ ਸੀ। ਉਸ ਨੇ ਹੀ ਇਸ ਜ਼ੁਲਮ ਦਾ ਮਾਹੌਲ ਬਣਾਇਆ ਸੀ। ਹਵਾਲਦਾਰ ਜੈ ਭਗਵਾਨ ਨੇ ਇਕ ਘਰ ਵਿਚ ਇਕ ਔਰਤ ਨੂੰ ਬਚਾਉਣ ਦੇ ਬਹਾਨੇ ਦਾਖ਼ਲ ਹੋ ਕੇ ਉਸ ਦਾ ਰੇਪ ਕੀਤਾ।

ਇਸ ਆਬਾਦੀ ਵਿਚ ਵਧੇਰੇ ਸਿੱਖ ਰਾਜਿਸਥਾਨ (ਅਲਵਰ) ਤੋਂ ਆ ਕੇ ਵਸੇ ਸਨ ਜੋ ਪਹਿਲਾਂ ਸਿੰਧ ਪਕਿਸਤਾਨ ਤੋਂ ਉਥੇ ਆਏ ਸਨ। ਇਹ ਸਿੱਖ ਪੰਜਾਬੀ ਵੀ ਘੱਟ ਹੀ ਬੋਲ ਸਕਦੇ ਸਨ। ਆਪਣੇ ਰਵਾਇਤੀ ਧੰਦੇ ਕਰਦੇ ਸਨ, ਜਿਵੇਂ ਜੁਲਾਹਾ ਜਾਂ ਤਰਖਾਣਾ ਕੰਮ। ਕੁਝ ਸਬਜ਼ੀ ਵੇਚਦੇ ਸਨ, ਕੁਝ ਸਕੂਟਰ-ਰਿਕਸ਼ਾ ਚਲਾਉਂਦੇ ਸਨ। ਐਮਰਜੈਂਸੀ ਵਿਚ ਇਨ੍ਹਾਂ ਨੂੰ ਝੁੱਗੀਆਂ ਝੌਂਪੜੀਆਂ ਵਿਚੋਂ ਕੱਢ ਕੇ ਇੱਥੇ ਵਸਾਇਆ ਗਿਆ ਸੀ। ਪਿਛਲੇ ਕੁਝ ਸਾਲਾਂ ਵਿਚ ਕੁਝ ਮਰਦ ਅਰਬ ਦੇਸ਼ਾਂ ਵਿਚ ਜਾ ਕੇ ਮਿਹਨਤ ਮਜ਼ਦੂਰੀ ਕਰਕੇ ਵੀ ਪੈਸੇ ਕਮਾ ਕੇ ਲਿਆਉਂਦੇ ਸਨ। ਅਜੇ ਮਸਾਂ ਉਨ੍ਹਾਂ ਆਪਣੇ ਕਰਜ਼ੇ ਹੀ ਲਾਹੇ ਸਨ, ਇਉਂ ਇਨ੍ਹਾਂ ਲੋਕਾਂ ਦਾ ਤਾਂ ਸਮੇਂ ਦੀ ਪੰਜਾਬ ਦੀ ਸਿਆਸਤ ਨਾਲ ਦੂਰ-ਪਾਰ ਦਾ ਵੀ ਕੋਈ ਸੰਬੰਧ ਨਹੀਂ ਸੀ। ਸਗੋਂ ਸਾਰੇ ਹੀ ਕਾਂਗਰਸ ਦੇ ਵੋਟਰ ਸਨ। ਇਸ ਕੈਂਪ ਵਿਚੋਂ ਕੋਈ ਵਾਪਸ ਸੁਲਤਾਨਪੁਰੀ ਮੁੜਨ ਲਈ ਤਿਆਰ ਨਹੀਂ ਸੀ। ਉਨ੍ਹਾਂ ਨੂੰ ਆਪਣੇ ਬੱਚਿਆਂ ਦੀਆਂ ਚੀਕਾਂ ਸੁਣਦੀਆਂ ਸਨ। ਔਰਤਾਂ ਨੂੰ ਆਪਣੇ ਸੜ ਰਹੇ ਪਤੀਆਂ ਦੇ ਦ੍ਰਿਸ਼ ਨਜ਼ਰ ਆ ਰਹੇ ਸਨ। ਉਨ੍ਹਾਂ ਕੋਲ ਵਸਣ ਲਈ ਕੁਝ ਵੀ ਨਹੀਂ ਸੀ। ਪੁਲਿਸੀਆਂ ਦੀਆਂ ਅੱਖਾਂ ਉਨ੍ਹਾਂ ਨੂੰ ਘੂਰ ਰਹੀਆਂ ਸਨ। ਅਸੀਂ 12 ਨਵੰਬਰ ਨੂੰ ਜਦੋਂ ਫਿਰ ਕੈਂਪ ਪੁੱਜੇ ਤਾਂ ਸਾਡੇ ਡਰ ਠੀਕ ਨਿਕਲੇ। ਵਧੇਰੇ ਲੋਕਾਂ ਨੂੰ ਜਬਰੀ ਕੈਂਪਾਂ ਵਿਚੋਂ ਭੇਜ ਦਿੱਤਾ ਗਿਆ ਸੀ, ਪੰਜਾਹ-ਪੰਜਾਹ ਰੁਪਏ ਦੇ ਕੇ। ਉਹ ਵੀ ਅੱਧੇ ਲੋਕਾਂ ਦੇ ਹੱਥਾਂ 'ਚ ਨਹੀਂ ਪਹੁੰਚੇ। ਜਦੋਂ ਅਸੀਂ ਉਥੇ ਉਨ੍ਹਾਂ ਲੋਕਾਂ ਕੋਲ ਪਹੁੰਚੇ, ਉਹ 24 ਘੰਟੇ ਤੋਂ ਭੁੱਖੇ ਭਾਣੇ ਸਨ। ਪੁਲਿਸ ਭੋਲੇ-ਭਾਲੇ ਲੋਕਾਂ ਤੋਂ ਦਸਤਖਤ ਕਰਵਾ ਰਹੀ ਸੀ ਕਿ ਉਹ ਆਪਣੇ ਹਮਲਾਵਰਾਂ ਨੂੰ ਨਹੀਂ ਪਛਾਣਦੇ।"

ਇਹ ਇਕ ਕੈਂਪ ਦੀ ਕਹਾਣੀ ਹੈ, ਅਨੁਮਾਨ ਲਾਓ ਕੈਂਪਾਂ ਦੇ ਦੁਖਾਂਤ ਦਾ।"

**ਦਿੱਲੀ ਦਾ ਘੱਲੂਘਾਰਾ ਸੋਚੀ ਸਮਝੀ ਸਕੀਮ ਅਨੁਸਾਰ ਹੋਇਆ (ਸੰਡੇ ਅਬਜ਼ਰਬਰ, 25 ਨਵੰਬਰ 1984) :**

"ਪੀਪਲਜ਼ ਯੂਨੀਅਨ ਫਾਰ ਡੈਮੋਕ੍ਰੇਟਿਕ ਰਾਈਟਸ ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਨੇ ਇਕ ਰਿਪੋਰਟ ਵਿਚ ਆਖਿਆ ਹੈ ਕਿ 1 ਨਵੰਬਰ ਤੋਂ 10 ਨਵੰਬਰ 1984 ਤੱਕ ਜੋ ਕੁਝ ਵੀ ਵਾਪਰਿਆ, ਇਹ ਇਕ ਸੋਚੀ ਸਮਝੀ ਯੋਜਨਾ ਦੇ ਅਨੁਸਾਰ ਹੀ ਵਾਪਰਿਆ। ਇਸ ਵਿਚ ਕਾਂਗਰਸ (ਇੰ.) ਦੇ ਨੇਤਾ ਅਤੇ ਪ੍ਰਸ਼ਾਸਨ ਦੇ ਅਧਿਕਾਰੀ ਸ਼ਾਮਲ ਸਨ। ਭਾਵੇਂ ਇਸ ਗੱਲ ਨੂੰ ਅਮਲ ਵਿਚ ਕੁਝ ਗਰੁੱਪਾਂ ਨੇ ਹੀ ਲਿਆਂਦਾ। ਪੁਲਿਸ ਲਗਭਗ ਸਾਰੇ ਦੁਖਾਂਤ ਦੀ ਜਾਣਬੁੱਝ ਕੇ ਹੀ ਮੂਕ-ਦਰਸ਼ਕ ਬਣੀ ਰਹੀ ਜਾਂ ਸਿੱਖਾਂ ਦੇ ਖਿਲਾਫ਼ ਸਾਹਮਣੇ ਆਈ ਹਿੰਸਾ ਵਿਚ ਜਾਣ ਕੇ ਭਾਗੀਦਾਰ ਬਣੀ। ਖਾਸ ਤੌਰ 'ਤੇ ਤ੍ਰਿਲੋਕਪੁਰੀ ਵਿਚ ਪੁਲਿਸ ਹਿੰਸਾਵਾਦੀਆਂ ਦੇ ਨਾਲ ਸ਼ਾਮਲ ਸੀ। ਆਪਣੀਆਂ ਜੀਪਾਂ ਵਿਚੋਂ ਹਿੰਸਾਵਾਦੀਆਂ ਨੂੰ ਤੇਲ ਦਿੱਤਾ ਗਿਆ। ਐਸਐਚਓ. ਸੁਰਵੀਰ ਸਿੰਘ ਉਦੋਂ ਉਥੇ ਪਹੁੰਚਿਆ ਜਦੋਂ ਤ੍ਰਿਲੋਕਪੁਰੀ ਵਿਚ ਲੁੱਟਮਾਰ ਤੇ ਕਤਲਾਮ ਜਾਰੀ ਸੀ। ਜੋ ਸਿਪਾਹੀ ਉਥੇ ਹਾਜ਼ਰ ਵੀ ਸਨ, ਉਨ੍ਹਾਂ ਦੀ ਡਿਊਟੀ ਹਟਾ ਲਈ ਤਾਂ ਕਿ ਹਿੰਸਾਵਾਦੀ ਖੁੱਲ੍ਹੇ ਤੌਰ 'ਤੇ ਲੁੱਟਮਾਰ, ਕਤਲਾਮ ਅਤੇ ਔਰਤਾਂ ਦੇ ਰੇਪ ਕਰ ਸਕਣ। ਸ਼ਕਰਪੁਰ ਦੇ ਏਐਸਪੀ.

"ਕੁਝ ਹੋਰ ਸਿੱਖਾਂ ਕੋਲ ਜੋ ਡਾਂਗਾਂ-ਸੋਟੀਆਂ, ਇਕ-ਅੱਧ ਕੋਲ ਜੋ ਬੰਦੂਕ ਆਦਿ ਸੀ, ਉਹ ਬਾਹਰ ਆਏ। ਕੁਝ ਦੇਰ ਲੜਾਈ ਹੋਈ। ਇਨੀ ਦੇਰ ਨੂੰ ਪੁਲਿਸ ਤੇ ਐਸਐਚਓ. ਆ ਗਏ। ਪੁਲਿਸ ਨੇ ਭੀੜ ਨੂੰ ਖਿੰਡਾ ਦਿੱਤਾ ਅਤੇ ਸਿੱਖਾਂ ਨੂੰ ਹਿਰਾਸਤ ਵਿਚ ਲੈ ਲਿਆ। ਉਨ੍ਹਾਂ ਦੀਆਂ ਤਲਵਾਰਾਂ ਆਦਿ ਲੈ ਲਈਆਂ ਤੇ ਨਿਹੱਥਿਆਂ ਨੂੰ ਫਿਰ ਘਰ ਜਾਣ ਲਈ ਆਖਿਆ। ਹੁਣ ਫਿਰ ਭੀੜ ਆਈ ਤੇ ਉਨ੍ਹਾਂ ਨੇ ਸਿੱਖਾਂ ਨੂੰ ਘਰਾਂ ਵਿਚੋਂ ਕੱਢ ਕੇ ਕੁੱਟਿਆ ਮਾਰਿਆ, ਸਾੜਿਆ ਤੇ ਘਰਾਂ ਨੂੰ ਅੱਗ ਲਗਾਈ। ਜੋ ਮਰਦ ਬਚ ਗਏ ਉਨ੍ਹਾਂ 'ਤੇ ਹਮਲਾ ਅਗਲੀ ਸਵੇਰ ਫਿਰ ਕੀਤਾ ਗਿਆ। ਐਸਐਚਓ. ਹਰੀ ਰਾਮ ਭੱਟੀ ਨੇ ਸਿੱਖ ਮੁਖੀ ਸੁੰਦਰ ਸਿੰਘ ਨੂੰ ਆਪ ਗੋਲੀ ਨਾਲ ਮਾਰਿਆ। ਸਿੱਖਾਂ ਦੇ ਨਿਕਲਣ ਲਈ ਆਸ-ਪਾਸ ਦੇ ਰਾਹ ਪੁਲਿਸ ਨੇ ਬੰਦ ਕਰ ਦਿੱਤੇ। ਇਉਂ ਐਸ.ਐਚ.ਓ. ਦੀ ਦੇਖ ਰੇਖ ਵਿਚ ਹੀ ਇਹ ਸਾਰਾ ਦੁਖਾਂਤ ਵਾਪਰਿਆ।"

"ਪੁਲਿਸ ਭੋਲੇ ਭਾਲੇ ਲੋਕਾਂ ਤੋਂ ਦਸਤਖਤ ਕਰਵਾ ਰਹੀ ਸੀ ਕਿ ਉਹ ਆਪਣੇ ਹਮਲਾਵਰਾਂ ਨੂੰ ਨਹੀਂ ਪਛਾਣਦੇ। ਇਹ ਇਕ ਕੈਂਪ ਦੀ ਕਹਾਣੀ ਹੈ, ਅਨੁਮਾਨ ਲਾਓ ਕੈਂਪਾਂ ਦੇ ਦੁਖਾਂਤ ਦਾ।"

"ਬਹੁਤ ਸਾਰੇ ਸਿੱਖਾਂ ਦੀਆਂ ਦਾੜ੍ਹੀਆਂ ਅਤੇ ਵਾਲ਼ ਕੈਂਪਾਂ ਵਿਚ ਪਹੁੰਚਣ ਤੋਂ ਪਹਿਲਾਂ ਪੁਲਿਸ ਇੰਸਪੈਕਟਰ ਦੀ ਦੇਖ-ਰੇਖ ਵਿਚ ਮੁੰਨੇ ਗਏ। ਇਹ ਲੋਕ ਇਸ ਘਟਨਾ ਕਾਰਨ ਅਜੇ ਵੀ ਭੈ-ਭੀਤ ਸਨ।"

ਮਲਹੋਤਰਾ ਨੇ ਲਕਸ਼ਮੀਨਗਰ ਅਤੇ ਗੁਰੂਨੰਗਲ ਨਗਰ ਵਿਚ ਭੀੜ ਨੂੰ ਉਕਸਾਇਆ ਕਿ ਉਹ ਗੁਰਦੁਆਰੇ ਨੂੰ ਅੱਗ ਲਾ ਦੇਣ ਅਤੇ ਤਰਲੋਚਨ ਸਿੰਘ ਭਾਟੀਆ (ਕਾਂਗਰਸ ਇੰ.) ਦਾ ਖ਼ੂਨ ਕਰ ਦੇਣ। ਮਲਹੋਤਰਾ ਭੀੜ ਦੇ ਨਾਲ ਸੀ। ਉਸ ਨੇ ਭੀੜ ਨੂੰ ਹਥਿਆਰ ਵੀ ਦਿੱਤੇ। ਇਸ ਰਿਪੋਰਟ ਨੇ ਸ੍ਰੀ ਐਚਕੇਐਲ. ਭਗਤ ਬ੍ਰਾਡਕਾਸਟਿੰਗ ਮਨਿਸਟਰ ਨੂੰ ਇਸ ਸਥਿਤੀ ਲਈ ਖਾਸ ਜ਼ਿੰਮੇਵਾਰ ਠਹਿਰਾਇਆ। ਗਾਂਧੀਨਗਰ ਦੇ ਥਾਣੇ ਉਹ ਉਨ੍ਹਾਂ ਦੋਸ਼ੀ ਲੋਕਾਂ ਨੂੰ ਛੁਡਾਉਣ ਲਈ ਪਹੁੰਚਿਆ, ਜਿਨ੍ਹਾਂ ਨੂੰ ਇਸ ਕਤਲਾਮ ਪਿਛੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਕ ਸੀਨੀਅਰ ਪੁਲਿਸ ਅਫ਼ਸਰ ਨੇ ਇਸ ਬਾਰੇ ਦੱਸਦਿਆਂ ਇਹ ਕਿਹਾ, "ਸ਼ੇਰ ਪਿੰਜਰੇ ਸੇ ਨਿਕਾਲ ਦੀਆ, ਫਿਰ ਕਹਿਤੇ ਹੈ ਪਕੜ ਕੇ ਲੇ ਆਊਂ।" 5 ਨਵੰਬਰ ਨੂੰ ਕਾਂਗਰਸੀ ਐਮਪੀ. ਧਰਮਦਾਸ ਸ਼ਾਸਤਰੀ ਕਰੋਲ ਬਾਗ ਥਾਣੇ ਪਹੁੰਚਿਆ ਤੇ ਉਹ ਆਦਮੀ ਛੱਡ ਦੇਣ ਲਈ ਆਖਿਆ ਜੋ ਇਸ ਸਬੰਧੀ ਫੜੇ ਗਏ ਸਨ। ਇਕ ਹੋਰ ਕਾਂਗਰਸੀ ਐਮਪੀ. ਜਗਦੀਸ਼ ਟਾਈਟਲਰ 6 ਨਵੰਬਰ ਨੂੰ ਇਕ ਪ੍ਰੈਸ ਕਾਨਫਰੰਸ ਵਿਚ ਪੁਲਿਸ ਦੇ ਅਧਿਕਾਰੀਆਂ ਨੂੰ ਕਹਿਣ ਲੱਗਾ, "ਤੁਸੀਂ ਮੇਰੇ ਆਦਮੀ ਫੜ ਕੇ ਰਿਲੀਫ਼ ਦੇ ਕੰਮ ਵਿਚ ਵਿਘਨ ਪਾ ਰਹੇ ਹੋ।" ਇਉਂ ਇਕ ਹੋਰ ਕਾਂਗਰਸੀ ਐਮ.ਪੀ. ਸੱਜਣ ਕੁਮਾਰ ਨੇ ਮੰਗੋਲਪੁਰੀ ਵਿਚ ਹਰੇਕ ਲੁਟੇਰੇ ਤੇ ਊਧਮ ਮਚਾਉਣ ਵਾਲੇ ਨੂੰ ਸ਼ਰਾਬ ਦੀ ਬੋਤਲ ਅਤੇ ਪੈਸੇ ਦਿੱਤੇ। ਇਉਂ ਹੀ ਇਸ ਰਿਪੋਰਟ ਵਿਚ ਲਲਿਤ ਮਾਕਨ, ਬਾਬੂਰਾਮ ਸ਼ਰਮਾ, ਡਾ. ਅਸ਼ੋਕ ਕੁਮਾਰ, ਜਗਦੀਸ਼ ਚੰਦਰ, ਈਸ਼ਰ ਸਿੰਘ, ਫੈਜ਼ ਅਹਿਮਦ ਅਤੇ ਕਈ ਹੋਰ ਸਥਾਨਕ ਕਾਂਗਰਸੀਆਂ ਨੂੰ ਇਸ ਦੁਖਾਂਤ ਵਿਚ ਸਰਗਰਮ ਦੱਸਿਆ ਹੈ।"

**ਘੱਲੂਘਾਰਾ ਹੋਰ ਸ਼ਹਿਰਾਂ ਵਿਚ**

**(ਰਵੀਵਾਰ, 11-17 ਨਵੰਬਰ 1984) :**

ਭਾਰਤ ਦੇ ਹਰ ਪ੍ਰਦੇਸ਼ ਤੇ ਹਰ ਵਿਸ਼ੇਸ਼ ਨਗਰ ਵਿਚ ਇਹ ਘੱਲੂਘਾਰਾ ਹੋਇਆ ਹੈ। ਕਸ਼ਮੀਰ ਤੋਂ ਲੈ ਕੇ ਬੰਗਾਲ ਤੱਕ, ਬੰਬਈ ਤੱਕ ਹੋਰ ਨਗਰਾਂ ਤੱਕ। ਕੁਝ ਕੁ ਪ੍ਰਦੇਸ਼ਾਂ ਤੇ ਸ਼ਹਿਰਾਂ ਬਾਰੇ ਚਰਚਾ ਇਉਂ ਹੈ :

**ਉੱਤਰ ਪ੍ਰਦੇਸ਼** : "31 ਅਕਤੂਬਰ ਨੂੰ ਦੁਪਹਿਰ ਤੋਂ ਪਹਿਲੀ ਨਵੰਬਰ ਦੀ ਸ਼ਾਮ ਤੱਕ ਉੱਤਰ ਪ੍ਰਦੇਸ਼ ਵਿਚ ਕਿਤੇ ਵੀ ਸਰਕਾਰ ਨਹੀਂ ਸੀ। 31 ਦੀ ਸ਼ਾਮ ਨੂੰ ਜਿੱਥੇ ਵੀ ਸਿੱਖ ਸੜਕ 'ਤੇ ਦਿਖਾਈ ਦਿੰਦਾ, ਉਸ ਨੂੰ ਫੜ ਕੇ ਕੁੱਟਿਆ ਜਾਂਦਾ, ਪੱਗ ਸਾੜ ਦਿੱਤੀ ਜਾਂਦੀ। ਰਾਤ ਨੂੰ ਲੁੱਟ ਮਾਰ ਤੇ ਸਾੜ ਫੂਕ ਸ਼ੁਰੂ ਹੋਈ। ਗੱਲ ਇੰਦਰਾ ਗਾਂਧੀ ਦੇ ਸ਼ਹਿਰ ਇਲਾਹਾਬਾਦ ਤੋਂ ਹੀ ਸ਼ੁਰੂ ਕਰੀਏ। 3 ਵਜੇ ਤੱਕ 180 ਥਾਵਾਂ ਤੇ ਸਾੜ ਫੂਕ ਹੋ ਚੁੱਕੀ ਸੀ। ਇਸ ਪਿਛੋਂ ਸ਼ਹਿਰ ਨੂੰ ਫੌਜ ਦੇ ਹਵਾਲੇ ਕੀਤਾ ਗਿਆ। ਹਰ ਪਾਸੇ ਅੱਗ ਤੇ ਧੂੰਆਂ ਨਜ਼ਰ ਆ ਰਿਹਾ ਸੀ। ਉੱਤਰ ਪ੍ਰਦੇਸ਼ ਦਾ ਐਸਾ ਕੋਈ ਜ਼ਿਲ੍ਹਾ ਨਹੀਂ ਸੀ, ਜਿੱਥੇ ਇਹ ਅੱਗ ਨਾ ਫੈਲੀ। ਅਮੇਠੀ 'ਚ ਤੋੜ-ਫੋੜ ਹੋਈ, ਸੁਲਤਾਨਪੁਰ, ਹਰਦੋਈ, ਫੈਜ਼ਾਬਾਦ, ਇਲਾਹਾਬਾਦ, ਬਨਾਰਸ, ਬਾਂਦਾ, ਗੋਂਡਾ, ਰੁਦਰਪੁਰ, ਰਾਮਪੁਰ, ਮੁਰਾਦਾਬਾਦ, ਹਾਪੁੜ, ਪਿਲਖੁਆ, ਮਥੁਰਾ, ਫਿਰੋਜ਼ਾਬਾਦ ਤੇ ਆਗਰਾ ਸਭ ਥਾਂ ਕਰਫਿਊ ਲਾਇਆ ਗਿਆ। ਹਰ ਥਾਂ ਸਕੂਟਰ, ਕਾਰਾਂ, ਟਰੱਕ ਤੇ ਮਕਾਨ ਸਾੜੇ ਗਏ। ਉੱਤਰ ਪ੍ਰਦੇਸ਼ ਵਿਚ ਸਿੱਖਾਂ ਦੇ ਕਾਫ਼ੀ ਸਿਨੇਮਾ ਘਰ ਹਨ, ਉਨ੍ਹਾਂ 'ਚ ਪਤਾ ਨਹੀਂ ਕਿੰਨੇ ਕੁ ਬਚੇ ਹਨ। ਰਾਜਧਾਨੀ ਲਖਨਊ ਵਿਚ ਚਾਰਬਾਗ ਸਟੇਸ਼ਨ 'ਤੇ ਤਿੰਨ ਸਿੱਖਾਂ ਨੂੰ ਪੰਜਾਬ ਮੇਲ ਤੋਂ ਉਤਾਰ ਕੇ ਜਿੰਦਾ ਜਲਾ ਦਿੱਤਾ ਗਿਆ ਕਿਉਂਕਿ

> "ਕਿਤੇ ਕਿਤੇ ਤਾਂ ਲਾਸ਼ਾਂ ਢੋਣ ਦੇ ਲਈ ਬੁਲਾਏ ਗਏ ਪ੍ਰਸ਼ਾਸਨ ਦੇ ਟਰੱਕ ਲੁੱਟਮਾਰ ਦਾ ਮਾਲ ਢੋਅ ਰਹੇ ਸਨ।"

ਉਥੇ ਇਹ ਅਫ਼ਵਾਹ ਸੀ ਕਿ ਪੰਜਾਬ ਮੇਲ ਵਿਚ ਹਿੰਦੂਆਂ ਦੀਆਂ ਲਾਸ਼ਾਂ ਆਈਆਂ ਹਨ। ਕੇਵਲ ਕਾਨਪੁਰ ਸ਼ਹਿਰ ਵਿਚ ਹੀ 6 ਕਰੋੜ ਤੋਂ ਵੱਧ ਦੀ ਸੰਪਤੀ ਦੇ ਨੁਕਸਾਨ ਦਾ ਅੰਦਾਜ਼ਾ ਹੈ। ਇਹ ਨਿਸ਼ਚਿਤ ਹੈ ਕਿ ਜੇ ਅਧਿਕਾਰੀ ਚਾਹੁੰਦੇ ਤਾਂ ਇਸ ਪੈਮਾਨੇ 'ਤੇ ਸਾੜ ਫੂਕ ਨਾ ਹੁੰਦੀ, ਇੱਕਾ-ਦੁੱਕਾ ਘਟਨਾਵਾਂ ਹੋ ਕੇ ਰਹਿ ਜਾਂਦੀਆਂ। ਕਈ ਥਾਵਾਂ 'ਤੇ ਪੁਲਿਸ ਆਪ ਲੁੱਟਣ ਵਾਲਿਆਂ ਵਿਚ ਸ਼ਾਮਲ ਸੀ। ਕਿਤੇ ਕਿਤੇ ਤਾਂ ਲਾਸ਼ਾਂ ਢੋਹਣ ਲਈ ਬੁਲਾਏ ਗਏ ਪ੍ਰਸ਼ਾਸਨ ਦੇ ਟਰੱਕ ਲੁੱਟਮਾਰ ਦਾ ਮਾਲ ਢੋਅ ਰਹੇ ਸਨ।"

"ਕਾਨਪੁਰ ਵਿਚ ਸਿੱਖ ਅਬਾਦੀ ਕਾਫ਼ੀ ਸੀ। ਦਿੱਲੀ ਤੋਂ ਪਿਛੋਂ ਇੱਥੇ ਹੀ ਮੌਤ ਦਾ ਤਾਂਡਵ ਸਭ ਤੋਂ ਵੱਧ ਨਜ਼ਰ ਆਇਆ ਹੈ। ਇੱਥੇ ਸਿੱਖ ਪਰਿਵਾਰਾਂ (ਸਿੱਧੂ ਇੰਡੀਅਨ ਆਇਲ ਦੇ ਮਾਲਕ ਇੰਦਰਜੀਤ ਸਿੰਘ ਦੇ ਪਰਿਵਾਰ ਦੀ ਉਦਾਹਰਣ ਸਾਹਮਣੇ ਹੈ) ਨੂੰ ਜਿੰਦਾ ਜਲਾ ਦਿੱਤਾ ਗਿਆ। ਤੇਲ ਦੇ ਟੈਂਕਰਾਂ 'ਚ ਸੁੱਟਿਆ





ਗਿਆ। ਛੱਤ ਤੋਂ ਔਰਤਾਂ ਨੂੰ ਥੱਲੇ ਸੁੱਟਿਆ। 72 ਘੰਟੇ ਲਗਾਤਾਰ ਜ਼ੁਲਮ ਦੀ ਇਹ ਕਹਾਣੀ ਜਾਰੀ ਰਹੀ। ਇਕ ਸਿੱਖ ਨੇ ਹਮਲਾਵਰਾਂ ਦਾ ਟਾਕਰਾ ਢਾਈ ਘੰਟੇ ਤੱਕ ਮਿਰਚਾਂ ਦਾ ਚੂਰਾ ਵਰਸਾ ਕੇ ਕੀਤਾ ਪਰ ਅਖ਼ੀਰ ਉਸ ਨੂੰ ਵੀ ਸਾੜ ਸੁੱਟਿਆ ਗਿਆ। ਬਾਬੂ ਪੂਰਵਾ ਦੇਵ ਖਾਲਸਾ ਹਾਇਰ ਸੈਕੰਡਰੀ ਸਕੂਲ ਦੇ ਹੈਡਮਾਸਟਰ ਨੇ ਵੀ ਕਈ ਘੰਟੇ ਗੋਲੀ ਚਲਾ ਕੇ ਹਮਲਾਵਰਾਂ ਨੂੰ ਦੂਰ ਰੱਖਿਆ ਪਰ ਅਖੀਰ ਉਸ ਨੂੰ ਵੀ ਮਾਰ ਦਿੱਤਾ ਗਿਆ। ਉਸ ਦੀ ਪਤਨੀ ਤੇ ਮਾਂ ਨੇ ਛੱਤ ਤੋਂ ਕੁੱਦ ਕੇ ਜਾਨ ਦੇ ਦਿੱਤੀ। ਵੀਹ ਸਾਲ ਦੀ ਕੁੜੀ ਨੇ ਆਪ ਹੀ ਅੱਗ ਵਿਚ ਛਾਲ ਮਾਰ ਦਿੱਤੀ। ਇਕ 18 ਮਹੀਨੇ ਦੀ ਬੱਚੀ ਨੂੰ ਅੱਗ ਵਿਚ ਸੁੱਟਿਆ ਗਿਆ। ਗੁਰਜਿੰਦਰ ਚਾਵਲਾ ਨੇ ਆਪਣੇ ਪਤੀ ਨੂੰ ਬਚਾਉਣ ਲਈ ਫਸਾਦੀਆਂ ਨੂੰ 40 ਹਜ਼ਾਰ ਰੁਪਏ ਦਿੱਤੇ। ਉਹ ਪੈਸੇ ਵੀ ਲੈ ਗਏ ਅਤੇ ਉਸ ਦੇ ਸਾਹਮਣੇ ਹੀ ਉਸ ਦਾ ਪਤੀ ਵੀ ਕਤਲ ਕਰ ਦਿੱਤਾ।

"ਕਾਨਪੁਰ ਵਿਚ 2 ਲੱਖ ਸਿੱਖ ਰਹਿੰਦੇ ਹਨ ਪਰ ਇਸ ਘੱਲੂਘਾਰੇ ਵਿਚ ਕੋਈ ਵੀ ਹਾਦਸੇ ਤੋਂ ਅਛੂਤਾ ਨਹੀਂ ਰਿਹਾ। ਇਥੇ 200 ਮੌਤਾਂ ਹੋਈਆਂ ਹਨ। ਫੂਲਬਾਗ, ਚੌਕ ਸਰਾਭਾ, ਪ੍ਰੇਮ ਨਗਰ, ਜਵਾਹਰ ਨਗਰ, ਗੋਵਿੰਦ ਨਗਰ, ਦਾਦਾ ਨਗਰ ਗੁਮਟੀ ਨੰ. 6, ਪੀ.ਰੋਡ, ਵਿਜੈ ਨਗਰ, ਬਾਰਾਂ ਦੇਵੀ, ਨਿਰਾਲਾ ਨਗਰ ਸਮੇਤ ਸਾਰਾ ਪੱਛਮੀ ਖੇਤਰ ਅੱਗ ਤੇ ਤੋੜ-ਫੋੜ ਦੀ ਲਪੇਟ ਵਿਚ ਸੀ। ਨਵੀਨ ਮਾਰਕੀਟ ਵਿਚ 29 ਦੁਕਾਨਾਂ ਸਾੜੀਆਂ ਗਈਆਂ। ਦੀਪ, ਨਿਖਾਰ ਪੈਲੇਸ, ਲਾਲ ਪੈਲੇਸ, ਗੁਰਦੇਵ ਪੈਲੇਸ ਤੇ ਸੰਗ ਸਿਨੇਮੇ ਨੂੰ ਸਾੜ ਸੁੱਟਿਆ ਗਿਆ। ਔਰਤਾਂ ਨਾਲ ਕੀ ਵਿਹਾਰ ਹੋਇਆ? ਨਾ ਅਸੀਂ ਪੁੱਛਿਆ, ਨਾ ਸਾਨੂੰ ਸ਼ਰਮ ਦੇ ਮਾਰਿਆਂ ਕਿਸੇ ਨੇ ਦੱਸਿਆ। ਕੇਵਲ ਖੂਬਸੂਰਤ ਚਿਹਰਿਆਂ ਤੇ ਜਲਦੀਆਂ ਅੱਖੀਆਂ ਹੀ ਸਾਨੂੰ ਨਜ਼ਰ ਆਈਆਂ, ਜੋ ਪੂਰੀ ਕਹਾਣੀ ਕਹਿ ਰਹੀਆਂ ਸਨ। ਫੌਜ ਨੇ 11 ਪੁਲਿਸੀਆਂ ਨੂੰ ਲੁੱਟਮਾਰ ਕਰਨ ਦੇ ਦੋਸ਼ ਵਿਚ ਬੰਦੀ ਬਣਾਇਆ ਹੈ। ਕਾਨਪੁਰ ਵਿਚ ਕੇਵਲ ਗੋਬਿੰਦ ਨਗਰ ਲੇਬਰ ਕਾਲੋਨੀ ਹੀ ਅਜਿਹੀ ਹੈ ਜਿੱਥੇ ਕੋਈ ਨੁਕਸਾਨ ਨਹੀਂ ਹੋਇਆ ਕਿਉਂਕਿ ਸਾਰੀ ਰਾਤ ਹਿੰਦੂ-ਸਿੱਖ ਮਿਲ ਕੇ ਹਮਲਾਵਰਾਂ ਦਾ ਸਾਹਮਣਾ ਕਰਦੇ ਰਹੇ। ਸ਼ਰਨਾਰਥੀਆਂ ਦਾ ਕਹਿਣਾ ਹੈ ਕਿ ਕਾਂਗਰਸ ਦੇ ਨੇਤਾਵਾਂ ਨੇ ਹੀ ਉਨ੍ਹਾਂ ਨੂੰ ਲੁੱਟਵਾਇਆ।"

ਬੋਕਾਰੋ : "1 ਨਵੰਬਰ ਦੀ ਸਵੇਰ ਕੋਇਲੇ ਦੇ ਸਥਾਨਾਂ ਦੇ ਸਿੱਖਾਂ ਲਈ ਤਬਾਹੀ ਦਾ ਸੰਦੇਸ਼ ਲਿਆਈ। ਮਾਰ-ਕੁਟਾਈ ਦੀ ਪਹਿਲੀ ਘਟਨਾ ਝਰੀਆ ਤੋਂ ਸ਼ੁਰੂ ਹੋਈ। ਕੁਲਦੀਪ ਸਿੰਘ ਨਾਂ ਦੇ ਵਿਅਕਤੀ ਦੀ ਕਾਰ ਸਾੜ ਦਿੱਤੀ ਗਈ। ਦੁਕਾਨਾਂ ਦੀ ਲੁੱਟਮਾਰ ਸ਼ੁਰੂ ਹੋ ਗਈ। ਧਨਵਾਦ, ਸਿੰਦਰੀ ਤੇ ਬੋਕਾਰੋ ਵਿਚ ਵੀ ਉਦੋਂ ਹੀ ਲੁੱਟਮਾਰ, ਸਾੜ-ਫੂਕ ਸ਼ੁਰੂ ਹੋ ਗਈ। ਚਾਸ ਬਾਜ਼ਾਰ ਵਿਚ ਧਨਵਾਦ ਦੇ ਜੋਰਾ ਫਾਟਕ ਰੋਡ ਅਤੇ ਮਨਈ ਟਾਂਡ ਵਾਂਗ ਸਿੱਖਾਂ ਦੀਆਂ ਦੁਕਾਨਾਂ ਤੇ ਮਕਾਨਾਂ ਨੂੰ ਚੁਣ-ਚੁਣ ਕੇ ਸਾੜਿਆ ਤੇ ਲੁੱਟਿਆ ਗਿਆ। ਧਨਵਾਦ ਤੇ ਝਰੀਆ ਵਿਚ ਜਿੱਥੇ ਲੁੱਟਮਾਰ ਤੇ ਸਾੜ ਫੂਕ ਗੁੰਡਿਆਂ ਤੇ ਅਸਮਾਜਿਕ ਤੱਤਾਂ ਨੇ ਪੁਲਿਸ ਦੀ ਦੇਖ-ਰੇਖ ਵਿਚ ਕੀਤੀ, ਉਥੇ ਬੋਕਾਰੋ ਵਿਚ ਵਧੇਰੇ ਭੂਮਿਕਾ ਗੁਆਂਢੀਆਂ ਨੇ ਅਦਾ ਕੀਤੀ। ਲੋਕਾਂ ਨੂੰ ਜ਼ਿੰਦਾ ਜਲਾਇਆ ਗਿਆ, ਗੋਲੀਆਂ ਨਾਲ ਉਡਾਇਆ ਗਿਆ। ਉਪਕਾਰ ਸਿੰਘ, ਜਿਸ ਦੇ 5 ਟਰੱਕਾਂ ਤੇ ਮਕਾਨ ਨੂੰ ਵੀ ਅੱਗ ਲਗਾਈ ਗਈ, ਦੇ ਅਨੁਸਾਰ ਫਸਾਦੀਆਂ ਦੇ ਨਾਲ 2 ਸਫੈਦ ਕਾਰਾਂ, 5 ਮੋਟਰ ਸਾਈਕਲ ਚੱਲ ਰਹੇ ਸਨ, ਉਨ੍ਹਾਂ ਕੋਲ ਕੁਝ ਪੈਟਰੋਲ ਦੇ ਟੀਨ ਸਨ। ਰਿਪੋਰਟਾਂ ਵਿਚ ਇੱਕਾ ਨੇਤਾਵਾਂ ਦੇ ਨਾਂ ਸਾਹਮਣੇ ਆਏ ਹਨ। ਇਉਂ ਜੋ ਵੀ ਹਮਲਾਵਰ ਸਨ, ਉਹ ਪੂਰੀ ਤਿਆਰੀਰ ਨਾਲ ਆਏ। ਕੈਂਪਾਂ ਦੇ ਸ਼ਰਨਾਰਥੀ ਦੁਖ ਭਰੀਆਂ ਗੱਲਾਂ ਇਉਂ ਸੁਣਾਉਂਦੇ ਹਨ : "ਸੈਕਟਰ 9 ਵਿਚ ਪਹਿਲਾਂ ਹਮਲਾਵਰਾਂ ਨੇ ਜੋਗਿੰਦਰ ਸਿੰਘ ਤੇ ਉਸ ਦੀ ਪਤਨੀ ਦੀ ਹੱਤਿਆ ਕੀਤੀ, ਬਾਅਦ ਵਿਚ ਤਿੰਨ ਸਾਲਾਂ ਦੇ ਲੜਕੇ ਨੂੰ ਚਾਰ ਮੰਜ਼ਿਲਾਂ ਤੋਂ ਥੱਲੇ ਸੜਕ ਉਤੇ ਸੁੱਟ ਦਿੱਤਾ ਗਿਆ। ਸੈਕਟਰ 9 ਦੇ ਹੀ ਲਖਨ ਸਿੰਘ ਨੂੰ ਚੌਰਾਹੇ 'ਤੇ ਲਿਆ ਕੇ ਪੈਟਰੋਲ ਛਿੜਕ ਕੇ ਜ਼ਿੰਦਾ ਜਲਾਇਆ ਗਿਆ। ਸੀਤਲ ਸਿੰਘ ਦੇ ਸੀਨੇ ਅਤੇ ਪੁੜਪੁੜੀਆਂ ਵਿਚ ਚਾਰ ਗੋਲੀਆਂ ਮਾਰੀਆਂ ਗਈਆਂ। ਕੇਵਲ ਬੋਕਾਰੋ ਵਿਚ ਹੀ ਇਉਂ ਸੌ ਤੋਂ ਵੱਧ ਬੰਦੇ ਮਾਰੇ। ਹਜ਼ਾਰੀਬਾਗ ਤੇ ਰਾਂਚੀ ਵਿਚ ਵੀ ਦੰਗੇ ਉਸੇ ਸਮੇਂ ਹੀ ਭੜਕੇ ਤੇ ਇਸੇ ਰੂਪ ਵਿਚ ਹੀ ਹਾਦਸੇ ਉਥੇ ਸਾਹਮਣੇ ਆਏ।"

**ਪਟਨਾ** : "ਪਟਨੇ ਵਿਚ 1 ਨਵੰਬਰ ਨੂੰ ਕਰਫਿਊ ਲਗਾਇਆ ਪਰ ਹਾਲਾਤ ਹੋਰ ਵੀ ਵਿਗੜ ਗਏ। ਗਾਇ ਘਾਟ ਮੁਹੱਲੇ ਦੇ ਗੁਰਦੁਆਰੇ ਨੂੰ ਅੱਗ ਲਾਉਣ ਦਾ ਯਤਨ ਕੀਤਾ ਗਿਆ ਸੀ। ਉਸ ਸਮੇਂ ਹੀ ਤਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਦੇ ਨਾਲ ਸਿੱਖਾਂ ਦੀਆਂ ਦੁਕਾਨਾਂ ਤੇ ਘਰਾਂ 'ਤੇ ਹਮਲੇ ਕੀਤੇ ਗਏ। ਇਹ ਘਟਨਾਵਾਂ 31 ਅਕਤੂਬਰ ਤੋਂ ਸ਼ੁਰੂ ਹੋ ਗਈਆਂ ਸਨ। ਕਰਫਿਊ ਤਾਂ 16 ਘੰਟੇ ਬਾਅਦ ਲਾਇਆ ਗਿਆ। 31 ਤਾਰੀਕ ਨੂੰ ਜੋ ਘਟਨਾਵਾਂ ਹੋਈਆਂ, ਉਨ੍ਹਾਂ ਦਾ ਸਬੰਧ ਲੁੱਟਮਾਰ ਨਾਲ ਵਧੇਰੇ ਸੀ। ਫਰੇਜ਼ਰ ਰੋਡ 'ਤੇ ਇਕ ਪੰਜਾਬੀ ਹੋਟਲ 'ਤੇ ਹਮਲਾ ਕੀਤਾ ਗਿਆ। ਮੁਰਗਿਆਂ ਦੀ ਇਕ ਦੁਕਾਨ ਨੂੰ ਅੱਗ ਲਾ ਦਿੱਤੀ ਗਈ। ਟਾਇਰਾਂ ਦੀ ਇਕ ਦੁਕਾਨ ਲੁੱਟੀ ਗਈ। ਚਿਰੀਆ ਟਾਂਡ ਪੁਲ ਤੇ ਪਟਨਾ ਜੰਕਸ਼ਨ ਵਿਚ ਕਈ ਦੁਕਾਨਾਂ 'ਤੇ ਹਮਲਾ ਕੀਤਾ ਗਿਆ। ਇਨ੍ਹਾਂ ਵਿਚੋਂ ਵਧੇਰੇ ਦੁਕਾਨਾਂ ਸਿੱਖਾਂ ਦੀਆਂ ਸਨ ਪਰ ਕੁਝ ਅਮੀਰ ਹਿੰਦੂਆਂ ਤੇ ਬਿਹਾਰੀਆਂ ਦੀਆਂ ਦੁਕਾਨਾਂ ਵੀ ਲੁੱਟ ਲਈਆਂ ਗਈਆਂ। ਜਿਉਂ-ਜਿਉਂ ਸ਼ਹਿਰ ਵਿਚ ਖ਼ਬਰ ਫੈਲੀ, ਉਪੱਦਰੀ ਵਧਦੇ ਗਏ। ਰਾਤ ਤੱਕ ਕੁੱਕੜ ਬਾਗ, ਕਦਮਕੂਆ, ਅਸ਼ੋਕ ਰਾਜਪਥ, ਪਟਨਾ ਸਿਟੀ ਆਬਾਦੀਆਂ ਵਿਚ ਸਿੱਖਾਂ ਦੀਆਂ ਦੁਕਾਨਾਂ ਲੁੱਟਣ ਤੋਂ ਬਿਨਾ ਘਰਾਂ 'ਤੇ ਹਮਲੇ ਵੀ ਹੋਏ ਤੇ ਮਾਰਕੁੱਟ ਅਤੇ ਕਤਲ ਦੀਆਂ ਘਟਨਾਵਾਂ ਸਾਹਮਣੇ ਆਈਆਂ। ਕੁਝ ਸਿੰਧੀਆਂ ਦੀਆਂ ਦੁਕਾਨਾਂ ਵੀ ਲੁੱਟੀਆਂ ਗਈਆਂ। ਸ਼ਰਾਬ ਦੀਆਂ ਦੁਕਾਨਾਂ ਵੀ ਲੁੱਟੀਆਂ ਗਈਆਂ। ਖਾਜੇਕਲਾ ਦੇ ਖਾਲਸਾ ਗਲਾਸ ਸਟੋਰ 'ਤੇ ਦਸ ਹਜ਼ਾਰ ਦੀ ਭੀੜ ਨੇ ਹਮਲਾ ਕੀਤਾ ਤੇ ਉਸ ਨੂੰ ਤਹਿਸ-ਨਹਿਸ ਕਰ ਦਿੱਤਾ, ਨਾਲ ਹੀ ਪੰਜ ਦੁਕਾਨਾਂ ਹੋਰ ਲੁੱਟੀਆਂ। ਤਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਦੇ ਕੋਲ ਉਸ ਸਮੇਂ ਰੱਖਿਆ ਲਈ ਪੁਲਿਸ ਦਾ ਇਕ ਵੀ ਜਵਾਨ ਨਹੀਂ ਸੀ। ਉਥੇ ਪਹੁੰਚੇ ਕਈ ਸਿੱਖਾਂ ਦੇ ਚਿਹਰਿਆਂ 'ਤੇ ਜ਼ਖਮ ਅਤੇ ਪੱਟੀਆਂ ਸਨ। ਉਹ ਲੋਕ ਚੌਕ ਸ਼ਿਕਾਰਪੁਰ ਤੇ ਕਾਲੀਸਥਾਨ ਦੇ ਸਿੱਖਾਂ ਦੀ ਮਾਰਕੁਟਾਈ ਬਾਰੇ ਦੱਸ ਰਹੇ ਸਨ। ਗੁਰਦੁਆਰੇ ਦਾ ਫੋਨ ਕੱਟ ਦਿੱਤਾ ਗਿਆ ਸੀ। ਸਿੱਖ ਉਥੇ ਵੀ ਸਹਿਮੇ ਹੋਏ ਸਨ।"

**ਕਲਕੱਤਾ** : "ਜਗ੍ਹਾ ਜਗ੍ਹਾ ਟਰਾਮਾਂ, ਬੱਸਾਂ ਤੇ ਸਿੱਖਾਂ ਦੀਆਂ ਦੁਕਾਨਾਂ ਨੂੰ ਅੱਗ ਲਾਈ ਗਈ, ਜਿੱਥੇ ਕਿਧਰੇ ਸਿੱਖ ਭੀੜ ਦੇ ਵਸ ਪੈ ਗਏ, ਉਨ੍ਹਾਂ ਦੀ ਜੰਮ ਕੇ ਮਾਰਕੁੱਟ ਕੀਤੀ ਗਈ। ਕਲਕੱਤੇ ਦੇ ਕਈ ਗੁਰਦੁਆਰਿਆਂ 'ਤੇ ਹਮਲਾ ਕੀਤਾ ਗਿਆ। ਦੱਖਣੀ ਕਲਕੱਤੇ ਦੇ ਰਾਸਬਿਹਾਰੀ ਸਥਿਤ ਗੁਰਦੁਆਰੇ 'ਤੇ 3000 ਤੋਂ ਵੱਧ ਦੀ ਭੀੜ ਨੇ ਹਮਲਾ ਕੀਤਾ। ਉੱਤਰੀ ਕਲਕੱਤੇ ਦੇ ਬੜਾ ਬਾਜ਼ਾਰ ਗੁਰਦੁਆਰੇ 'ਤੇ ਵੀ ਇਕ ਵੱਡੀ ਭੀੜ ਨੇ ਹਮਲਾ ਕੀਤਾ ਅਤੇ ਉਸ ਦੇ ਆਸ-ਪਾਸ ਖੜ੍ਹੀਆਂ ਕਾਰਾਂ, ਸਕੂਟਰਾਂ ਨੂੰ ਅੱਗ ਲਾ ਦਿੱਤੀ ਗਈ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅੱਗ ਬੁਝਾਉਣ ਪਹੁੰਚੀਆਂ। ਉਨ੍ਹਾਂ 'ਤੇ ਵੀ ਭੀੜ ਵਲੋਂ ਪਥਰਾਓ ਕੀਤਾ ਗਿਆ। ਕਈ ਕਰਮਚਾਰੀ ਜ਼ਖਮੀ ਹੋ ਗਏ। ਅਖ਼ੀਰ ਬੈਰਕਪੁਰ ਤੋਂ ਫੌਜ ਨੂੰ ਬੁਲਾਇਆ ਗਿਆ। ਉਨ੍ਹਾਂ 22 ਵਾਰ ਗੋਲੀ ਚਲਾਈ। ਹਰ ਗੁਰਦੁਆਰੇ ਦੇ ਆਲੇ ਦੁਆਲੇ ਫੌਜ ਤਾਇਨਾਤ ਕਰ ਦਿੱਤੀ ਗਈ। ਫਿਰ ਵੀ ਦੁਪਹਿਰ ਤੋਂ ਲੈ ਕੇ ਰਾਤ ਤੱਕ ਸੜਕਾਂ 'ਤੇ ਸੜਦੀਆਂ ਗੱਡੀਆਂ ਦੇਖੀਆਂ ਜਾ ਸਕਦੀਆਂ ਸਨ। ਸਿੱਖਾਂ ਦੇ ਦਰਜਨਾਂ ਹੋਟਲ, ਦੁਕਾਨਾਂ ਇਸ ਦੀ ਲਪੇਟ ਵਿਚ ਆ ਗਏ। ਸਿੱਖਾਂ ਦੇ ਇਕ ਸਕੂਲ ਦੀ ਇਕ ਬੱਸ ਟਾਲੀਗੰਜ ਰੋਡ 'ਤੇ ਸਾੜ ਦਿੱਤੀ ਗਈ। ਦੱਖਣੀ ਕਲਕੱਤੇ ਵਿਚ ਭਵਾਨੀਪੁਰ ਸਿੱਖਾਂ ਦੇ ਇਕ ਸਕੂਲ 'ਤੇ ਹਿੰਸਕ ਭੀੜ ਨੇ ਹਮਲਾ ਕੀਤਾ। ਇਕ ਪੂਰੇ ਪਰਿਵਾਰ ਨੂੰ ਘਰ ਵਿਚੋਂ ਕੱਢ ਕੇ ਕੁੱਟਿਆ ਗਿਆ।

ਰੇਲ ਗੱਡੀਆਂ ਵਿਚ ਸਿੱਖਾਂ 'ਤੇ ਚਾਕੂ ਨਾਲ ਹਮਲਾ ਕੀਤਾ ਗਿਆ। ਕਲਕੱਤੇ ਵਿਚ ਕਈ ਥਾਂ (ਦੇਸ਼ਪ੍ਰਿਯ ਪਾਰਕ, ਹੇਅਰ ਸਟਰੀਟ, ਮਹਾਤਮਾ ਗਾਂਧੀ ਰੋਡ, ਸਿਆਲਦਾ) ਹਿੰਸਕ ਭੀੜ ਤੇ ਸਿੱਖਾਂ ਵਿਚ ਜੰਮ ਕੇ ਟਾਕਰਾ ਹੋਇਆ। 1 ਨਵੰਬਰ ਨੂੰ ਕਲਕੱਤੇ ਦੇ ਸਾਰੇ ਗੁਰਦੁਆਰੇ ਭੀੜ ਦੇ ਹਿੰਸਕ ਹਮਲਿਆਂ ਦਾ ਸ਼ਿਕਾਰ ਬਣੇ ਹੋਏ ਸਨ ਕਿਉਂਕਿ ਹਿੰਸਕ ਭੀੜ ਨੂੰ ਇਹ ਪਤਾ ਸੀ ਕਿ ਸਿੱਖ ਗੁਰਦੁਆਰਿਆਂ ਵਿਚ ਚਲੇ ਗਏ ਹਨ। ਅਮਹਸਰਟ ਸਟਰੀਟ ਵਿਚ ਇਕ ਸਿੱਖ ਦੇ ਹੋਟਲ 'ਤੇ ਬੰਬ ਸੁੱਟੇ ਗਏ। ਬੰਡੇਲ ਰੋਡ 'ਤੇ ਇਕ ਸਿੱਖ ਦੇ ਗੈਰੇਜ ਨੂੰ ਅੱਗ ਲਗਾਈ ਗਈ। ਥਾਂ-ਥਾਂ ਉਤੇ ਅਜਿਹੀਆਂ ਘਟਨਾਵਾਂ ਹੋਈਆਂ। ਲਾਲ ਬਾਜ਼ਾਰ ਪੁਲਿਸ ਸਟੇਸ਼ਨ ਵਿਚ 800 ਸਿੱਖਾਂ ਨੇ ਸ਼ਰਨ ਲਈ ਹੋਈ ਸੀ।"

**ਸਿੱਖਾਂ ਦੇ ਮਨ ਦੇ ਸ਼ੰਕੇ (ਨਿਊਜ਼ਵੀਕ, ਨਿਊਯਾਰਕ, 19 ਨਵੰਬਰ 1984) :**

"ਸਿੱਖਾਂ ਵਿਚ ਅਫ਼ਵਾਹ ਅਤੇ ਸ਼ੱਕ ਹੈ ਕਿ ਅਸਲ ਵਿਚ ਉਨ੍ਹਾਂ ਦੇ 5000 ਬੰਦੇ ਮਾਰੇ ਗਏ ਹਨ। ਫੌਜ ਵਿਚ ਸਿੱਖ ਰੈਜੀਮੈਂਟ ਨੂੰ ਤੋੜਿਆ ਜਾ ਰਿਹਾ ਹੈ, ਜਿਸ ਯੋਜਨਾ ਨਾਲ ਸਾਰੇ ਭਾਰਤ ਵਿਚ ਸਿੱਖਾਂ ਨੂੰ ਮਾਰਿਆ ਗਿਆ ਹੈ। ਇਹ ਯੋਜਨਾ ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਤੋਂ ਪਹਿਲਾਂ ਹੀ ਬਣਾਈ ਗਈ ਸੀ। ਉਨ੍ਹਾਂ ਨੂੰ ਇਹ ਸ਼ੱਕ ਇਸ ਲਈ ਠੀਕ ਜਾਪਦਾ ਹੈ ਕਿਉਂਕਿ ਉਨ੍ਹਾਂ ਨੂੰ ਤਬਾਹ ਹੁੰਦਿਆਂ ਦੇਖ ਨਾ ਹੀ ਪੁਲਿਸ ਨੇ ਪਰਵਾਹ ਕੀਤੀ ਅਤੇ ਨਾ ਹੀ ਪ੍ਰਬੰਧਕਾਂ ਨੇ। ਸਗੋਂ ਕਈ ਪ੍ਰਬੰਧਕਾਂ ਨੇ ਗੁੰਡਿਆਂ ਨੂੰ ਸ਼ਹਿ ਦਿੱਤੀ। ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਇਸ ਲਈ ਕਈ ਅਫ਼ਸਰਾਂ ਨੂੰ ਝਟਪਟ ਬਦਲਿਆ ਸੀ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ 2577 ਫੜੇ ਗਏ ਦੋਸ਼ੀਆਂ ਨੂੰ ਸਜ਼ਾ ਜਰੂਰ ਦਿੱਤੀ ਜਾਵੇਗੀ। ਸ੍ਰੀ ਜਗਦੀਸ਼ ਟਾਈਟਲਰ ਐਮਪੀ. (ਕਾਂਗਰਸ) ਨੇ ਉਨ੍ਹਾਂ ਆਪਣੇ ਕੁਝ ਵਿਅਕਤੀਆਂ ਨੂੰ ਰਿਹਾਅ ਵੀ ਕਰਾਇਆ, ਜਿਨ੍ਹਾਂ ਲੁੱਟਮਾਰ ਦੀਆਂ ਘਟਨਾਵਾਂ ਵਿਚ ਹਿੱਸਾ ਲਿਆ ।"

**ਸਿੱਖਾਂ ਨੂੰ ਯਹੂਦੀਆਂ ਵਾਂਗ ਕਤਲ ਕੀਤਾ ਗਿਆ**

**(ਸੰਡੇ ਅਬਜ਼ਰਵਰ, 11 ਨਵੰਬਰ, 1984) :**

"ਹਿਟਲਰ ਦੇ ਨਾਜ਼ੀ ਜਰਮਨੀ ਤੋਂ ਲੈ ਕੇ ਸੰਨ 1984 ਦੇ ਭਾਰਤ ਤੱਕ ਇਕ ਲੰਮੀ ਵਿੱਥ ਹੈ ਪਰ ਦੋਨਾਂ ਵਿਚ ਕੁਝ ਸਮਾਨਤਾ ਹੈ। ਹਿਟਲਰ ਵੀ ਯਹੂਦੀਆਂ ਦੀ ਕਤਲਾਮ ਕਰ ਕੇ ਹੀ ਤਾਕਤ ਵਿਚ ਆਇਆ ਸੀ ਤੇ ਭਾਰਤ ਵਿਚ ਫਾਸਿਜ਼ਮ ਨੇ ਉਹੀ ਰੂਪ ਦਿਖਾਇਆ। ਖੱਦਰਧਾਰੀ ਹਿੰਦੂ ਕੱਟੜਵਾਦ ਨੇ ਗੁੰਡਿਆਂ ਨਾਲ ਮਿਲ ਕੇ ਉਸੇ ਹੀ ਕਿਸਮ ਦੀ ਕਤਲਾਮ ਕੀਤੀ ਹੈ। ਦਿੱਲੀ ਵਿਚ ਸਿੱਖ ਪੰਜਾਬੀਆਂ 'ਚ ਸਭ ਤੋਂ ਵੱਧ ਅਮੀਰ ਹਨ ਤੇ ਇਸ ਸਮੇਂ ਝੁੱਗੀ-ਝੌਂਪੜੀ ਵਾਲਿਆਂ ਨੂੰ ਉਨ੍ਹਾਂ ਵਿਰੁਧ ਭੜਕਾਉਣਾ ਕੋਈ ਮੁਸ਼ਕਲ ਨਹੀਂ ਸੀ। ਇਹ 'ਧਾੜਵੀ' ਲੋਕ ਜਿਨ੍ਹਾਂ ਇਲਾਕਿਆਂ ਵਿਚੋਂ ਆਏ, ਇਹ ਇਲਾਕੇ ਕਾਂਗਰਸੀ ਐਮਪੀਜ਼ ਤੇ ਨੇਤਾਵਾਂ ਐਚਕੇਐਲ. ਭਗਤ, ਸੱਜਣ ਕੁਮਾਰ, ਧਰਮਵੀਰ ਸ਼ਾਸਤਰੀ ਅਤੇ ਅਰਜਨਦਾਸ ਦੇ ਹਨ।

**(ਨਵੰਬਰ 2007, ਸਿੱਖ ਸ਼ਹਾਦਤ 'ਚੋਂ ਧੰਨਵਾਦ ਸਹਿਤ)**



ਅੰਮ੍ਰਿਤਸਰ ਟਾਈਮਜ਼
AMRITSAR TIMES
31 ਅਕਤੂਬਰ 2018 ਤੋਂ 06 ਨਵੰਬਰ 2018

## *ਨਵੰਬਰ-1984 ਦਾ ਸਿੱਖ ਕਤਲੇਆਮ*

## ਇਸ ਅਦਾਲਤ ਵਿਚ ਬੰਦੇ ਬਿਰਖ ਹੋ ਗਏ

ਸ੍ਰੀ ਅਕਾਲ ਤਖਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੇ ਤਿਹਾੜ ਜੇਲ੍ਹ ਵਿਚੋਂ ਸਿੱਖ-ਪੰਥ ਦੇ ਨਾਮ ਇਕ ਪੈਗਾਮ ਭੇਜਿਆ ਹੈ। ਭਾਈ ਹਵਾਰਾ ਦੇ ਅਧਿਕਾਰਿਤ ਬੁਲਾਰੇ ਤੇ ਵਕੀਲ ਹੱਥ ਆਏ ਇਸ ਸੁਨੇਹੇ ਵਿਚ ਸੰਨ 1984 ਵਿਚ, ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਭਾਰਤ ਦੀ ਰਾਜਧਾਨੀ ਦਿੱਲੀ ਸਮੇਤ ਦੇਸ਼ ਦੇ ਕਈ ਵੱਡੇ ਸ਼ਹਿਰਾਂ ਵਿਚ ਬੇਕਸੂਰ ਸਿੱਖਾਂ ਦੇ ਯੋਜਨਾਬੱਧ ਕਤਲੇਆਮ ਦੇ ੩੪ ਸਾਲ ਬਾਅਦ ਵੀ ਇਨਸਾਫ ਨਾ ਮਿਲਣ ਦੇ ਰੋਸ ਵੱਜੋਂ ਨਵੰਬਰ ਮਹੀਨੇ ਦੇ ਪਹਿਲੇ ਹਫਤੇ ਨੂੰ "ਸਿੱਖ ਨਸਲਕੁਸ਼ੀ ਯਾਦਗਾਰੀ" ਹਫਤੇ ਵੱਜੋਂ ਮਨਾਉਣ ਦਾ ਜ਼ਿਕਰ ਕੀਤਾ ਗਿਆ ਹੈ। ਕਿਸੇ ਵੀ ਜਮਹੂਰੀ ਤੇ ਧਰਮ ਨਿਰਪੱਖਤਾ ਵਾਲੀ ਵਿਵਸਥਾ ਦਾ ਦਮ ਭਰਨ ਵਾਲੇ ਦੇਸ਼ ਲਈ ਇੰਨੇ ਵੱਡੇ ਕਤਲੇਆਮ ਦਾ ਇਨਸਾਫ, ਇੰਨੇ ਵਕਫੇ ਬਾਅਦ ਤਕ ਵੀ ਨਾ ਕਰ ਸਕਣਾ, ਆਪਣੇ-ਆਪ ਵਿਚ ਸ਼ਰਮਨਾਕ ਹੈ। ਇਹ ਇਸ ਦੇਸ਼ ਵਿਚ ਸਿੱਖਾਂ ਸਮੇਤ ਦੂਜੀਆਂ ਘੱਟ ਗਿਣਤੀਆਂ ਨਾਲ ਹੋ ਰਹੇ ਪੱਖਪਾਤੀ, ਨਫਰਤੀ ਤੇ ਜ਼ੁਲਮੀ ਵਰਤਾਰੇ ਦੀ ਇਕ ਜਿਉਂਦੀ-ਜਾਗਦੀ ਮਿਸਾਲ ਹੈ। ਨਵੰਬਰ-1984 ਦਾ ਇਹ ਸਿੱਖ-ਕਤਲੇਆਮ ਉਦੋਂ ਦੀ ਸੱਤਾਧਾਰੀ ਕਾਂਗਰਸ ਪਾਰਟੀ ਦੀ ਇਕ ਸੋਚੀ ਸਮਝੀ ਸਾਜ਼ਿਸ਼ ਨਾਲ ਅੰਜਾਮ ਦਿੱਤਾ ਗਿਆ ਸੀ ਪਰ ਭਾਰਤੀ ਜਨਤਾ ਪਾਰਟੀ, ਸ਼ਿਵ ਸੈਨਾ ਤੇ ਆਰਐਸਐਸ, ਹਿੰਦੂਵਾਦੀ ਸਰਕਾਰੀ ਮਸ਼ੀਨਰੀ ਸਮੇਤ ਦੂਜੇ ਹੋਰ ਸਿਆਸੀ ਤੇ ਫਿਰਕੂ ਸੰਗਠਨਾਂ ਵਿਚ ਬੈਠੇ ਤੁਅੱਸਬੀ ਸੋਚ ਵਾਲੇ ਲੋਕਾਂ ਨੇ ਵੀ ਬਣਦਾ ਯੋਗਦਾਨ ਪਾਇਆ। ਇਥੋਂ ਤਕ ਕਿ ਇਸ ਮਾਮਲੇ ਵਿਚ ਸਬੰਧਿਤ ਬਹੁਤ ਸਾਰੀਆਂ ਅਦਾਲਤਾਂ ਨੇ ਵੀ ਪੱਖਪਾਤੀ ਰੋਲ ਨਿਭਾਇਆ। ਇਹੋ ਕਾਰਨ ਹੈ ਕਿ ਇੰਨਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਸਿੱਖਾਂ ਨੂੰ ਆਪਣੇ ਨਾਲ ਹੋਈ ਇੰਨੀ ਵੱਡੀ ਤਰਾਸਦੀ ਦਾ ਹਾਲਾਂ ਤਕ ਇਨਸਾਫ ਨਹੀਂ ਮਿਲਿਆ ਹੈ। ਕਈ ਸਰਕਾਰਾਂ ਆਈਆਂ ਤੇ ਗਈਆਂ, ਜਿਨ੍ਹਾਂ ਵਿਚ ਗੈਰ ਕਾਂਗਰਸੀ ਸਰਕਾਰਾਂ ਵੀ ਰਹੀਆਂ ਪਰ ਸਿੱਖਾਂ ਲਈ ਇਨਸਾਫ ਦਾ ਦਰਵਾਜ਼ਾ ਬੰਦ ਹੀ ਰਿਹਾ। ਨਾਨਾਵਤੀ ਤੇ ਰੰਗਾਨਾਥ ਮਿਸ਼ਰਾ ਵਰਗੇ ਕਿੰਨੇ ਹੀ ਕਮਿਸ਼ਨ ਬਿਠਾਏ ਗਏ, ਸਿੱਟ ਬਣਾਈ ਗਈ ਪਰ ਸ਼ਾਇਦ ਇਹ ਸਭ ਕੁਝ ਵੀ ਕਿਸੇ ਹੱਦ ਤਕ ਸਿੱਖਾਂ ਨੂੰ ਨਿਆਂ ਤੋਂ ਮਹਿਰੂਮ ਰੱਖਣ ਲਈ ਬੁਣਿਆ ਗਿਆ ਜਾਲ ਹੀ ਸੀ। ਪੰਜਾਬੀ ਸ਼ਾਇਰ ਸੁਰਜੀਤ ਪਾਤਰ ਦਾ ਇਕ ਸ਼ੇਅਰ ਹੈ, "ਇਸ ਅਦਾਲਤ ਵਿਚ ਬੰਦੇ ਬਿਰਖ ਹੋ ਗਏ, ਫੈਸਲੇ ਸੁਣਦਿਆਂ-ਸੁਣਦਿਆਂ ਸੁੱਕ ਗਏ। ਆਖੋ ਏਹਨਾਂ ਨੂੰ ਜਾਣ ਹੁਣ ਉਜੜੇ ਘਰੀਂ, ਇਹ ਕਦੋਂ ਤਕ ਏਥੇ ਖੜ੍ਹੇ ਰਹਿਣਗੇ।" ਸਿੱਖਾਂ ਲਈ ਭਾਰਤ ਵਿਚ ਇਸ ਤਰ੍ਹਾਂ ਦੇ ਹੀ ਹਾਲਾਤ ਬਣੇ ਹੋਏ ਹਨ।

ਤਾਜ਼ਾ ਮਾਮਲੇ ਦੀ ਉਦਾਹਰਣ ਲੈ ਲਓ। ਨਵੰਬਰ-1984 ਵਿਚ ਦਿੱਲੀ ਕੈਂਟ ਵਿਚ ਪੰਜ ਸਿੱਖਾਂ ਦੇ ਕਤਲ ਦਾ ਇਕ ਮਾਮਲਾ ਹਾਲ ਹੀ ਵਿਚ ਅਦਾਲਤ ਨੇ ਸੁਣਿਆ ਹੈ।ਸਿੱਖ ਨਸਲਕੁਸ਼ੀ ਦੇ ਇਸ ਮਾਮਲੇ ਸਬੰਧੀ ਦਿੱਲੀ ਹਾਈਕੋਰਟ ਵਿਚ ਸੁਣਵਾਈ ਦੌਰਾਨ ਸਾਰੇ ਪੱਖਾਂ ਦੀਆਂ ਦਲੀਲਾਂ ਪੂਰੀਆਂ ਹੋ ਚੁੱਕੀਆਂ ਹਨ। ਅਦਾਲਤ ਨੇ ਇਸ ਮਾਮਲੇ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਹੈ।ਪੀੜਤ ਕਾਫੀ ਲੰਮੇ ਸਮੇਂ ਤੋਂ ਇਨਸਾਫ ਦੀ ਉਡੀਕ ਕਰ ਰਹੇ ਹਨ ਕਿ ਉਨ੍ਹਾਂ ਨੂੰ ਇਨਸਾਫ ਜ਼ਰੂਰ ਮਿਲੇਗਾ। ਇਸ ਕੇਸ ਦੇ ਪੰਜ ਮੁਲਜ਼ਮਾਂ ਵਿਚ ਸਾਬਕਾ ਵਿਧਾਇਕ ਵੀ ਸ਼ਾਮਲ ਸੀ ਜਿਸ 'ਤੇ ਕੇਸ ਚੱਲ ਰਿਹਾ ਸੀ। ਸੱਜਣ ਕੁਮਾਰ ਨੂੰ ਵੀ ਇਸ ਮਾਮਲੇ ਵਿੱਚ ਮੁਲਜ਼ਮ ਠਹਿਰਾਇਆ ਗਿਆ ਸੀ। ਪਹਿਲਾਂ ਇਸ ਕੇਸ ਦੀ ਸੁਣਵਾਈ ਹਾਈਕੋਰਟ ਦੀ ਚੀਫ ਜਸਟਿਸ ਕਰ ਰਹੀ ਸੀ ਪਰ ਉਨ੍ਹਾਂ ਦੇ ਤਬਾਦਲੇ ਤੋਂ ਬਾਅਦ ਇੱਕ ਡੈਡੀਕੇਟਿਡ ਬੈਂਚ ਬਣਾਉਣ ਬਾਰੇ ਗੱਲ ਕੀਤੀ ਗਈ ਸੀ। ਫਿਰ ਇਸ ਮਾਮਲੇ 'ਤੇ ਡੇਅ-ਟੂ-ਡੇਅ ਸੁਣਵਾਈ ਸ਼ੁਰੂ ਹੋਈ। ਲੰਮਾ ਸਮਾਂ ਚੱਲੇ ਇਸ ਮਾਮਲੇ ਵਿੱਚ ਸਾਰੀਆਂ ਦਲੀਲਾਂ ਮੁਕੰਮਲ ਹੋਣ ਪਿੱਛੋਂ ਅਦਾਲਤ ਨੇ ਫ਼ੈਸਲਾ ਰਾਖਵਾਂ ਰੱਖ ਲਿਆ ਹੈ।ਆਖਰ ਕਿਸੇ ਮੁਕੱਦਮੇ ਨੂੰ ਅਦਾਲਤੀ ਚਾਰਾਜੋਈ ਵਿਚ ਲਮਕਾਉਣ ਦੇ ਅਰਥ ਕੀ ਸਮਝੇ ਜਾਣ ?

ਇਹ ਸਭ ਉਸ ਦੇਸ਼ ਵਿਚ ਵਾਪਰਿਆ ਤੇ ਵਾਪਰ ਰਿਹਾ ਹੈ, ਜਿਸ ਨੂੰ ਸਿੱਖਾਂ ਨੇ ਹਮੇਸ਼ਾ ਆਪਣਾ ਦੇਸ਼ ਸਮਝ ਕੇ ਜ਼ੁਲਮੋ-ਸਿਤਮ ਦੇ ਹਰ ਖੌਫਨਾਕ ਮੰਜ਼ਰ ਮੂਹਰੇ ਹਿੱਕਾਂ ਡਾਹੀਆਂ ਸਨ। ਬਿਪਰਵਾਦੀ ਸੋਚ ਨੂੰ ਪ੍ਰਨਾਏ ਹਿੰਦੂਵਾਦੀਆਂ ਨੇ ਆਪਣੀਆਂ ਕਾਲੀਆਂ ਕਰਤੂਤਾਂ ਨਾਲ ਇਤਿਹਾਸ ਨੂੰ ਨਵਾਂ ਮੋੜ ਦੇ ਦਿੱਤਾ ਹੈ। ਇਸ ਦੇਸ਼ ਲਈ ਆਪਾ ਵਾਰਨ ਵਾਲੀ ਸਿੱਖ ਕੌਮ, ਹੁਣ ਇਸ ਦੇਸ਼ ਵਿਚੋਂ ਆਜ਼ਾਦ ਹੋਣ ਲਈ ਸੰਘਰਸ਼ ਦੇ ਰਾਹ ਤੁਰੀ ਹੋਈ ਹੈ।

ਜਿਥੋਂ ਤਕ ੩੧ ਅਕਤੂਬਰ 1984 ਨੂੰ ਇੰਦਰਾ ਗਾਧੀ ਦੀ ਹੱਤਿਆ ਕਰਨ ਦਾ ਸਵਾਲ ਹੈ, ਇਸ ਪਿੱਛੇ ਵੀ ਜ਼ੁਲਮ ਤੇ ਜਬਰ ਦੀ ਲੰਮੀ ਦਾਸਤਾਨ ਹੈ। ਸਿੱਖਾਂ ਪ੍ਰਤੀ ਇੰਦਰਾ ਗਾਂਧੀ ਦੇ ਮਨ 'ਚ ਨਫ਼ਰਤ ਇਸ ਕਦਰ ਪੈਦਾ ਹੋ ਗਈ ਸੀ ਕਿ ਉਸ ਨੇ ਵਿਦੇਸ਼ੀ ਤਾਕਤਾਂ ਦੀ ਮਦਦ ਲੈ ਕੇ ਸਿੱਖ ਕੌਮ ਦੇ ਪਵਿੱਤਰ ਅਸਥਾਨ, ਭਗਤੀ ਤੇ ਸ਼ਕਤੀ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਉਤੇ ਆਪਣੀਆਂ ਫੌਜਾਂ ਕਿਸੇ ਦੁਸ਼ਮਣ ਦੇਸ਼ ਵਾਂਗੂੰ ਚਾੜ੍ਹ ਦਿੱਤੀਆਂ। ਭਾਰਤੀ ਹਕੂਮਤ ਨੇ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਨਤਮਸਤਕ ਹੋਣ ਆਈਆਂ ਸਿੱਖ ਸੰਗਤਾਂ ਦਾ ਲਿਹਾਜ਼ ਵੀ ਨਾ ਕੀਤਾ। ਇਸ ਮੌਕੇ ਬਹੁਤ ਹੀ ਵਹਿਸ਼ੀਆਨਾ ਕਤਲੇਆਮ ਕੀਤਾ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਕਰ ਦਿੱਤਾ।ਪੂਰੇ ਪੰਜਾਬ ਵਿਚ ਸਿੱਖ ਨੌਜਵਾਨਾਂ ਦੇ ਖੂਨ ਦੀ ਹੋਲੀ ਖੇਡੀ ਗਈ। ਕੀ ਇਸ ਕਹਿਰ ਨੂੰ ਕੋਈ ਸੱਚਾ ਸਿੱਖ ਚੁੱਪ-ਚਾਪ ਬਰਦਾਸ਼ਤ ਕਰ ਸਕਦਾ ਸੀ ?

ਉਂਝ ਨਵੰਬਰ-1984 ਦੇ ਸਿੱਖ ਕਤਲੇਆਮ ਨੂੰ ਪ੍ਰਧਾਨ ਮੰਤਰੀ ਦੀ ਹੱਤਿਆ ਮਗਰੋਂ ਭੜਕੀ ਹਿੰਸਾ ਦੇ ਖਾਤੇ ਪਾਉਣਾ ਵੀ ਵੱਡੀ ਨਾ-ਇਨਸਾਫੀ ਦੀ ਹੀ ਇਕ ਹੋ ਕੜੀ ਹੈ। ਦਰਅਸਲ ਸਿੱਖਾਂ ਨੂੰ "ਸਬਕ ਸਿਖਾਉਣ" ਦੀ ਯੋਜਨਾ ਤਾਂ ਪਹਿਲਾਂ ਹੀ ਬਣ ਗਈ ਸੀ। ਇਸ ਦੇ ਬਹੁਤ ਸਾਰੇ ਪੱਕੇ ਸਬੂਤ ਮਿਲ ਚੁੱਕੇ ਹਨ। ਇਸ ਕਰਕੇ ਭਾਈ ਜਗਤਾਰ ਸਿੰਘ ਹਵਾਰਾ ਦਾ ਸੁਨੇਹੇ ਉਤੇ ਅਮਲ ਕਰਨਾ ਹਰ ਸਿੱਖ ਦਾ ਫਰਜ਼ ਬਣਦਾ ਹੈ। ਇਹ ਪੈਗਾਮ ਸਿੱਖ ਵੇਦਨਾ ਦੀ ਉਸ ਟੀਸ ਦਾ ਇਜ਼ਹਾਰ ਹੈ, ਜਿਸ ਨੂੰ ਮਹਿਸੂਸ ਕਰਕੇ ਪੰਜਾਬ ਦੇ ਕਿੰਨੇ ਹੀ ਗੱਭਰੂ ਹਨੇਰੀਆਂ ਰਾਤਾਂ ਵਿਚ ਘਰੋਂ ਨਿਕਲੇ ਸਨ। ਉਨ੍ਹਾਂ ਤਮਾਮ ਸ਼ਹਾਦਤਾਂ ਦੀ ਯਾਦ ਨੂੰ ਆਪਣੇ ਮਨ-ਮਸਤਕ ਵਿਚ ਸੰਭਾਲ ਕੇ ਨਿਸ਼ਾਨੇ ਵੱਲ ਵਧਣਾ ਹੀ ਸਿੱਖ ਕੌਮ ਦੇ ਸੁਨਹਿਰੇ ਭਵਿੱਖ ਦੀ ਸਿਰਜਣਾ ਵੱਲ ਜਾਣ ਦਾ ਸਹੀ ਰਾਹ ਹੈ।

# ਇਤਿਹਾਸ ਦੀ ਕਿਤਾਬ 'ਚ ਗਲਤ ਬਿਆਨੀਆਂ ਦਾ ਵਿਰੋਧ ਜਾਂ ਖੁਦ ਤੇ ਲੱਗੀ ਇਤਿਹਾਸਕ ਕਾਲਖ ਦੱਬਣ ਦੀ ਕੋਸ਼ਿਸ਼ ?

**ਸਕੂਲੀ ਕਿਤਾਬਾਂ ਵਿੱਚ ਇਤਿਹਾਸ ਨਾਲ ਛੇੜਛਾੜ ਦਾ ਮਾਮਲਾ ਇਕ ਗੰਭੀਰ ਮਸਲਾ ਹੈ। ਪਰ ਇਹ ਜਰੂਰ ਦੱਸਣਾ ਬਣਦਾ ਹੈ ਕਿ ਹੁਣ ਵੀ ਨਾਗਪੁਰ ਦੀ ਇਕ ਸੰਸਥਾ ਵੱਲੋਂ ਛਾਪੀਆਂ ਕਿਤਾਬਾਂ ਵਿੱਚ ਸਿੱਖ ਇਤਿਹਾਸ ਨਾਲ ਖਿਲਵਾੜ ਦਾ ਮਾਮਲਾ ਚਰਚਾ ਵਿੱਚ ਹੈ ਪਰ ਬਾਦਲ ਉਸ ਮਾਮਲੇ ਉੱਤੇ ਕੁਝ ਨਹੀਂ ਬੋਲ ਰਹੇ। ਸੋ ਸੁਖਬੀਰ ਬਾਦਲ ਨੇ ਇਸ ਮਾਮਲੇ ਦੇ ਸਿਰਫ ਓਨੇ ਹਿੱਸੇ ਦੀ ਚੋਣ ਕੀਤੀ ਹੈ ਜਿਸ ਦਾ ਸੰਬੰਧ ਕਾਂਗਰਸ ਸਰਕਾਰ ਅਤੇ ਪੰਜਾਬ ਦੇ ਖਿੱਤੇ ਜਾਂ ਸਿੱਧਾ ਕਿਹਾ ਜਾਵੇ ਤਾਂ ਪੰਜਾਬ ਦੀ ਸਿਆਸਤ ਨਾਲ ਹੈ। ਆਰ.ਐਸ.ਐਸ. ਵੱਲੋਂ ਕੀਤੀ ਜਾਂਦੀ ਸਿੱਖ ਇਤਿਹਾਸ ਨਾਲ ਛੇੜਛਾੜ ਬਾਰੇ ਸੁਖਬੀਰ ਸਿੰਘ ਬਾਦਲ ਪੂਰੀ ਤਰ੍ਹਾਂ ਚੁੱਪ ਹੈ।**

**ਪਰਮਜੀਤ ਸਿੰਘ**

ਇਹਨੀਂ ਦਿਨੀਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ (ਪੰ.ਸ.ਸਿ.ਬ) ਦੀਆਂ ਸਕੂਲੀ ਕਿਤਾਬਾਂ ਵਿੱਚ ਸਿੱਖ ਇਤਿਹਾਸ ਨਾਲ ਕੀਤੀ ਗਈ ਛੇੜਛਾੜ ਦੀ ਡਾਢੀ ਚਿੰਤਾ ਹੋ ਰਹੀ ਹੈ। ਲੰਘੀ 25 ਤੀਰਕ ਨੂੰ



ਸ਼੍ਰੋ.ਅ.ਦ. (ਬਾਦਲ) ਦੇ ਮੁਖੀ ਨੇ ਟਵਿੱਟਰ ਉੱਤੇ ਲਿਖਿਆ ਕਿ: 'ਸਕੂਲੀ ਸਿੱਖਿਆ ਕੌਮ ਦਾ ਆਧਾਰ ਹੁੰਦੀ ਹੈ ਅਤੇ ਗੰਧਲਾ ਇਤਿਹਾਸ ਲਿਖ ਕੇ ਕਾਂਗਰਸ ਨੇ ਸਿੱਖ ਕੌਮ ਦੀਆਂ ਜੜ੍ਹਾਂ 'ਤੇ ਹਮਲਾ ਕੀਤਾ ਹੈ। ਹੈਰਾਨੀ ਦੀ ਗੱਲ ਹੈ ਕਿ ਇੱਕ ਸਿੱਖ ਪਰਿਵਾਰ 'ਚ ਜਨਮ ਲੈਣ ਵਾਲੇ ਮੁੱਖ ਮੰਤਰੀ ਦੇ ਹੁੰਦੇ ਹੋਏ ਇਹ ਕੁਝ ਵਾਪਰਿਆ'। ਇਸ ਟਵੀਟ ਨਾਲ ਸੁਖਬੀਰ ਸਿੰਘ ਬਾਦਲ ਨੇ '#ਸਿੱਖਵਿਰੋਧੀਕਾਂਗਰਸ' ਪਊੜੀਤੰਦ (ਹੈਸ਼ਟੈਗ) ਲਾਈ।

ਇਸੇ ਤਰ੍ਹਾਂ 27 ਅਕਤੂਬਰ ਨੂੰ ਉਹਨੇ ਕਿਹਾ ਕਿ: 'ਮੈਂ ਪੰ.ਸ.ਸਿ.ਬ. ਦੀ 12ਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਜਿਸ ਵਿੱਚ ਸਿੱਖ ਗੁਰੂਆਂ ਅਤੇ ਧਾਰਮਿਕ ਗ੍ਰੰਥਾਂ ਬਾਰੇ ਭੱਦੀਆਂ ਟਿੱਪਣੀਆਂ ਹਨ, ਨੂੰ ਲਿਖਣ ਅਤੇ ਇਸ ਨੂੰ ਪ੍ਰਵਾਨ ਕਰਨ ਵਾਲੀ ਕਮੇਟੀ ਦੇ ਮੈਂਬਰਾਂ ਦੀ ਗ੍ਰਿਫਤਾਰੀ ਦੀ ਮੰਗ ਕਰਦਾ ਹਾਂ। ਅਸੀਂ ਓਨੀ ਦੇਰ ਤੱਕ ਟਿਕ ਕੇ ਨਹੀਂ ਬੈਠਾਂਗੇ ਜਿੰਨੀ ਦੇਰ ਤੱਕ ਉਹਨਾਂ ਖਿਲਾਫ ਫੌਜਦਾਰੀ ਮੁਕੱਦਮਾ ਨਹੀਂ ਦਰਜ ਹੋ ਜਾਂਦਾ' (ਮੂਲ ਅੰਗਰੇਜ਼ੀ ਤੋਂ ਪੰਜਾਬੀ ਉਲੱਥਾ)।

25 ਅਕਤੂਬਰ ਦੀ ਇਕ ਹੋਰ ਟਵੀਟ ਇਸ ਤਰ੍ਹਾਂ ਹੈ: 'ਕਾਂਗਰਸ ਸਰਕਾਰ ਸਿੱਖ ਇਤਿਹਾਸ ਦੇ ਖਾਤਮੇ ਦੀ ਸਾਜਿਸ਼ ਚ ਲੱਗੀ ਹੈ। ਇਹ 12ਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਦੇ ਨਵੇਂ ਕਾਂਡਾਂ ਵਿੱਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੇ ਸਵਾਲ ਚੁੱਕ ਰਹੀ ਹੈ ਅਤੇ ਕਹਿ ਰਹੀ ਹੈ ਕਿ 10ਵੇਂ ਗੁਰੂ ਨੇ ਪਿੰਡ ਲੁੱਟੇ ਸਨ। ਇਹ ਨੂੰ ਇਹ ਕਿਤਾਬ ਵਾਪਸ ਲੈਣੀ ਚਾਹੀਦੀ ਹੈ ਜਾਂ ਸਿੱਖ ਪੰਥ ਦੇ ਗੁੱਸੇ ਦਾ ਸਾਹਮਣਾ ਕਰਨ ਲਈ ਤਿਆਰ ਹੋ ਜਾਣਾ ਚਾਹੀਦਾ ਹੈ #ਸਿੱਖਵਿਰੋਧੀਕਾਂਗਰਸ' (ਮੂਲ ਅੰਗਰੇਜ਼ੀ ਤੋਂ ਪੰਜਾਬੀ ਉਲੱਥਾ)।

ਇਸੇ ਮਾਮਲੇ ਉੱਤੇ ਸੁਖਬੀਰ ਸਿੰਘ ਬਾਦਲ ਨੇ ਸ਼੍ਰੋ.ਅ.ਦ. (ਬਾਦਲ) ਦੀ 'ਕੋਰ ਕਮੇਟੀ' ਦੀ ਇੱਕ ਇਕੱਤਰਤਾ ਚੰਡੀਗੜ੍ਹ ਵਿਖੇ ਸੱਦੀ ਤੇ ਬਾਦਲ ਦਲ ਵੱਲੋਂ ਸੰਘਰਸ਼ ਦਾ ਐਲਾਨ ਕੀਤਾ ਗਿਆ।

ਸਕੂਲੀ ਕਿਤਾਬਾਂ ਵਿੱਚ ਇਤਿਹਾਸ ਨਾਲ ਛੇੜ-ਛਾੜ ਇਕ ਅਹਿਮ ਮਾਮਲਾ ਹੈ। ਇਸ ਤੋਂ ਪਹਿਲਾਂ ਵੀ ਸਕੂਲੀ ਕਿਤਾਬਾਂ ਵਿੱਚ ਸਿੱਖਾਂ ਦੇ ਇਤਿਹਾਸ ਨਾਲ ਛੇੜ-ਛਾੜ ਕਰਨ ਤੇ ਗੁਰੂ ਸਾਹਿਬਾਨ ਬਾਰੇ ਗਲਤ ਟਿੱਪਣੀਆਂ ਦਾ ਮਾਮਲਾ ਉੱਭਰਦਾ ਰਿਹਾ ਹੈ। ਇਹ ਕੰਮ ਰਾਸ਼ਟਰੀ ਸਵੈ-ਸੇਵਕ ਸੰਘ (ਆਰ.ਐਸ.ਐਸ.) ਅਤੇ ਇਸ ਨਾਲ ਜੁੜੀਆਂ ਹੋਰਨਾਂ ਜਥੇਬੰਦੀਆਂ ਵੱਲੋਂ ਵੀ ਕੀਤਾ ਜਾਂਦਾ ਹੈ। ਇਹ ਜਥੇਬੰਦੀਆਂ ਬਾਲ ਸਾਹਿਤ ਦੇ ਤੌਰ ਤੇ ਜੋ ਕਿਤਾਬਾਂ ਛਾਪਦੇ ਹਨ ਉਹਨਾਂ ਵਿੱਚ ਗੁਰੂ ਸਾਹਿਬਾਨ ਬਾਰੇ ਅਤਿ-ਦਰਜੇ ਦੀਆਂ ਗਲਤ ਬਿਆਨੀਆਂ ਕਰਦੇ ਹਨ। ਸਕੂਲੀ ਸਿਖਿਆ ਦੇ ਕੇਂਦਰੀ ਅਦਾਰਿਆਂ ਵੱਲੋਂ ਛਾਪੀਆਂ ਜਾਂਦੀਆਂ ਕਿਤਾਬਾਂ ਵੀ ਇਹਨਾਂ ਹੀ ਕਾਰਨਾਂ ਕਰਕੇ ਵਿਵਾਦਾਂ ਵਿੱਚ ਰਹਿੰਦੀਆਂ ਹਨ।

ਅੱਜ ਕੱਲ ਜਦੋਂ ਕਿ ਸਕੂਲੀ ਸਿੱਖਿਆ ਮਨੁੱਖ ਦੀ ਹਸਤੀ ਘੜਨ ਦਾ ਇਕ ਵੱਡਾ ਜਾਂ ਲੱਗਭੱਗ ਇਕੋ-ਇਕ ਵਸੀਲਾ ਬਣਦੀ ਜਾ ਰਹੀ ਹੈ ਤਾਂ ਅਜਿਹੇ ਵਿੱਚ ਸਕੂਲੀ ਕਿਤਾਬਾਂ ਵਿੱਚ ਗਲਤ ਬਿਆਨੀਆਂ ਦਾ ਮਾਮਲਾ ਹੋਰ ਵੀ ਅਹਿਮ ਹੋ ਜਾਂਦਾ ਹੈ ਕਿਉਂਕਿ ਇਸ ਰਾਹੀਂ ਸਕੂਲੀ ਬੱਚਿਆਂ ਦੀ ਸਖਸ਼ੀਅਤ ਵਿੱਚ ਕੱਜ ਪੈਣ ਦੀ ਸੰਭਾਵਨਾ ਚੋਖੀ ਹੋ ਜਾਂਦੀ ਹੈ।

ਮੌਜੂਦਾ ਕਾਂਗਰਸ ਸਰਕਾਰ ਵੇਲੇ ਪੰ.ਸ.ਸਿ.ਬ. ਦੀ 12ਵੀਂ ਜਮਾਤ ਦੀ ਕਿਤਾਬ ਵਿਵਾਦਾਂ ਦੇ ਘੇਰੇ ਵਿੱਚ ਹੈ ਜਿਸ ਦਾ ਮਾਹਿਰਾਂ, ਵਿਦਵਾਨਾਂ ਤੇ ਸਿੱਖ ਅਕਾਦਮਿਕ ਹਲਕਿਆਂ ਵੱਲੋਂ ਡਟਵਾਂ ਵਿਰੋਧ ਕੀਤਾ ਜਾ ਰਿਹਾ ਹੈ। ਅਜਿਹੇ ਵਿੱਚ ਇਸ ਗੱਲ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ ਕਿ ਸਕੂਲੀ ਸਿੱਖਿਆ ਵਿੱਚ ਸਿੱਖ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਵਿਗਾੜਨ ਦਾ ਮਸਲਾ ਮਾਮਲਾ ਗੰਭੀਰ ਹੈ।

ਹੁਣ ਜਦੋਂ ਮਾਮਲਾ ਗੰਭੀਰ ਹੈ ਤਾਂ ਸਮਾਜ ਦੇ ਹਰ ਹਿੱਸੇ ਵੱਲੋਂ ਇਸ ਬਾਰੇ ਚੇਤਨ ਹੋਣਾ ਚੰਗੀ ਹੱਲ ਹੋਣੀ ਚਾਹੀਦੀ ਹੈ। ਇਸ ਪੱਖ ਤੋਂ ਵੇਖਿਆਂ ਸ਼੍ਰੋ.ਅ.ਦ. (ਬਾਦਲ) ਵੱਲੋਂ ਕੀਤੀ ਜਾ ਰਹੀ ਸਰਗਰਮੀ ਚੰਗੀ ਮੰਨੀ ਜਾਣੀ ਚਾਹੀਦੀ ਹੈ। ਪਰ ਸਿਰਫ ਦਿਸਦਾ ਹੀ ਸਭ ਕੁਝ ਨਹੀਂ ਹੁੰਦਾ। 'ਕਿਸ ਵੱਲੋਂ' 'ਕਿਹੜੀ ਗੱਲ' 'ਕਿਸ ਵੇਲੇ' ਕਹੀ ਜਾਂ ਕੀਤੀ ਜਾਂਦੀ ਹੈ ਉਹਨੂੰ ਵਿਚਾਰ ਕੇ ਹੀ ਇਸ ਗੱਲ ਦੀ ਥਾਹ ਪਾਈ ਜਾ ਸਕਦੀ ਹੈ ਕਿ ਉਹ ਇਹ ਗੱਲ 'ਕਾਹਦੇ ਵਾਸਤੇ' ਕਹਿ ਜਾਂ ਕਰ ਰਿਹਾ ਹੈ।

'ਕਿਹੜੀ ਗੱਲ' ਦਾ ਮਸਲਾ ਉੱਪਰ ਵਿਚਾਰਿਆ ਜਾ ਚੁੱਕਾ ਹੈ ਤੇ ਸੰਖੇਪ ਦੁਹਰਾਓ ਇਹ ਹੈ ਕਿ ਸਕੂਲੀ ਕਿਤਾਬਾਂ ਵਿੱਚ ਇਤਿਹਾਸ ਨਾਲ ਛੇੜਛਾੜ ਦਾ ਮਾਮਲਾ ਇਕ ਗੰਭੀਰ ਮਸਲਾ ਹੈ। ਪਰ ਇਹ ਜਰੂਰ ਦੱਸਣਾ ਬਣਦਾ ਹੈ ਕਿ ਹੁਣ ਵੀ ਨਾਗਪੁਰ ਦੀ ਇਕ ਸੰਸਥਾ ਵੱਲੋਂ ਛਾਪੀਆਂ ਕਿਤਾਬਾਂ ਵਿੱਚ ਸਿੱਖ ਇਤਿਹਾਸ ਨਾਲ ਖਿਲਵਾੜ ਦਾ ਮਾਮਲਾ ਚਰਚਾ ਵਿੱਚ ਹੈ ਪਰ ਬਾਦਲ ਉਸ ਮਾਮਲੇ ਉੱਤੇ ਕੁਝ ਨਹੀਂ ਬੋਲ ਰਹੇ। ਸੋ ਸੁਖਬੀਰ ਬਾਦਲ ਨੇ ਇਸ ਮਾਮਲੇ ਦੇ ਸਿਰਫ ਓਨੇ ਹਿੱਸੇ ਦੀ ਚੋਣ ਕੀਤੀ ਹੈ ਜਿਸ ਦਾ ਸੰਬੰਧ ਕਾਂਗਰਸ ਸਰਕਾਰ ਅਤੇ ਪੰਜਾਬ ਦੇ ਖਿੱਤੇ ਜਾਂ ਸਿੱਧਾ ਕਿਹਾ ਜਾਵੇ ਤਾਂ ਪੰਜਾਬ ਦੀ ਸਿਆਸਤ ਨਾਲ ਹੈ। ਆਰ.ਐਸ.ਐਸ. ਵੱਲੋਂ ਕੀਤੀ ਜਾਂਦੀ ਸਿੱਖ ਇਤਿਹਾਸ ਨਾਲ ਛੇੜਛਾੜ ਬਾਰੇ ਸੁਖਬੀਰ ਸਿੰਘ ਬਾਦਲ ਪੂਰੀ ਤਰ੍ਹਾਂ ਚੁੱਪ ਹੈ।

ਵਿਚਾਰ ਹੇਠਲੇ ਮਾਮਲੇ ਵਿਚ ਜੇਕਰ 'ਕਿਸ ਵੱਲੋਂ' ਨੂੰ ਵਿਚਾਰਿਆ ਜਾਵੇ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਹੋਂਦ ਵਿੱਚ ਹੀ ਸਿੱਖ ਸਰੋਕਾਰਾਂ ਦੀ ਰਾਖੀ ਤੇ ਪ੍ਰਫੁੱਲਤਾ ਲਈ ਆਇਆ ਸੀ। ਇਹ ਦਲ ਸਿੱਖ ਹਿੱਤਾਂ ਦਾ ਝੰਡਾਬਰਦਾਰ ਬਣ ਕੇ ਇਤਿਹਾਸ ਵਿੱਚ ਵਿਚਰਿਆ ਹੈ ਤੇ ਇਸ ਗੱਲ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ ਹੈ। ਪਰ ਮੁੱਕਰਿਆ ਇਸ ਗੱਲ ਤੋਂ ਵੀ ਨਹੀਂ ਜਾ ਸਕਦਾ ਕਿ ਇਸ ਵੇਲੇ ਇਹ ਦਲ ਸੱਤਾ ਦੀ ਹਵਸ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਕੇ ਸਿੱਖ ਸਰੋਕਾਰਾਂ ਨੂੰ ਤਿਲਾਂਜਲੀ ਦੇ ਚੁੱਕਾ ਹੈ। 1980ਵਿਆਂ ਤੋਂ ਬਾਅਦ ਤੇ ਖਾਸ ਕਰ ਸੰਨ 1995 ਵਿਚ 'ਪੰਜਾਬੀ ਪਾਰਟੀ' ਬਣ ਜਾਣ ਤੋਂ ਲੈ ਕੇ ਇਸ ਦਲ ਦਾ ਹੁਣ ਤੱਕ ਦਾ ਇਤਿਹਾਸ ਅਸਲ ਵਿੱਚ ਕਾਲਖ ਦਾ ਹੀ ਇਤਿਹਾਸ ਹੈ। ਇਸ ਕਾਲਖ ਦੇ ਵੇਰਵੇ ਤਾਂ ਇੰਨੇ ਲੰਮੇ ਹਨ ਕਿ ਅਜਿਹੀ ਕਿਸੇ ਇਕ ਲਿਖਤ ਵਿੱਚ ਸਮਾ ਨਹੀਂ ਸਕਦੇ ਇਸ ਲਈ ਸਿਰਫ ਹਾਲੀਆ ਅਹਿਮ ਘਟਨਾਵਾਂ ਦਾ ਹੀ ਜ਼ਿਕਰ ਕਰਾਂਗੇ। ਸਾਲ 2015 ਜਿਵੇਂ ਬਾਦਲ ਦਲ ਵੱਲੋਂ ਡੇਰਾ ਸਿਰਸਾ ਮੁਖੀ ਨੂੰ ਮਾਫੀ ਦਿਵਾਈ ਗਈ, ਫਿਰ ਬਰਗਾੜੀ ਤੇ ਬਰਗਾੜੀ ਨੇੜੇ ਦੀਆਂ ਹੋਰਨਾਂ ਥਾਵਾਂ ਤੇ ਵਾਪਰੀਆਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਦੀ ਪੁਸ਼ਤਪਨਾਹੀ ਕੀਤੀ ਗਈ ਅਤੇ ਬੇਅਦਬੀ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਦੀ ਮੰਗ ਕਰਦੇ ਸਿੱਖਾਂ ਨੂੰ ਗੋਲੀਆਂ ਚਲਾ ਕੇ ਮਾਰਿਆ ਗਿਆ ਉਹ ਇਤਿਹਾਸ ਦੇ ਅਜਿਹੇ ਦਾਗ ਹਨ ਜੋ ਬਾਦਲ ਦਲ ਦੇ ਮੱਥੇ ਤੋਂ ਮਿਟਣ ਵਾਲੇ ਨਹੀਂ। ਦੂਜੀ ਮਿਸਾਲ ਹੈ ਕਿ ਜਿਵੇਂ ਬਾਦਲਾਂ ਨੇ ਸਿੱਖ ਸੰਸਥਾਵਾਂ ਤੇ ਵਕਾਰੀ ਸਿੱਖ ਹਸਤੀਆਂ ਜਿਵੇਂ ਕਿ ਤਖਤਾਂ ਦੇ ਜਥੇਦਾਰ ਸਾਹਿਬਾਨ ਨੂੰ ਆਪਣੇ ਮੁਫਾਦਾਂ ਲਈ ਵਰਤ ਕੇ ਉਹਨਾਂ ਦੀ ਮਾਨਤਾਂ ਹੀ ਖਤਮ ਕਰ ਦਿੱਤੀ ਹੈ ਕਿਸੇ ਕੌਮ ਨਾਲ ਅਜਿਹੇ ਕੰਮ ਤੋਂ ਵੱਡਾ ਧਰੋਹ ਸ਼ਾਇਦ ਹੋਰ ਕੋਈ ਨਹੀਂ ਹੋ ਸਕਦਾ।

ਹੁਣ ਗੱਲ ਕਰਦੇ ਹਾਂ 'ਕਿਸ ਵੇਲੇ' ਦੀ। ਉਕਤ ਚਰਚਾ ਵਿੱਚ ਦਿੱਤੇ ਹਾਲੀਆ ਹਵਾਲਿਆਂ ਦੇ ਮਾਮਲੇ ਵਿਚ ਹੁਣ ਬਾਦਲਾਂ ਦੇ ਸਭ ਪਰਦੇ ਫਾਸ ਹੋ ਚੁੱਕੇ ਹਨ ਤੇ ਇਹ ਗੱਲਾਂ ਠੋਸ ਤੱਥਾਂ ਤੇ ਗਵਾਹੀਆਂ ਨਾਲ ਜੱਗ ਜ਼ਾਹਰ ਹੋ ਚੁੱਕੀਆਂ ਹਨ। ਅਜਿਹੇ ਵਿੱਚ ਬਾਦਲ ਇਹ ਗੱਲ ਉਦੋਂ ਕਰ ਰਹੇ ਹਨ ਜਦੋਂ ਕਿ ਸਿੱਖੀ ਸਰੋਕਾਰਾਂ ਨਾਲ ਜੁੜੇ ਹਿੱਸੇ ਵਿਚ ਉਹਨਾਂ ਦੀ ਮਾਨਤਾ ਖਤਮ ਹੋ ਚੁੱਕੀ ਹੈ। ਇਹ ਹੀ ਨਹੀਂ ਬਾਦਲ ਇਸ ਵੇਲੇ ਅਜਿਹੀ ਸਿਆਸੀ ਹਾਲਤ ਵਿੱਚ ਹਨ ਕਿ ਸਿੱਖ ਸਰੋਕਾਰਾਂ ਨੂੰ ਦੋਮ ਥਾਂ ਤੇ ਰੱਖਣ ਵਾਲੇ ਹਿੱਸੇ ਵਿੱਚ ਵੀ ਉਹਨਾਂ ਦੀ ਮਾਨਤਾ ਹਾਸ਼ੀਏ ਉੱਤੇ ਹੈ। ਜਿਵੇਂ ਕਿ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਸਿੱਖਾਂ ਦੇ ਇਤਿਹਾਸ ਨਾਲ ਛੇੜ-ਛਾੜ ਪਹਿਲਾਂ ਵੀ ਹੁੰਦੀ ਰਹੀ ਹੈ ਪਰ ਬਾਦਲਾਂ ਨੇ ਅਜਿਹੇ ਮਾਮਲਿਆਂ ਤੇ ਪਹਿਲਾਂ ਕਦੇ ਵੀ ਏਨੀ ਸਰਗਰਮੀ ਨਹੀਂ ਵਿਖਾਈ। ਸਾਫ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਜਾਗੇ ਸਿੱਖੀ ਦੇ ਹੇਜ਼ ਦਾ ਇਸ ਸਮੇਂ ਦੀ ਹਾਲਾਤ ਨਾਲ ਗੂੜ੍ਹਾ ਸੰਬੰਧ ਹੈ।

ਸੋ, ਉਕਤ ਚਰਚਾ ਤੋਂ ਬਾਅਦ ਇਸ ਸਵਾਲ ਦਾ ਜਵਾਬ ਲੱਭਣ ਵਿੱਚ ਦਿੱਕਤ ਨਹੀਂ ਹੋਣੀ ਚਾਹੀਦੀ ਕਿ ਸੁਖਬੀਰ ਸਿੰਘ ਬਾਦਲ ਅਜਿਹਾ 'ਕਾਹਦੇ ਵਾਸਤੇ' ਕਰ ਰਿਹਾ ਹੈ ? ਸਪਸ਼ਟ ਹੈ ਕਿ ਉਸ ਵੱਲੋਂ ਅਜਿਹਾ ਇਸ ਲਈ ਨਹੀਂ ਕੀਤਾ ਜਾ ਰਿਹਾ ਹੈ ਕਿ ਇਹ ਮਾਮਲਾ ਅਹਿਮ ਤੇ ਗੰਭੀਰ ਹੈ। ਉਹ ਅਜਿਹਾ ਇਸ ਲਈ ਵੀ ਨਹੀਂ ਕਰ ਰਿਹਾ ਹੈ ਸ਼੍ਰੋ.ਅ.ਦ. ਸਿੱਖ ਸਰੋਕਾਰਾਂ ਦੀ ਪਹਿਰੇਦਾਰ ਜਮਾਤ ਹੈ ਤੇ ਨਾ ਹੀ ਇਹ ਗੱਲ ਹੈ ਕਿ ਇਸ ਮਾਮਲਾ ਹੁਣੇ ਹੀ ਉੱਠਿਆ ਹੈ, ਅਸਲ ਵਿੱਚ ਸੁਖਬੀਰ ਸਿੰਘ ਬਾਦਲ ਸ਼੍ਰੋ.ਅ.ਦ. (ਬਾਦਲ) ਤੇ ਲੱਗੀ ਇਤਿਹਾਸ ਦੀ ਕਾਲਖ ਨੂੰ ਇਸ ਮਾਮਲੇ ਦੀ ਤਹਿ ਹੇਠ ਦੱਬ ਦੇਣਾ ਚਾਹੁੰਦਾ ਹੈ। ਪਰ ਇਹ ਕਾਲਖ ਇੰਝ ਪਰਦੇ ਪਾਇਆਂ ਦੱਬੀ ਜਾਣ ਵਾਲੀ ਨਹੀਂ ਹੈ। ਬਾਦਲਾਂ ਨੇ ਆਪਣੇ ਉੱਤੇ ਉਹ ਕਾਲਖ ਲਵਾਈ ਹੈ ਕਿ ਇਸ ਦੇ ਦਾਗ ਪੈਣ ਵਾਲੇ ਹਰੇਕ ਪਰਦੇ ਵਿੱਚੋਂ ਉੱਭਰ ਆਉਣਗੇ।

# ਨਵੰਬਰ-84 ਦਾ ਕਤਲੇਆਮ ਅਤੇ ਭਾਰਤ ਵਿਚ ਸਿੱਖੀ ਦਾ ਭਵਿੱਖ

**ਸਵਰਨਜੀਤ ਸਿੰਘ ਖਾਲਸਾ**




ਨਵੰਬਰ '84 ਦੇ ਘੱਲੂਘਾਰੇ ਦਾ ਹੌਲਨਾਕ ਮੰਜ਼ਰ ਸਿੱਖ ਮਾਨਸਿਕਤਾ ਵਿਚ ਸਦਾ ਸਦਾ ਲਈ ਸਾਂਭਿਆਂ ਗਿਆ ਹੈ। ਮਸੂਮ ਬੱਚੀਆਂ ਤੋਂ ਲੈ ਕੇ ਦਾਦੀ ਮਾਂ ਦੇ ਰੁਤਬੇ ਵਾਲੀਆਂ ਸਿੱਖ ਬੀਬੀਆਂ ਵੀ ਦਰਿੰਦਿਆਂ ਦੀ ਹਵਸ ਦਾ ਸ਼ਿਕਾਰ ਹੋਈਆਂ ਤੇ ਅਖੀਰ ਬੇਰਹਿਮੀ ਦੀ ਮੌਤੇ ਮਾਰ ਦਿੱਤੀਆਂ ਗਈਆਂ। ਘਰ ਬਾਰ ਜਾਇਦਾਦਾਂ ਸਭ ਲੁੱਟੇ ਪੁੱਟੇ ਗਏ। ਇਹ ਖੂਨੀ ਖੇਡ ਸਰਕਾਰ ਦੀ ਅਗਵਾਈ ਵਿਚ ਹੋਈ। ਕਾਂਗਰਸ ਦੇ ਉੱਚ ਕੋਟੀ ਦੇ ਨੇਤਾ ਸੱਜਣ ਕੁਮਾਰ, ਐਚ.ਕੇ.ਐਲ ਭਗਤ, ਧਰਮਦਾਸ ਸਾਸ਼ਤਰੀ, ਜਗਦੀਸ਼ ਟਾਈਟਲਰ, ਕਮਲ ਨਾਥ (ਸਾਰੇ ਐਮ.ਪੀ) ਅਤੇ ਇੱਕ ਭੂਤਰੇ ਪੁਲਸੀਏ ਤਿਆਗੀ ਸਮੇਤ ਹੋਰ ਵੱਡੇ ਛੋਟੇ ਨੇਤਾ ਅਤੇ ਅਫ਼ਸਰ ਸਿਖਾਂ ਦੇ ਘਰਾਂ ਦੀ ਨਿਸ਼ਾਨਦੇਹੀ ਕਰਕੇ ਵੋਟਰ ਸੂਚੀਆਂ ਵਿੱਚੋਂ ਘਰਾਂ ਦੇ ਪਤੇ ਲੱਭ ਕੇ ਨਿਰਦੋਸ਼ ਸਿੱਖਾਂ ਨੂੰ ਕੋਹ-ਕੋਹ ਕੇ ਮਾਰਦੇ ਰਹੇ। ਉਸ ਸਮੇਂ ਦੇ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਨੇ ਵੀ ਪੁਲਿਸ ਟ੍ਰੇਨਿੰਗ ਸੈਂਟਰ ਹਰਿਆਣਾ ਮਧੂਬਨ ਤੋਂ ਨਵੇਂ ਰੰਗਰੂਟਾਂ ਦੀਆਂ ਬੱਸਾਂ ਭਰਕੇ ਦਿੱਲੀ ਭੇਜੀਆਂ। ਜਿਨ੍ਹਾਂ ਨੂੰ ਸ਼ਰਾਬ ਕਬਾਬ ਛਕਾਕੇ ਹਦਾਇਤਾਂ ਕੀਤੀਆਂ ਗਈਆਂ ਕਿ ਸਿੱਖ ਕਤਲੇਆਮ ਕਰੋ, ਸਿੱਖ ਔਰਤਾਂ ਦੀਆਂ ਇਜਤਾਂ, ਪੈਸਾ, ਸੰਪਤੀ ਲੁਟੋ। ਫਿਰ ਇਹ ਸਿਲਸਿਲਾ 1 ਨਵੰਬਰ ਤੋਂ ਤਿੰਨ ਦਿਨ ਲਗਾਤਾਰ ਚਲਦਾ ਰਿਹਾ, ਫੌਜ ਊਂਘਦੀ ਰਹੀ ਪੁਲਿਸ ਗੁੰਡਿਆਂ ਦੀ ਸਹਿਯੋਗੀ ਬਣੀ ਰਹੀ। ਮੀਡੀਆ ਫਾਸ਼ੀਵਾਦੀ ਗੁੰਡਿਆਂ ਤੇ ਸਰਕਾਰ ਦੇ ਹੱਕ ਵਿਚ ਭੁਗਤਿਆ ਤੇ ਕੋਈ ਵੀ ਸੱਚ ਨੂੰ ਉਜਾਗਰ ਕਰਦੀ ਰਿਪੋਰਟ ਨਹੀਂ ਛਾਪੀ ਗਈ। ਕੁਫ਼ਰ ਏਨਾ ਵੱਡਾ ਤੋਲਿਆ ਗਿਆ ਕਿ ਕਤਲੇਆਮ ਨੂੰ ਦਿਲੀ ਦੰਗਿਆਂ ਦਾ ਨਾਮ ਦੇਕੇ ਲੋਕਤੰਤਰ ਦਾ ਕਤਲ ਕੀਤਾ ਗਿਆ।

ਸਿਰਫ਼ 2 ਨਵੰਬਰ 1984 ਨੂੰ ਇੰਡੀਅਨ ਐਕਸਪ੍ਰੈਸ ਅਤੇ 3 ਨਵੰਬਰ 1984 ਨੂੰ ਸਟੇਟਸਮੈਨ ਅਖਬਾਰ ਨੇ ਇੱਕ ਖਬਰ ਛਾਪੀ ਕਿ ਇੱਕ ਗੁਰਦੁਆਰਾ ਸਾਹਿਬ ਨੂੰ ਅੱਗ ਲਾਉਣ ਅਤੇ ਦੋ ਸਿੱਖਾਂ ਨੂੰ ਸਾੜਕੇ ਮਾਰਨ ਵਾਲੀ ਭੀੜ ਦੀ ਅਗਵਾਈ ਕਮਲ ਨਾਥ ਐਮ. ਪੀ ਕਰ ਰਹੇ ਸਨ। ਉਸ 'ਤੇ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ ਲੇਕਿਨ ਗੁਰਦੁਆਰਾ ਸਾਹਿਬ ਦੀ ਰਾਖੀ ਕਰ ਰਹੇ ਜਾਂ ਆਪਣੀ ਜਾਨ ਬਚਾਉਣ ਲਈ ਲੜ ਰਹੇ ਸਿੱਖਾਂ ਉੱਤੇ ਕਤਲ ਦੇ ਮੁਕਦਮੇ ਦਰਜ ਕਰ ਦਿੱਤੇ ਗਏ। ਭਾਈ ਕੰਵਲਜੀਤ ਸਿੰਘ ਵਰਗੇ ਇੱਕ ਬੇਗੁਨਾਹ ਸਿੱਖ ਨੇ ਅਜਿਹੇ ਹੀ ਇੱਕ ਝੂਠੇ ਕੇਸ ਦਾ 6 ਸਾਲ ਮੁਕੱਦਮਾ ਲੜਿਆ। ਸਿੱਖਾਂ ਦੇ ਕਾਤਲਾਂ ਨੂੰ ਤਰੱਕੀਆਂ ਮਿਲੀਆਂ ਐਚ.ਕੇ.ਐਲ ਭਗਤ ਕੈਬਨਿਟ ਮੰਤਰੀ ਬਣਿਆ। ਦਸੰਬਰ 1984 ਵਿੱਚ ਜਗਦੀਸ਼ ਟਾਈਟਲਰ ਨੂੰ ਵੀ ਮੰਤਰੀ ਬਣਾਇਆ ਗਿਆ।

ਸਾਡੇ ਆਪਣੇ ਲਈ ਇਹ ਸਵਾਲ ਬਣਦਾ ਹੈ ਕਿ ਅਸੀਂ ਆਪ ਇਹ ਪੈਂਡਾ ਕਿੰਨਾ ਕੁ ਤੈਅ ਕੀਤਾ ਹੈ? ਇਹ ਸਵਾਲ ਸਿਰਫ ਇਸ ਲਈ ਹੈ ਕਿ ਬਰਸੀਆਂ ਮਨਾਉਣ ਤੇ ਪੰਜਾਬ ਬੰਦ ਕਰਾਉਣ ਦੇ ਰਾਹ 'ਤੇ ਪਈ ਸਿੱਖ ਲੀਡਰਸ਼ਿਪ ਉਸੇ ਤਰ੍ਹਾਂ ਹੁਣ ਵੀ ਅੰਨ੍ਹੀਆਂ ਗਲੀਆਂ ਵਿਚ ਚੱਕਰ ਕੱਟ ਰਹੀ ਹੈ ਜਿਸ ਤਰ੍ਹਾਂ ਇੰਨੇ ਦਹਾਕਿਆਂ ਤੋਂ ਸੱਤਾ ਉਤੇ ਕਾਬਜ਼ ਲੋਕਾਂ ਨੇ ਉਨ੍ਹਾਂ ਨੂੰ ਅਜਿਹੀਆਂ ਹੋਰ ਅੰਨ੍ਹੀਆਂ ਗਲੀਆਂ ਦੇ ਰਾਹ ਪਾਇਆ ਹੋਇਆ ਹੈ।

ਲੇਕਿਨ ਕੁਝ ਗੈਰ ਸਿੱਖ ਇਨਸਾਫ਼ ਪਸੰਦ ਲੋਕਾਂ ਨੇ ਉਸ ਸਮੇਂ ਹੀ ਇਸ ਸ਼ਰਮਨਾਕ ਕਾਰਵਾਈ ਨੂੰ ਨਿੰਦਿਆਂ ਜਿਨ੍ਹਾਂ ਵਿੱਚ ਦੋ ਪ੍ਰਮੁੱਖ ਜਥੇਬੰਦੀਆਂ ਪੀਪਲਜ ਯੂਨੀਅਨ ਆਫ਼ ਸਿਵਲ ਲਿਬਰਟੀਜ਼ (ਪੀ.ਯੂ.ਸੀ.ਐਲ) ਅਤੇ ਪੀਪਲਜ਼ ਯੂਨੀਅਨ ਆਫ ਡੈਮੋਕੇਟ੍ਰਿਕ ਰਾਈਟਸ (ਪੀ.ਯੂ.ਡੀ.ਆਰ) ਨੇ ਇੱਕ ਕਿਤਾਬ "ਦੋਸ਼ੀ ਕੌਣ" ਲਿਖੀ। ਇਨ੍ਹਾਂ ਜਥੇਬੰਦੀਆਂ ਨੇ ਸਪਸ਼ਟ ਤੌਰ ਤੇ ਉਪਰੋਕਤ ਸਾਰੇ ਕਾਂਗਰਸੀ ਆਗੂਆ, ਸੱਜਣ ਕੁਮਾਰ, ਐਚ.ਕੇ.ਐਲ ਭਗਤ, ਧਰਮਦਾਸ ਸਾਸ਼ਤਰੀ, ਜਗਦੀਸ ਟਾਈਟਲਰ, ਕਮਲ ਨਾਥ (ਸਾਰੇ ਐਮ.ਪੀ) ਨੂੰ ਸਿੱਖਾਂ ਦੇ ਕਤਲੇਆਮ ਦਾ ਸਿੱਧੇ ਤੌਰ 'ਤੇ ਦੋਸ਼ੀ ਠਹਿਰਾਇਆ। ਇਸੇ ਤਰਾਂ ਹੀ ਦੀ ਟਾਈਮਜ਼ ਆਫ਼ ਇੰਡੀਆ ਅਖਬਾਰ ਰੈਜੀਡੈਂਟ ਐਡੀਟਰ ਸ੍ਰੀ ਮਨੋਜ ਮਿੱਟਾ ਅਤੇ ਤੇ ਉੱਘੇ ਵਕੀਲ ਤੇ ਪੰਥ ਦਰਦੀ ਹਰਵਿੰਦਰ ਸਿੰਘ ਫੂਲਕਾ (ਭਦੌੜ) ਸੀਨੀਅਰ ਐਡਵੋਕੇਟ ਸੁਪਰੀਮ ਕੋਰਟ ਨੇ ਇੱਕ ਕਿਤਾਬ "ਜਦੋਂ ਵੱਡਾ ਦਰਖਤ ਡਿਗਿਆ" ਲਿਖ ਕੇ ਉਪਰੋਕਤ ਸਾਰੇ ਕਾਂਗਰਸੀ ਆਗੂਆਂ ਨੂੰ ਸਿੱਖਾਂ ਦੇ ਕਤਲੇਆਮ ਲਈ ਜ਼ਿੰਮੇਵਾਰ ਦੱਸਿਆ। ਇਸ ਤਰ੍ਹਾਂ ਹੀ ਦੋ ਸੀਨੀਅਰ ਜੱਜ ਸਾਹਿਬਾਨਾਂ ਮਾਣਯੋਗ ਜਸਟਿਸ ਤਾਰਕੁੰਡੇ ਨੇ ਜਨਵਰੀ 1985 ਅਤੇ ਮਾਣਯੋਗ ਜਸਟਿਸ ਸ੍ਰੀ ਸੀਕਰੀ ਨੇ ਫਰਵਰੀ 1985 ਵਿੱਚ ਸਿੱਖ ਕਤਲੇਆਮ ਬਾਰੇ ਇੱਕ ਨਿਰਪੱਖ ਰਿਪੋਰਟ ਤਿਆਰ ਕਰਕੇ ਸਰਕਾਰ ਨੂੰ ਦਿੱਤੀ ਸੀ ਕਿ ਉਪਰ ਦਰਜ ਸਾਰੇ ਕਾਂਗਰਸੀ ਆਗੂ ਤੇ ਪ੍ਰਸ਼ਾਸਨ ਸਿੱਖਾਂ ਦੀ ਨਸਲਕੁਸ਼ੀ ਲਈ ਜ਼ਿੰਮੇਵਾਰ ਹੈ।

ਸਿਰਦਾਰ ਕਪੂਰ ਸਿੰਘ ਦਾ (ਸੱਚੀ ਸਾਖੀ) ਨੂੰ ਇਸੇ ਪ੍ਰਸੰਗ ਵਿਚ ਵਿਚਾਰਨਾ ਬਣਦਾ ਹੈ ਕਿ ਸਿੱਖਾਂ ਨੂੰ ਆਪਣੇ ਨਾਲ ਹੋਏ ਧੋਖੇ ਅਤੇ ਬੇਵਿਸ਼ਵਾਸੀ ਦਾ ਅਹਿਸਾਸ ਦੇਸ਼ ਦੀ ਆਜ਼ਾਦੀ ਤੋਂ ਤੁਰੰਤ ਬਾਅਦ ਉਦੋਂ ਹੀ ਹੋ ਗਿਆ ਸੀ, ਜਦੋਂ ਉਨ੍ਹਾਂ ਨੂੰ ਆਪਣੀਆਂ ਕੁਰਬਾਨੀਆਂ ਬਦਲੇ ਜ਼ਰਾਇਮ ਪੇਸ਼ਾ ਕੌਮ ਹੋਣ ਦਾ ਖਿਤਾਬ ਦਿੱਤਾ ਗਿਆ ਸੀ। ਬੜੀ ਚਲਾਕੀ ਤੇ ਗੁਮਰਾਹਕੁਨ ਤਰੀਕੇ ਨਾਲ ਆਜ਼ਾਦ ਭਾਰਤ ਦੇ ਸੰਵਿਧਾਨ ਵਿਚ ਇਸ ਦੀ ਧਾਰਾ 25 ਰਾਹੀਂ ਸਿੱਖਾਂ ਨੂੰ ਹਿੰਦੂ ਧਰਮ ਦਾ ਇੱਕ ਹਿੱਸਾ ਗਰਦਾਨਿਆ ਗਿਆ ਸੀ, ਜਿਸ ਦਾ ਸਿੱਖ ਉਸ ਵੇਲੇ ਤੋਂ ਲੈ ਕੇ ਅੱਜ ਤੱਕ ਵਿਰੋਧ ਕਰਦੇ ਆ ਰਹੇ ਹਨ। ਇਥੇ ਹੀ ਬੱਸ ਨਹੀਂ, ਬਾਕੀ ਸੂਬਿਆਂ ਦੀ ਤਰਜ਼ ਅਤੇ ਭਾਸ਼ਾ ਦੇ ਆਧਾਰ 'ਤੇ ਬਣੇ ਹੋਰ ਸੂਬਿਆਂ ਵਾਂਗ, ਪੰਜਾਬੀ ਸੂਬਾ ਲੈਣ ਲਈ ਸਿੱਖਾਂ ਨੂੰ 13 ਸਾਲ ਸੰਘਰਸ਼ ਕਰਨਾ ਪਿਆ ਤਾਂ ਕਿਧਰੇ ਹਰਿਆਣਾ ਅਤੇ ਹਿਮਾਚਲ ਨੂੰ ਪੰਜਾਬ ਨਾਲੋਂ ਵੱਖ ਕਰਕੇ ਸੰਨ 1966 ਵਿਚ ਮਿੰਨੀ ਪੰਜਾਬੀ ਸੂਬਾ ਹੋਂਦ ਵਿਚ ਆਇਆ ਜਿਸ ਵਿਚ ਕਦੇ ਵੀ ਲੋਕਤੰਤਰਕ ਤਰੀਕੇ ਨਾਲ ਚੁਣੀ ਨਿਰੋਲ ਸਿੱਖਾਂ ਦੀ ਕਿਸੇ ਵੀ ਸਰਕਾਰ ਨੂੰ ਕੇਂਦਰੀ ਹਿੰਦ ਸਰਕਾਰ ਨੇ ਆਪਣਾ ਸਮਾਂ ਕਾਲ ਪੂਰਾ ਨਹੀਂ ਕਰਨ ਦਿੱਤਾ।

ਸਾਲ 1984 ਵਿਚ ਸਿੱਖ ਅਤੇ ਸਿੱਖੀ 'ਤੇ ਹੋਏ ਦੋ ਵੱਡੇ ਹਮਲਿਆਂ ਨੇ, ਸਿੱਖ ਕੌਮ ਨੂੰ ਆਪਣੇ ਹੀ ਮੁਲਕ ਵਿਚ, ਗੁਲਾਮ ਹੋਣ ਦਾ ਅਹਿਸਾਸ ਕਰਵਾ ਦਿੱਤਾ ਹੈ, ਜਿਸ ਸਦਕਾ ਹੁਣ ਬਹੁਤ ਸਾਰੇ ਸਿੱਖ ਇਹ ਗੱਲ ਸਮਝਣ ਲੱਗ ਪਏ ਹਨ ਕਿ ਭਾਰਤ ਸਰਕਾਰ ਦੀਆਂ ਸਿੱਖ ਵਿਰੋਧੀ ਨੀਤੀਆਂ ਦੇ ਚਾਰ ਮੁੱਖ ਪਹਿਲੂ ਹਨ।

ਪਹਿਲਾ: ਸਿੱਖ ਅਤੇ ਸਿੱਖਾਂ ਦੀ ਪਹਿਚਾਣ ਨੂੰ ਖ਼ਤਮ ਕਰਨਾ ਅਤੇ ਉਨ੍ਹਾਂ ਦੇ ਧਾਰਮਿਕ ਮਸਲਿਆਂ ਵਿਚ ਦਖ਼ਲਅੰਦਾਜ਼ੀ ਕਰਨਾ। ਦੂਜਾ, ਸਿੱਖ ਵਿਰਸੇ, ਸਿੱਖ ਇਤਿਹਾਸ, ਸਿੱਖ ਸਭਿਆਚਾਰ ਅਤੇ ਸਿੱਖ ਧਰਮ ਵਿਚ ਮਿਲਾਵਟ ਕਰਨਾ। ਤੀਜਾ, ਸਿੱਖਾਂ ਨੂੰ ਆਤਮ-ਨਿਰਭਰ, ਆਜ਼ਾਦ ਹੋਣ ਅਤੇ ਰਾਜ ਕਰਨ ਤੋਂ ਰੋਕਣਾ ਅਤੇ ਪੰਜਾਬ ਵਿਚ ਸਿੱਖਾਂ ਦੀ ਬਹੁਗਿਣਤੀ ਨੂੰ ਘਟਾਉਣਾ। ਚੌਥਾ, ਪੰਜਾਬ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨਾ ਅਤੇ ਇਸ ਦੇ ਸਾਧਨਾਂ ਦੀ ਲੁੱਟ-ਖਸੁੱਟ ਕਰਨਾ ਜਿਸ ਵਿਚ ਭਾਖੜਾ ਡੈਮ ਦੀ ਬਿਜਲੀ, ਨਹਿਰੀ ਪਾਣੀ ਅਤੇ ਲਾਹੌਰ ਦੀ ਥਾਂ ਤੇ ਪੰਜਾਬ ਲਈ ਬਣਾਈ ਰਾਜਧਾਨੀ ਚੰਡੀਗੜ੍ਹ ਆਦਿ ਸ਼ਾਮਲ ਹਨ।

ਨਵੰਬਰ 1984 ਦੀ ਘਟਨਾ ਨੂੰ ਦੰਗੇ ਨਹੀਂ ਕਿਹਾ ਜਾ ਸਕਦਾ ਇਹ ਤਾਂ ਸਿੱਖਾਂ ਦਾ ਸਮੇਂ ਦੀ ਸਰਕਾਰ ਵੱਲੋਂ ਕੀਤਾ ਗਿਆ 'ਕਤਲੇਆਮ' ਅਤੇ 'ਨਸਲਕੁਸ਼ੀ' ਸੀ। ਦੰਗੇ ਉਹ ਹੁੰਦੇ ਹਨ- ਜਦੋਂ ਦੋ ਧਿਰਾਂ ਆਪਸ ਵਿਚ ਲੜਦੀਆਂ ਹੋਣ। ਨਵੰਬਰ 1984 ਵਿਚ ਤਾਂ ਸਿੱਖਾਂ ਵੱਲੋਂ ਕਿਸੇ ਧਿਰ 'ਤੇ ਕੋਈ ਹਮਲਾ ਨਹੀਂ ਕੀਤਾ ਗਿਆ, ਸਗੋਂ ਸਿੱਖਾਂ ਨੂੰ ਤਾਂ ਉਨ੍ਹਾਂ ਦੇ ਆਪਣੇ ਹੀ ਘਰਾਂ ਵਿਚ ਜਾਂ ਜਿੱਥੇ ਵੀ ਕੋਈ ਸਿੱਖ ਮਿਲਿਆ ਧਾੜਵੀਆਂ ਦੀ ਫੌਜ ਨੇ ਜਾਨੋਂ ਮਾਰ ਦਿੱਤਾ। ਸਿੱਖ ਨਸਲਕੁਸ਼ੀ ਵਿਚ ਸਥਾਨਕ ਪੁਲਿਸ, ਪ੍ਰਸ਼ਾਸਨ ਅਤੇ ਰਾਜਨੀਤਕ ਲੀਡਰਾਂ ਦੇ ਆਪਸੀ ਤਾਲ-ਮੇਲ ਦੇ ਪੁਖਤਾ ਸਬੂਤ ਮੌਜੂਦ ਹੋਣ ਦੇ ਬਾਵਜੂਦ ਵੀ ਭਾਰਤੀ ਅਦਾਲਤਾਂ ਵੱਲੋਂ ਕਾਤਲਾਂ ਅਤੇ ਕਾਤਲਾਂ ਦੀਆਂ ਭੀੜਾਂ ਵਿਰੁਧ ਕੋਈ ਕਾਰਵਾਈ ਨਹੀਂ ਹੋਈ। ਇਸੇ ਲਈ ਇਹ ਸਰਕਾਰੀ ਕਤਲੇਆਮ ਹੈ।

ਕਾਂਗਰਸ ਪਾਰਟੀ ਉਸ ਵਕਤ ਹੋਏ ਕਤਲੇਆਮ ਦੀ ਜ਼ਿੰਮੇਵਾਰੀ ਤੋਂ ਨਹੀਂ ਭੱਜ ਸਕਦੀ। ਉਸ ਦੇ ਨਵੇਂ ਬਣਾਏ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਇਹ ਕਹਿ ਕੇ ਕਤਲੇਆਮ ਨੂੰ ਜਾਇਜ਼ ਠਹਿਰਾਇਆ ਸੀ ਕਿ "ਜਬ ਕੋਈ ਬੜਾ ਪੇੜ ਗਿਰਤਾ ਹੈ ਤੋ ਧਰਤੀ ਹਿਲਤੀ ਹੈ"। ਜਗਦੀਸ਼ ਟਾਈਟਲਰ ਤੇ ਸੱਜਣ ਕੁਮਾਰ ਉਨ੍ਹਾਂ ਦੇ ਆਗੂ ਹਨ ਤਾਂ ਕਾਂਗਰਸ ਨੂੰ ਬੇਗੁਨਾਹ ਨਹੀਂ ਮੰਨਿਆ ਜਾ ਸਕਦਾ। ਤਿੰਨ ਹਜ਼ਾਰ ਤੋਂ ਵੱਧ ਸਿੱਖਾਂ ਦੇ ਕਤਲਾਂ ਦੇ ਕੇਸਾਂ ਵਿਚ ਮਸਾਂ ਸਾਢੇ ਚਾਰ ਸੌ ਬੰਦਿਆਂ ਨੂੰ ਇਨ੍ਹਾਂ 34 ਸਾਲਾਂ ਵਿਚ ਕੁਝ ਸਜ਼ਾ ਹੋਈ ਤੇ ਇਹ ਗੱਲ ਵਾਰ-ਵਾਰ ਕਹੀ ਜਾਂਦੀ ਸੀ ਕਿ ਬਾਕੀ ਦੇ ਦੋਸ਼ੀ ਕਾਂਗਰਸ ਦੀਆਂ ਸਰਕਾਰਾਂ ਨੇ ਢਾਲ ਬਣ ਕੇ ਬਚਾਏ ਸਨ।

ਇਹ ਗੱਲ ਇੱਕ ਹੱਦ ਤੱਕ ਠੀਕ ਹੈ। ਇੱਕ ਹੱਦ ਤੱਕ ਇਸ ਲਈ ਕਿ ਇਸ ਸਮੇਂ ਦੌਰਾਨ ਸਭ ਸਰਕਾਰਾਂ ਕਾਂਗਰਸ ਦੀਆਂ ਨਹੀਂ ਰਹੀਆਂ। ਤਿੰਨ ਵਾਰੀਆਂ ਵਿਚ ਛੇ ਸਾਲ ਵਾਜਪਾਈ ਸਾਹਿਬ ਨੇ ਰਾਜ ਕੀਤਾ ਤੇ ਢਾਈ ਸਾਲ ਨਰਿੰਦਰ ਮੋਦੀ ਦੇ ਰਾਜ ਨੂੰ ਹੋ ਗਏ ਹਨ, ਇਸ ਸਮੇਂ ਵਿਚ ਉਨ੍ਹਾਂ ਕਤਲਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਇਨ੍ਹਾਂ ਨੇ ਵੀ ਕਦੇ ਕੁਝ ਨਹੀਂ ਕੀਤਾ। ਅਸੀਂ ਵੀ ਪੀ ਸਿੰਘ ਤੇ ਚੰਦਰ ਸ਼ੇਖਰ ਜਾਂ ਗੁਜਰਾਲ ਤੇ ਦੇਵਗੌੜਾ ਸਰਕਾਰ ਦੀ ਗੱਲ ਨਹੀਂ ਕਰਦੇ, ਭਾਜਪਾ ਸਰਕਾਰਾਂ ਦੀ ਚਰਚਾ

**ਬਾਕੀ ਸਫ਼ਾ 32 'ਤੇ**

# ਨਵੰਬਰ 84 ਦੀਆਂ ਭੀੜਾਂ ਦਾ ਸੰਤਾਪ ਭੋਗਣਾ ਪਿਆ ਨਰਿੰਦਰ ਪਾਲ ਸਿੰਘ ਪਾਲੀ ਨੂੰ

- **400 ਬੰਦਿਆਂ ਦੀਆਂ ਭੀੜਾਂ ਨੇ ਪਾਲੀ ਦੀ ਫੈਕਟਰੀ ਨੂੰ ਤਬਾਹ ਕਰ ਦਿੱਤਾ**
- **ਸਰਕਾਰ ਤੇ ਬੀਮਾ ਕੰਪਨੀ ਨੇ ਮੁਆਵਜ਼ਾ ਨਾ ਦਿੱਤਾ**

**ਜਲੰਧਰ/ਬਿਊਰੋ ਨਿਊਜ਼ :** ਸੰਨ1984 ਵਿੱਚ ਮੈਂ ਆਪਣੇ ਕਾਰੋਬਾਰ ਦੇ ਸਿਲਸਿਲੇ ਵਿੱਚ ਅਮਰੀਕਾ ਦੇ ਦੌਰੇ 'ਤੇ ਸੀ। 31 ਅਕਤੂਬਰ ਨੂੰ ਮੈ ਹੋਟਲ ਦੇ ਕਮਰੇ ਵਿਚ ਸੀ। ਅਚਾਨਕ ਮੈਨੂੰ ਖ਼ਬਰ ਮਿਲੀ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਉਨ੍ਹਾਂ ਦੇ ਅੰਗ ਰੱਖਿਅਕਾਂ ਵੱਲੋਂ ਕਤਲ ਕਰ ਦਿੱਤਾ ਗਿਆ ਹੈ। ਹੱਤਿਆ ਕਰਨ ਵਾਲੇ ਅੰਗ ਰੱਖਿਅਕ ਸਿੱਖ ਸਨ'। ਉਸੇ ਵੇਲੇ ਮੈਂ ਆਪਣੇ ਪਿਤਾ ਜੀ ਨੂੰ ਫ਼ੋਨ ਕਰ ਕੇ ਚੌਕਸ ਰਹਿਣ ਲਈ ਆਖਿਆ, ਕਿਉਂਕਿ ਮੈ ਆਉਣ ਵਾਲੇ ਖ਼ਤਰੇ ਨੂੰ ਭਾਂਪ ਗਿਆ ਸੀ। ਮੇਰੇ ਪਿਤਾ ਜੀ ਨੇ ਮੇਰੀ ਗੱਲ ਉੱਤੇ ਜ਼ਿਆਦਾ ਗੌਰ ਨਾ ਕਰਦਿਆਂ ਇਸ ਨੂੰ ਇੱਕ ਆਮ ਘਟਨਾ ਹੀ ਸਮਝਿਆ। 1 ਨਵੰਬਰ 1984 ਨੂੰ 400 ਬੰਦਿਆਂ ਦੀ ਭੀੜ ਨੇ ਮੇਰੇ ਉੱਤਮ ਨਗਰ ਸਥਿਤ ਘਰ ਅਤੇ ਫ਼ੈਕਟਰੀ ਉੱਤੇ ਧਾਵਾ ਬੋਲ ਦਿੱਤਾ ਅਤੇ ਉਸ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਸਭ ਕੁਝ ਸੜ ਕੇ ਸੁਆਹ ਹੋ ਗਿਆ ਅਤੇ ਮੇਰਾ ਪਰਿਵਾਰ ਅਰਸ਼ ਤੋਂ ਫ਼ਰਸ਼ 'ਤੇ ਪਹੁੰਚ ਗਿਆ। ਭੀੜ ਨੇ ਮੈਨੂੰ ਵੀ ਲੱਭਿਆ ਪਰ ਵਿਦੇਸ਼ ਹੋਣ ਕਾਰਨ ਮੇਰੀ ਜਾਨ ਬਚ ਗਈ। ਪਰਿਵਾਰ ਨੇ ਮੈਨੂੰ ਵਾਪਸ ਨਾ ਪਰਤਣ ਲਈ ਕਿਹਾ।

ਆਖ਼ਿਰਕਾਰ ਨਵੰਬਰ 1984 ਵਿਚ ਜਦੋਂ ਮੈ ਅਮਰੀਕਾ ਤੋਂ ਦੇਸ਼ ਪਰਤਿਆ ਤਾਂ ਸਿੱਧਾ ਫ਼ੈਕਟਰੀ ਪਹੁੰਚਿਆ। ਤਬਾਹੀ ਤੋਂ ਇਲਾਵਾ ਉੱਥੇ ਕੁੱਝ ਵੀ ਨਹੀਂ ਸੀ। ਜਿੱਥੇ ਕਰੀਬ 600 ਕਾਰੀਗਰ ਦਿਨ ਰਾਤ ਕੰਮ ਕਰਦੇ ਸਨ , ਚਹਿਲ ਪਹਿਲ ਰਹਿੰਦੀ ਸੀ ਉੱਥੇ ਹੁਣ ਸੰਨਾਟਾ ਪਸਰਿਆ ਹੋਇਆ ਸੀ। ਫ਼ੈਕਟਰੀ ਦੀ ਛੱਤ ਡਿੱਗ ਚੁੱਕੀ ਸੀ। ਤਬਾਹੀ ਦਾ ਇਹ ਦ੍ਰਿਸ਼ ਦੇਖ ਕੇ ਮੇਰਾ ਗੁੱਸਾ ਆਪੇ ਤੋਂ ਬਾਹਰ ਹੋ ਰਿਹਾ ਸੀ। ਮੇਰੇ ਪਿਤਾ ਨੇ ਮੈਨੂੰ ਸੰਭਾਲਿਆ ਅਤੇ ਕੋਈ ਵੀ ਗੈਰ-ਕਨੂੰਨੀ ਹਰਕਤ ਨਾ ਕਰਨ ਦੀ ਕਸਮ ਦਿੱਤੀ।

ਪਿਤਾ ਜੀ ਨੇ ਮੇਰੀ ਰੋਹ ਕਾਰਨ ਮੇਰੇ ਵਿਚ ਆਈ ਨਾਂਹਪੱਖੀ ਸੋਚ ਨੂੰ ਹਾਂ ਪੱਖੀ ਊਰਜਾ ਵਿੱਚ ਬਦਲਿਆ ਅਤੇ ਫਿਰ ਤੋਂ ਜ਼ਿੰਦਗੀ ਸ਼ੁਰੂ ਕੀਤੀ। ਅਸਮਾਨ ਥੱਲ੍ਹੇ ਸੜਕ ਵਿਚ ਇੱਕ ਕੁਰਸੀ ਅਤੇ ਮੇਜ਼ ਉੱਤੇ ਮੁੜ ਤੋਂ ਕੰਮ ਸ਼ੁਰੂ ਕੀਤਾ।

ਚਾਰ ਸਾਲ ਦੀ ਦਿਨ ਰਾਤ ਮਿਹਨਤ ਤੋਂ ਬਾਅਦ ਪਰਿਵਾਰ ਦੀ ਮਦਦ ਨਾਲ ਮੈਂ ਦੁਬਾਰਾ ਆਪਣੀ ਫ਼ੈਕਟਰੀ ਨੂੰ ਖੜ੍ਹਾ ਕਰ ਦਿੱਤਾ।

ਸੰਨ 1984 ਵਿਚ ਵਿਚ ਪਾਲੀ ਦੀ ਉਮਰ ਕਰੀਬ 33 ਸਾਲ ਸੀ। ਆਮ ਨੌਜਵਾਨਾਂ ਵਾਂਗ ਉਹ ਬਹੁਤ ਸ਼ੌਕੀਨ ਸੀ। ਵੱਖ ਵੱਖ ਰੰਗਾਂ ਦੀਆਂ ਦਸਤਾਰਾਂ ਪਾਲੀ ਦੇ ਸਿਰ ਦਾ ਤਾਜ ਸਨ। ਪਰ 1984 ਦੀ ਘਟਨਾ ਨੇ ਪਾਲੀ ਦੀ ਜ਼ਿੰਦਗੀ ਬੇਰੰਗ ਕਰ ਦਿੱਤੀ। ਗੁੱਸੇ ਉੱਤੇ ਕਾਬੂ ਪਾਉਣ ਲਈ ਪਾਲੀ ਨੇ ਸਫ਼ੇਦ ਦਸਤਾਰ ਸਜਾਉਣੀ ਸ਼ੁਰੂ ਕਰ ਦਿੱਤੀ।

**ਨਹੀਂ ਮਿਲਿਆ ਕੋਈ ਮੁਆਵਜ਼ਾ :** ਸੰਨ 1984 ਦੀ ਤਬਾਹੀ ਨੂੰ ਪਾਲੀ ਜਦੋਂ ਵੀ ਯਾਦ ਕਰਦਾ ਹੈ ਤਾਂ ਉਸ ਦੇ ਪੁਰਾਣੇ ਜ਼ਖ਼ਮ ਹਰੇ ਹੋ ਜਾਂਦੇ ਹਨ। ਪਾਲੀ ਮੁਤਾਬਕ ਉਸ ਨੇ ਪੂਰੀ ਫ਼ੈਕਟਰੀ ਦਾ ਬੀਮਾ ਕਰਵਾਇਆ ਸੀ ਪਰ ਸਿੱਖ ਕਤਲੇਆਮ ਦੌਰਾਨ ਹੋਏ ਨੁਕਸਾਨ ਦਾ ਵੇਰਵਾ ਦਰਜ ਨਹੀਂ ਸੀ ਇਸ ਕਰਕੇ ਉਸਨੂੰ ਕੰਪਨੀ ਨੇ ਕੋਈ ਮੁਆਵਜ਼ਾ ਨਹੀਂ ਦਿੱਤਾ।



ਪਾਲੀ ਮੁਤਾਬਕ ਸਰਕਾਰ ਨੇ ਡੇਢ ਕਰੋੜ ਦੇ ਨੁਕਸਾਨ ਦੇ ਬਦਲੇ 50 ਹਜ਼ਾਰ ਰੁਪਏ ਸਹਾਇਤਾ ਰਾਸ਼ੀ ਮਨਜ਼ੂਰ ਕੀਤੀ। ਜਿਸ ਦੇ ਖ਼ਿਲਾਫ਼ ਪਾਲੀ ਹੁਣ ਤੱਕ ਲੜਾਈ ਲੜ ਰਿਹਾ ਹੈ।

**23 ਨੰਬਰ ਮਾਰੂਤੀ ਦੀ ਯਾਦ :**ਪਾਲੀ ਦੱਸਦਾ ਹੈ ਕਿ 1984 ਵਿਚ ਉਸ ਨੇ ਨਵੀਂ ਮਾਰੂਤੀ ਕਾਰ ਲਈ ਸੀ ਅਤੇ ਉਸ ਦਾ ਨੰਬਰ 23 ਸੀ। ਅਮਰੀਕਾ ਰਵਾਨਾ ਹੋਣ ਤੋਂ ਪਹਿਲਾਂ ਹੀ ਕਾਰ ਮੈਨੂੰ ਮਿਲ ਗਈ। ਮੈਂ ਗੁਰਦੁਆਰਾ ਬੰਗਲਾ ਸਾਹਿਬ ਵਿਚ ਮੱਥਾ ਟੇਕ ਕੇ ਉਸ ਨੂੰ ਘਰ ਅੱਗੇ ਖੜ੍ਹਾ ਕਰ ਕੇ ਚਲਾ ਗਿਆ। ਭੀੜ ਨੇ ਉਸ ਕਾਰ ਨੂੰ ਵੀ ਅੱਗ ਲੱਗਾ ਦਿੱਤੀ। ਅੱਜ ਮੇਰੇ ਕੋਲ ਭਾਵੇਂ ਮਹਿੰਗੀ ਤੋਂ ਮਹਿੰਗੀ ਕਾਰ ਹੈ ਪਰ ਮਾਰੂਤੀ ਦੀ ਯਾਦ ਅੱਜ ਵੀ ਆਉਂਦੀ ਹੈ।

**40 ਦੇਸ਼ਾਂ ਤੱਕ ਫੈਲਿਆ ਕਾਰੋਬਾਰ :** ਪਾਲੀ ਦਾ ਕੱਪੜਿਆ ਦਾ ਕਾਰੋਬਾਰੀ ਹੈ। ਉੱਤਮ ਨਗਰ ਨੂੰ ਪਾਲੀ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਹੈ। ਨਰਿੰਦਰਪਾਲ ਸਿੰਘ ਪਾਲੀ ਦੱਸਦਾ ਕਿ ਉਸ ਦਾ ਕਾਰੋਬਾਰ 40 ਦੇਸ਼ਾਂ ਤੱਕ ਫੈਲਿਆ ਹੋਇਆ ਅਤੇ ਜੇਕਰ ਛੋਟੇ ਛੋਟੇ ਆਈਲੈਂਡ ਨੂੰ ਜੋੜ ਲਿਆ ਜਾਵੇ ਤਾਂ ਇਹ ਗਿਣਤੀ ਜ਼ਿਆਦਾ ਹੈ। ਪਾਲੀ ਦੱਸਦਾ ਹੈ ਕਿ 100 ਕਰੋੜ ਤੋਂ ਜ਼ਿਆਦਾ ਰੁਪਏ ਦਾ ਉਹ ਸਾਲਾਨਾ ਕਾਰੋਬਾਰ ਕਰਦਾ ਹੈ। ਪਾਲੀ ਦੀ ਫ਼ੈਕਟਰੀ ਵਿਚ ਹਰ ਧਰਮ ਦੇ ਲੋਕ ਕੰਮ ਕਰਦੇ ਹਨ।

# ਨਵੰਬਰ 1984 : ਇਤਿਹਾਸ ਦੇ ਡੂੰਘੇ ਜ਼ਖ਼ਮ

**ਅਵਤਾਰ ਸਿੰਘ ਯੂਕੇ**



34 ਸਾਲ ਹੋ ਗਏ ਹਨ, ਇਸ ਸਾਕੇ ਨੂੰ ਵਾਪਰਿਆਂ ਪਰ ਇਉਂ ਲਗਦੈ ਜਿਵੇਂ ਕੱਲ੍ਹ ਦੀ ਹੀ ਗੱਲ ਹੋਵੇ। ਸਿੱਖ ਮਾਵਾਂ ਦੀਆਂ ਅਸਮਾਨ ਚੀਰਦੀਆਂ ਚੀਕਾਂ, ਸਿੱਖ ਬੱਚੀਆਂ ਦੀ ਬੇਵਸੀ ਅਤੇ ਸਿੱਖ ਮਰਦਾਂ ਦੇ ਵਹਿਸ਼ੀ ਕਤਲੇਆਮ ਦੀਆਂ ਹਵਾਵਾਂ ਜਿਵੇਂ-ਜਿਵੇਂ ਸਿੱਖ ਮਾਨਸਿਕਤਾ ਉਤੇ ਜ਼ਖ਼ਮ ਲਾਉਂਦੀਆਂ ਗਈਆਂ, ਤਿਵੇਂ-ਤਿਵੇਂ ਹੀ ਬੇਚੈਨ ਹੋਈ ਸਿੱਖ ਮਾਨਸਿਕਤਾ ਦਰਦ ਦੇ ਗਹਿਰੇ ਅਹਿਸਾਸਾਂ ਨਾਲ ਲਗਾਤਾਰ ਟੁੱਟਦੀ ਰਹੀ। 'ਨਹੁੰ ਮਾਸ ਦਾ ਰਿਸ਼ਤਾ' ਦਿੱਲੀ ਵਿਚ ਹੀ ਨਹੀਂ ਬਲਕਿ ਪੂਰੇ ਭਾਰਤ ਵਿਚ ਆਪਣੇ ਵਹਿਸ਼ੀਪਣ ਦੀ ਅਸਲੀਅਤ ਦਰਸਾ ਰਿਹਾ ਸੀ। ਕੱਲ੍ਹ ਤਕ ਜੋ ਸਿੱਖਾਂ ਦੇ ਹਮਦਰਦ ਹੋਣ ਦਾ ਵਿਖਾਵਾ ਕਰ ਰਹੇ ਸਨ, ਉਨ੍ਹਾਂ ਨੇ ਰਾਤੋ ਰਾਤ ਸਿੱਖ ਘਰਾਂ ਦੀ ਨਿਸ਼ਾਨਦੇਹੀ ਕੀਤੀ ਅਤੇ ਇਕ ਕੌਮ ਦੇ ਖਿਲਾਫ਼ ਆਪਣੀ ਕਾਤਲੀ ਮੁਹਿੰਮ ਅਰੰਭ ਕਰ ਦਿੱਤੀ। ਸਿੱਖ ਮਰਦਾਂ ਨੂੰ ਜਿੰਦਾ ਸਾੜਿਆ ਗਿਆ, ਸਿੱਖ ਬੀਬੀਆਂ ਦੀ ਬੇਪਤੀ ਕੀਤੀ ਗਈ ਅਤੇ ਛੋਟੇ-ਛੋਟੇ ਮਾਸੂਮਾਂ ਨੂੰ ਕੰਧਾਂ ਨਾਲ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਕਤਲੇਆਮ ਦੇ ਕਿਸੇ ਵੀ ਵੱਡੇ ਦੋਸ਼ੀ ਨੂੰ ਸਜ਼ਾ ਤਾਂ ਕੀ ਮਿਲਣੀ ਸਗੋਂ ਉਹ ਸਰਕਾਰੇ ਦਰਬਾਰੇ ਮੁਲਕ ਦਾ ਕਾਨੂੰਨ ਬਣਾਉਣ ਵਾਲੇ ਭੱਦਰ ਪੁਰਸ਼ ਬਣੇ ਫਿਰਦੇ ਹਨ। ਅੱਜ ਵੀ ਜਦੋਂ 34 ਸਾਲ ਪਹਿਲਾਂ ਵਾਪਰੇ ਘੱਲੂਘਾਰੇ ਨੂੰ ਯਾਦ ਕਰੀਦਾ ਹੈ ਤਾਂ ਇਹ ਅਹਿਸਾਸ ਹੁੰਦਾ ਹੈ ਕਿ ਸਾਡੇ ਨਾਲੋਂ ਕੁਝ ਟੁੱਟ ਗਿਆ ਹੈ। ਇਸ ਮੁਲਕ ਨਾਲ ਆਪਣੇ ਹੋਣ ਦਾ ਜੋ ਇਕ ਅਹਿਸਾਸ ਸੀ ਉਹ ਅਹਿਸਾਸ ਜੂਨ 1984 ਅਤੇ ਨਵੰਬਰ 1984 ਦੇ ਘਟਨਾਕ੍ਰਮ ਨੇ ਤੋੜ ਦਿੱਤਾ।

ਨਵੰਬਰ 1984 ਵਿਚ ਸਿੱਖਾਂ ਨਾਲ ਜੋ ਕੁਝ ਵਾਪਰਿਆ, ਉਹ ਉਨ੍ਹਾਂ ਦੇ ਸਿੱਖ ਹੋਣ ਕਾਰਨ ਵਾਪਰਿਆ। ਸਿੱਖੀ ਸਰੂਪ, ਸਿੱਖ ਇਤਿਹਾਸ, ਸਿੱਖ ਪਰੰਪਰਾ ਅਤੇ ਸਿੱਖ ਰਵਾਇਤਾਂ ਨਾਲ ਬ੍ਰਾਹਮਣਵਾਦੀ ਸਲਤਨਤ ਦੀ ਵਿਚਾਰਧਾਰਕ ਦੁਸ਼ਮਣੀ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਹੀ ਰਹੀ ਹੈ। ਅਸਲੀ ਅਰਥਾਂ ਵਿਚ ਇਹ ਦੁਸ਼ਮਣੀ ਹੁਣ ਵਿਚਾਰਧਾਰਕ ਹੀ ਨਹੀਂ ਰਹੀ ਬਲਕਿ ਇਸ ਨੇ ਵਹਿਸ਼ਤ ਦਾ ਰੂਪ ਧਾਰ ਲਿਆ ਹੈ। ਇਸੇ ਲਈ ਬ੍ਰਾਹਮਣੀ ਵਿਚਾਰਧਾਰਾ ਨੂੰ ਪ੍ਰਣਾਈ ਹੋਈ ਹਰ ਸ਼ਖਸੀਅਤ ਅਤੇ ਸੰਸਥਾ ਇਸ ਦੁਸ਼ਮਣੀ ਨੂੰ ਪ੍ਰਗਟਾਉਣ ਅਤੇ



ਕਈ ਵਾਰ ਇਸ ਨੂੰ ਵਧਾਉਣ ਵਿਚ ਆਪਣਾ ਬਣਦਾ ਹਿੱਸਾ ਪਾਉਂਦੀ ਆ ਰਹੀ ਹੈ। ਭਾਵੇਂ ਉਹ ਪੁਲਿਸ ਅਫ਼ਸਰਸ਼ਾਹੀ ਹੋਵੇ, ਭਾਵੇਂ ਭਾਰਤੀ ਫੌਜ ਹੋਵੇ, ਭਾਵੇਂ ਭਾਂਤ-ਭਾਂਤ ਦੇ ਰੰਗ ਵਾਲੀਆਂ ਬ੍ਰਾਹਮਣੀ ਸੋਚ ਵਾਲੀਆਂ ਸਰਕਾਰਾਂ ਹੋਣ, ਮੀਡੀਆ ਹੋਵੇ ਜਾਂ ਮੁਲਕ ਨੂੰ ਇਨਸਾਫ਼ ਦੇਣ ਵਾਲੀਆਂ ਅਦਾਲਤਾਂ ਹੋਣ। ਇਨ੍ਹਾਂ ਸਾਰੀਆਂ ਸੰਸਥਾਵਾਂ ਵਿਚ ਕੰਮ ਕਰਦੇ ਹਿੰਦੂ ਅਧਿਕਾਰੀਆਂ ਨੇ ਨਿੱਜੀ ਰੂਪ ਵਿਚ ਹਰ ਕਦਮ ਤੇ ਸਿੱਖਾਂ ਨੂੰ ਇਨਸਾਫ਼ ਦੇਣ ਦੇ ਰਾਹ ਵਿਚ ਅੜਿੱਕੇ ਪਾਏ ਹਨ। ਮਹਿਜ਼ ਅਜਿਹੇ ਅੜਿੱਕੇ ਹੀ ਨਹੀਂ ਪਾਏ ਬਲਕਿ ਸਿੱਖਾਂ ਦੇ ਕਾਤਲਾਂ ਨੂੰ ਬਰੀ ਕਰਕੇ ਸਿੱਖਾਂ ਨੂੰ ਇਹ ਸੰਦੇਸ਼ ਦਿੱਤਾ ਕਿ ਉਹ ਕਿਸੇ ਇਨਸਾਫ਼ ਦੇ ਲਾਇਕ ਨਹੀਂ ਹਨ।

ਬ੍ਰਾਹਮਣੀ ਹਾਕਮਾਂ ਦੀ ਬੇਇਨਸਾਫ਼ੀ ਅਤੇ ਜ਼ੁਲਮ ਖਿਲਾਫ਼ ਬੋਲਣ ਵਾਲੇ ਸਿੱਖ ਤਾਂ ਪੰਜਾਬ ਤੋਂ ਲੈ ਕੇ ਕਲਕੱਤੇ ਤੱਕ ਕਤਲ ਕਰ ਦਿੱਤੇ ਗਏ ਪਰ ਹਜ਼ਾਰਾਂ ਸਿੱਖਾਂ ਨੂੰ ਦਿਨ ਦਿਹਾੜੇ ਕਤਲ ਕਰਨ ਵਾਲੇ 'ਭੱਦਰ' ਪੁਰਸ਼ ਸੀਬੀਆਈ. ਵਰਗੀ ਵੱਕਾਰੀ ਜਾਂਚ ਏਜੰਸੀ ਨੇ ਵੀ ਬਰੀ ਕਰ ਦਿੱਤੇ। ਕੋਈ ਅਦਾਲਤ ਕੋਈ ਮੀਡੀਆ, ਕੋਈ ਇਨਸਾਨੀ ਹੱਕਾਂ ਦਾ ਪਹਿਰੇਦਾਰ ਕੁਝ ਵੀ ਨਹੀਂ ਬੋਲਿਆ। ਡਰਾਏ ਹੋਏ ਗਵਾਹਾਂ ਨੇ ਨਵੇਂ ਹਲਫ਼ੀਆ ਬਿਆਨ ਅਤੇ ਪੁਲਿਸ ਦੀਆਂ ਰਿਪੋਰਟਾਂ ਨੂੰ ਹੀ ਸਭ ਨੇ ਅੰਤਮ ਸੱਚ ਮੰਨ ਲਿਆ।

34 ਸਾਲ ਦੇ ਇਸ ਵੱਡੇ ਅਰਸੇ ਤੋਂ ਬਾਅਦ ਇਹ ਗੱਲ ਬਿਲਕੁਲ ਸਪੱਸ਼ਟ ਹੋ ਗਈ ਹੈ ਕਿ ਭਾਰਤ ਵਿਚ ਸਿੱਖਾਂ ਲਈ ਇਨਸਾਫ਼ ਦੀ ਕੋਈ ਗੁੰਜਾਇਸ਼ ਨਹੀਂ ਹੈ। ਕਾਨੂੰਨੀ ਤੌਰ 'ਤੇ ਤੁਹਾਡਾ ਕੇਸ ਕਿੰਨਾ ਵੀ ਮਜ਼ਬੂਤ ਕਿਉਂ ਨਾ ਹੋਵੇ, ਤੁਹਾਡੇ ਸਿਰ ਉਤੇ ਦਸਤਾਰ ਹੀ ਤੁਹਾਡਾ ਸਭ ਤੋਂ ਵੱਡਾ ਗੁਨਾਹ ਬਣ ਜਾਂਦੀ ਹੈ। ਇਹ ਰਵਾਇਤ 18ਵੀਂ ਸਦੀ ਦੀ ਨਹੀਂ ਹੈ ਬਲਕਿ ਆਧੁਨਿਕ ਕਹੀ ਜਾਂਦੀ 21ਵੀਂ ਸਦੀ ਦੀ ਹੈ। ਸੰਨ1984 ਦੇ ਸਿੱਖ ਕਤਲੇਆਮ ਦੀਆਂ ਵਿਧਵਾ ਬੀਬੀਆਂ ਉਸ ਸਾਕੇ ਦੀਆਂ ਚਸ਼ਮਦੀਦ ਗਵਾਹ ਹਨ ਪਰ ਕਿਸੇ ਵੀ ਭਾਰਤੀ ਅਦਾਲਤ ਨੇ ਉਨ੍ਹਾਂ ਦੀ ਚਸ਼ਮਦੀਦ ਗਵਾਹੀ ਦੀ ਇਕ ਟਕੇ ਦੀ ਕੀਮਤ ਨਹੀਂ ਪਾਈ। ਉਨ੍ਹਾਂ ਨੂੰ ਆਪਣੀ ਗਵਾਹੀ ਨੂੰ ਸਾਬਤ ਕਰਨ ਲਈ ਹੋਰ ਸਬੂਤ ਲਿਆਉਣ ਲਈ ਆਖਿਆ ਜਾਂਦਾ ਹੈ। ਦੋ ਵਕਤ ਦੀ ਰੋਟੀ ਲਈ ਆਤੁਰ ਇਹ ਬੀਬੀਆਂ 34 ਸਾਲਾਂ ਤੋਂ ਆਪਣੇ ਪਰਿਵਾਰਕ ਮੈਂਬਰਾਂ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਭਟਕ ਰਹੀਆਂ ਹਨ ਪਰ ਅਦਾਲਤ ਦੇ ਜੱਜਾਂ ਤੋਂ ਲੈ ਕੇ ਪੁਲਿਸ ਅਫ਼ਸਰਾਂ ਤੱਕ ਸਭ ਉਨ੍ਹਾਂ ਦੀ ਲਾਚਾਰੀ ਤੇ ਹੱਸ ਛੱਡਦੇ ਹਨ। ਇਨ੍ਹਾਂ ਹਾਸੇ ਠੱਠਿਆਂ ਦਰਮਿਆਨ ਹੀ ਸਿੱਖ ਕਤਲੇਆਮ ਦੇ ਦੋਸ਼ੀ ਲਗਾਤਾਰ ਬਰੀ ਹੋਈ ਜਾ ਰਹੇ ਹਨ।

ਸਿੱਖਾਂ ਨੂੰ ਇਨਸਾਫ਼ ਤੋਂ ਵਿਰਵੇ ਰੱਖਣ ਲਈ ਆਪਣੀ ਪਸੰਦ ਦੇ ਜੱਜ ਲਾਏ ਜਾਂਦੇ ਹਨ, ਆਪਣੇ ਹੀ ਪੁਲਿਸ ਅਫ਼ਸਰਾਂ ਨੂੰ ਜਾਂਚ ਲਈ ਨਿਯੁਕਤ ਕੀਤਾ ਜਾਂਦਾ ਹੈ ਅਤੇ ਆਪਣੇ ਹੀ ਵਕੀਲ ਅਤੇ ਗਵਾਹ ਭੁਗਤਾਏ ਜਾਂਦੇ ਹਨ। ਜਿਨ੍ਹਾਂ ਵਕੀਲਾਂ ਦੀ ਜ਼ਿੰਮੇਵਾਰੀ ਪੀੜਤਾਂ ਦੇ ਹੱਕ ਵਿਚ ਭੁਗਤਣ ਦੀ ਹੁੰਦੀ ਹੈ, ਕੋਈ ਨਹੀਂ ਬੋਲਦਾ, ਕੋਈ ਨਹੀਂ ਕੁਸਕਦਾ, ਸਿੱਖਾਂ ਨੂੰ ਇਨਸਾਫ਼ ਦੇਣ ਦਾ ਮਤਲਬ ਅੱਤਵਾਦੀਆਂ ਦੀ ਹਮਾਇਤ ਕਰਨਾ ਬਣ ਜਾਂਦਾ ਹੈ।

ਸਿੱਖ ਕਤਲੇਆਮ ਦੇ 34 ਸਾਲਾਂ ਬਾਅਦ ਅੱਜ ਹਰ ਦਿਲ ਜਿਗਰੇ ਵਾਲੇ ਸਿੱਖ ਨੂੰ ਸੋਚਣਾ ਬਣਦਾ ਹੈ ਕਿ ਅਸੀਂ ਹਾਲੇ ਵੀ ਆਪੋ ਆਪਣੀ ਰੋਗੀ ਜਿਹੀ ਸਿਆਸੀ ਸਰਗਰਮੀ ਵਿਚ ਹੀ ਗਲਤਾਨ ਰਹਿਣਾ ਹੈ ਜਾਂ ਉਸ ਸਿਸਟਮ ਨੂੰ ਸਿੱਧੇ ਮੂੰਹ ਟੱਕਰਨ ਲਈ ਲਾਮਬੰਦ ਵੀ ਹੋਣਾ ਹੈ ਜਿਸ ਨੇ ਸਿੱਖ ਪੰਥ ਨੂੰ ਇਨਸਾਫ਼ ਦੇਣ ਤੋਂ ਸੁਚੇਤ ਰੂਪ ਵਿਚ ਟਾਲਾ ਵੱਟਿਆ ਹੋਇਆ ਹੈ। ਸਿੱਖ ਕੌਮ ਦਾ ਇਹ ਇਤਿਹਾਸ ਰਿਹਾ ਹੈ ਕਿ ਇਸ ਨੇ ਕਦੇ ਜ਼ਲਾਲਤ ਦੀ ਜਿੰਦਗੀ ਨਹੀਂ ਜੀਵੀ। ਜ਼ੁਲਮ ਖਿਲਾਫ਼ ਲੜਨਾ ਅਤੇ ਸ਼ਹੀਦ ਹੋ ਜਾਣਾ ਇਹ ਸਿੱਖ ਇਤਿਹਾਸ ਰਿਹਾ ਹੈ। 34 ਸਾਲ ਪਹਿਲਾਂ ਸਾਡੇ ਭੈਣ-ਭਰਾ ਅਤੇ ਮਾਤਾਵਾਂ ਬ੍ਰਾਹਮਣੀ ਨਫ਼ਰਤ ਦਾ ਸ਼ਿਕਾਰ ਹੋ ਕੇ ਸ਼ਹਾਦਤਾਂ ਪਾ ਗਏ ਸਨ, ਅੱਜ ਲੋੜ ਹੈ ਕਿ ਅਸੀਂ ਆਪਣੀ ਰੋਗੀ ਜਿਹੀ ਸਿਅਸਤ ਵਿਚੋਂ ਬਾਹਰ ਨਿਕਲ ਕੇ ਆਪਣੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਅਤੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਲਾਮਬੰਦ ਹੋਈਏ। ਇਹ ਵੀ ਇਕ ਤਰ੍ਹਾਂ ਸ਼ਹਾਦਤ ਦੇਣ ਵਰਗਾ ਹੀ ਕੰਮ ਹੋਵੇਗਾ, ਕਿਉਂਕਿ ਦ੍ਰਿੜ੍ਹਤਾ ਨਾਲ ਇਸ ਰਾਹ 'ਤੇ ਅੱਗੇ ਵਧਣ ਵਾਲਿਆਂ ਦੇ ਰਾਹ ਵਿਚ ਬ੍ਰਾਹਮਣੀ ਹੰਕਾਰਵਾਦ ਦੇ ਕੰਡੇ ਹੀ ਨਹੀਂ ਬਲਕਿ ਛਵੀਆਂ ਵਿਛ ਜਾਣਗੀਆਂ।

ਆਓ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਯਾਦ ਨੂੰ ਇਕ ਧੁਖਦੇ ਗੋਹਟੇ ਵਾਂਗ ਆਪਣੇ ਦਿਲ ਵਿਚ ਮਚਦੀ ਰੱਖੀਏ ਅਤੇ ਇਹ ਹਮੇਸ਼ਾ ਯਾਦ ਕਰੀਏ ਕਿ ਪੰਥ ਦੀ ਰੂਹਾਨੀ ਏਕਤਾ ਹੀ ਬ੍ਰਾਹਮਣੀ ਹੰਕਾਰਵਾਦ ਨੂੰ ਟੱਕਰ ਦੇ ਸਕਦੀ ਹੈ। ਇਹੋ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।



ੴ ੴ

# BANDI CHHOD DIWAS AND DIWALI CELEBRATIONS



## On 7 NOVEMBER 2018
## At
## SIKH GURDWARA OF LOS ANGELES
## 7640 LANKERSHIM BLVD, NORTH HOLLYWOOD

**Schedule Of Katha Kirtan will be follow as**

- **Rehras Sahib ji** 6.30 pm - 7.00 pm
- **Bhai surijit Singh ji** 7.00 pm - 8.00 pm
- **Bhai Jatinder Singh ji jot** 8.00 pm - 9.15 pm
- **Bhai Ravinderjit singh ji Rasia** 9.15 pm - 10.00 pm

Guru Ka langar Seva By Ravi Grewal And Family

**{SPACIAL LANGER STAL CHOLE BHATURE AND JALEBI ,GOL GAPE ,CHAT PAPRI }**

**You are requested to join the congregation with your family and friends and recieve the blessings of Guru Sahib ji**

FOR MORE INFORMATION :-

Mukhtiar s Kamboj 626-893-5959 kuldip S Brar 818-645-3098 Harmander Grewal (818)606-7894

Manjit S Pandher 818-398-9262 Harjit S Saini 323-321-1679 Gurudwara Sahib 818-765-9399

Karamjit S Rathor 818-625-6370 Ravi Grewal 818-748-1348

# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਲੋਂ ਸਿੱਖ ਉਮੀਦਵਾਰਾਂ ਨੂੰ ਵੋਟ ਦੇਣ ਦੀ ਅਪੀਲ

**ਸਿੱਖ ਭਾਈਚਾਰੇ ਵੱਲੋਂ ਅਮਰੀਕਾ ਦੀ ਸਿਆਸਤ ਵਿੱਚ ਸ਼ਮੂਲੀਅਤ ਦਿਨੋਂ-ਦਿਨ ਵੱਧ ਰਹੀ। ਸੱਭ ਤੋਂ ਚੰਗੀ ਗੱਲ ਇਹ ਹੈ ਕਿ ਇਸ ਸਾਲ ਜ਼ਿਆਦਾਤਰ ਉਮੀਦਵਾਰ ਵਿਦਿਅਕ ਅਦਾਰਿਆਂ ਲਈ ਆਪਣੀ ਕਿਸਮਤ ਅਜ਼ਮਾ ਰਹੇ ਹਨ**

## Bay Area, California


Harpal Singh Mann
Chabot - Las Positas Community College District Trustee, Area 3


Sarabjit Kaur Cheema
New Haven Unified School District Governing Board Members


Vipan Bajwa
City of Union City Council


Lovedeep Jhamat
Ohlone Community College Board of Trustees, Area 2 Fullterm


Kewal Singh
AC Transit Director ward 5

## Yuba City / Sutter County


Tejinder Dhami
Ohlone Community College Board of Trustees, Area 2 Short Term


Sukh Sidhu
Yuba City Council


Bal Dhillon
County Superintendent of Schools


Sarb Takhar
Yuba City Unified School District

## Other Areas


Raj Chahal
Santa Clara City Council Seat 4


Naindeep Singh
Central Unified School Board Trustees Area 7


Simran Kaur
Tracy School Board


Jag Bains
Natomas School Board

# Endorsements for November 06, 2018 Elections

**The editorial board of the Amritsar Times carefully evaluated the following candidates on their platform, policies and their positions on various issues. Issues important to the Sikh Community and the candidates' positions on those issues were also taken into account in the endorsement. The Amritsar Times wishes all candidates best of luck in winning their respective offices during the November 6, 2018 election. We urge all readers to vote for these candidates.**

## ਅਗਾਮੀ ਕੌਂਸਲ ਚੋਣਾਂ ਵਿਚ ਉਮੀਦਵਾਰਾਂ ਨੂੰ ਵੋਟ ਦੇਣ ਦੀ ਅਪੀਲ

ਅਦਾਰਾ ਅੰਮ੍ਰਿਤਸਰ ਟਾਈਮਜ਼ ਨੰਵਬਰ 06, 2018 ਦੀਆਂ ਚੋਣਾਂ ਵਿੱਚ ਹੇਠ ਲਿਖੇ ਉਮੀਦਵਾਰਾਂ ਨੂੰ ਵੋਟ ਪਾਉਣ ਦੀ ਸਿਫ਼ਾਰਸ਼ ਕਰਦਾ ਹੈ। ਉਮੀਦਵਾਰਾਂ ਵੱਲੋਂ ਭਵਿੱਖ ਦੀਆਂ ਯੋਜਨਾਵਾਂ , ਪਹਿਲਾਂ ਕੀਤੇ ਕੰਮ ਅਤੇ ਉਹਨਾਂ ਦੀ ਸਿੱਖ ਕੌਮ ਨਾਲ ਸਾਂਝ ਨੂੰ ਮੱਦੇਨਜ਼ਰ ਰੱਖਦੇ ਹੋਏ ਹੀ ਉਹਨਾਂ ਨੂੰ ਵੋਟ ਪਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ।



Eric Swalwell (D)
United States Representative
15th Congressional District



Dianne Feinstein (D)
United States Senator



Gavin Newsom (D)
Governor, California



Eleni Kounalakis (D)
Lieutenant Governor



Alex Padilla (D)
Secretary of State



Betty T.Yee (D)
Controller



Fiona Ma (D)
Treasurer



Xavier Becerra (D)
Attorney General



Ricardo Lara (D)
Insurance Commissioner



Malia Cohen (D)
Member, State Board of
Equalization, 2nd District

## Bay Area



Phong LA
County Assessor



Linda Canlas
New Heaven Unified
School District Union City



Rick Jones
Fremont City Council
District 2



Pat Gacoscos
City of Union City Council



Jaime Patino
City of Union City Council



Mark Salinas
Hayward Mayor



Sara Lamnin
Hayward Council Members



Chandu Siramdas
Fremont City Council
District 1



Al Nagy
Newark Mayor



Michael Hannon
Newark City Council



Mike Bucci
Newark City Council

## Fresno Area



Miguel Arias
Fresno City Council
district 3



Luis Chavez
Fresno City Council
district 5



Nelson Esparza
Fresno City Council
district 7



Naindeep Singh
Central Unified Schoo
Board (Fresno),Trustee Area 7

## Yuba City / Sutter County



Brandon Barnes
County Sheriff Coroner



Lonetta Riley
Yuba City Unified
School District

# ‘ਕੌਮਾਂਤਰੀ ਅੰਮ੍ਰਿਤਸਰ ਟਾਈਮਜ਼’ ਦੇ ਐਡੀਟਰ ਦਲਜੀਤ






















# ਸਿੰਘ ਸਰਾਂ ਦੀ ਵਿਦਾਇਗੀ ਪਾਰਟੀ ਤਸਵੀਰਾਂ ਦੀ ਜ਼ੁਬਾਨੀ



ੴ ਸਤਿਗੁਰ ਪ੍ਰਸਾਦਿ ॥

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥

# HOLLYWOOD SIKH TEMPLE

*(GURDWARA VERMONT - 323-665-7707)*

## CELEBRATING 549TH PARKASH UTSAV OF

# SRI GURU NANAK DEV JI

## On Sunday Dec. 2, 2018, From 7am To 5pm

## at Friendship Auditorium, 3201 Riverside Dr. Los Angeles, CA 90027

### 7-9am ASA-DI-VAAR, 9-11am • Children Jatha's & Ragi Jatha's from all over Southern California will be performing the Kirtan.

**RAGI JATHAS PLEASE CONTACT:**

S. Santokh Singh......................310 569 9506
S. Baldev Singh Johal...............661 965 5937

**FOR PUNJABI BAZAR, CONTACT:**

*(Vendors, Please Bring Your Own Canopies. Tables Will Be Provided By Us.*

S. Bhupinder Singh Dhillon ...323-514-6347
S. Baljinder Sinqh Multani .....213-249-8099
S. Gurdev Singh........................323-304-4871

*BREAKFAST SEWA BY:*
**BHAI KANHAIYA DAL**



Bhai Harjinder Singh ji



Sant Anoop Singh Ji



Bhai Ajit Singh Ji

**VALET PARKING & SHUTTLE AVAILABLE**

**MANAGEMENT COMMITTEE:**

Dr. Amarjit Singh Marwah (Chairman) • S. Baldev Singh Johal (President) • S. Bhupinder Singh Dhillon (V.P.) • S. Santokh Singh (Gen. Secy.) S. Ronak Singh (Add. Secy.) • S. Nirmal Sehmbey (Membership Chairman) • S. Baljinder Singh Multani (V.P. Finance) • S. Gurdev Singh (Treasurer), S. Gulbagh Singh (Add. Treasurer) • S. Amarjit Singh (Langar Inc.) • S. Sarbjit Padda (Maintenance) • Manjinder Singh Sagoo (Video)

For all other information, please call: S. Baldev Singh Johal (661) 965-5937 • S. Bhupinder Singh Dhillon (323) 514-6347 • S. Santokh Singh (310) 569-9506

Visit our website: www.HollywoodSikhTemple.org • E-mail: info@HollywoodSikhTemple.org , 323-665-7707

47833

# GURDWARA SAHIB ALHAMBRA

## 101 SOUTH CHAPEL AVE. ALHAMBRA CA 91801

# ਮਹਾਨ ਬੰਦੀ ਛੋੜ (ਦਿਵਾਲੀ) ਸਮਾਗਮ

## 7 ਨਵੰਬਰ, 2018 ਦਿਨ ਬੁੱਧਵਾਰ

ਗੁਰਦੁਆਰਾ ਅਲਹੰਬਰਾ ਵਿਖੇ ਮਹਾਨ ਬੰਦੀ ਛੋੜ (ਦਿਵਾਲੀ) ਸਮਾਗਮ 7 ਨਵੰਬਰ, 2018 ਬੁੱਧਵਾਰ ਸ਼ਾਮੀਂ 6:00 ਤੋਂ 9:00 ਵਜੇ ਤੱਕ ਅਖੰਡ ਗੁਰਬਾਣੀ ਕੀਰਤਨ ਪਰਵਾਹ ਚੱਲਦਾ ਰਹੇਗਾ।

1. ਜਿਸ ਵਿਚ ਸੰਗਤਾਂ ਦੀ ਸੇਵਾ ਹਿੱਤ 15 ਸਟਾਲ ਵੱਖਰੇ-ਵੱਖਰੇ ਪਕਵਾਨਾਂ ਦੇ ਅਤੇ ਇਕ ਸਟਾਲ ਬੱਚਿਆਂ ਦੇ ਖਿਡਾਉਣਿਆਂ ਦਾ ਲੱਗ ਰਿਹਾ ਹੈ।

**ਲੰਗਰ ਸੇਵਾ**

2. ਸਵ. ਸ: ਸੇਵਾ ਸਿੰਘ ਜੀ ਦੇ ਸਪੁੱਤਰ ਸ: ਸੁਰਿੰਦਰ ਸਿੰਘ ਜੀ, ਬੀਬੀ ਪਰਮਜੀਤ ਕੌਰ ਜੀ ਅਤੇ ਸਮੂਹ ਪਰਿਵਾਰ ਵਲੋਂ

*ਸਰਬੱਤ ਗੁਰੂ ਪਿਆਰ ਵਾਲੀਆਂ ਸੰਗਤਾਂ ਨੂੰ ਪਹੁੰਚਣ ਲਈ ਹਾਰਦਿਕ ਸੱਦਾ ਭੇਜ ਰਹੇ ਹਾਂ ਜੀ। ਆਪ ਜੀ ਨੇ ਪਹੁੰਚ ਕੇ ਆਪਣਾ ਪਿਆਰ ਬਖਸ਼ਣਾ।*

**ਵਿਸ਼ੇਸ਼ ਧਿਆਨਯੋਗ :**

ਗੁਰਦੁਆਰਾ ਅਲਹੰਬਰਾ ਵਿਖੇ ਹਰ ਐਤਵਾਰ ਪੰਜਾਬੀ ਗੁਰਮਤਿ ਸਕੂਲ ਵਿਚ ਪੰਜਾਬੀ ਕਲਾਸਾਂ, ਸਿੱਖ ਮਾਰਸ਼ਲ ਆਰਟ (ਗੱਤਕੇ) ਦੀਆਂ ਕਲਾਸਾਂ ਅਤੇ ਹਰ ਸ਼ਨੀਵਾਰ 11:00 ਤੋਂ 01:00 ਵਜੇ ਤੱਕ ਗੁਰਬਾਣੀ ਕੀਰਤਨ ਦੀਆਂ ਕਲਾਸਾਂ ਆਰੰਭ ਹਨ।

**ਬੇਨਤੀ ਕਰਤਾ : ਗੁਰੂ-ਘਰ ਦੇ ਸਮੂਹ ਸੇਵਾਦਾਰ ਅਤੇ ਸਾਧ ਸੰਗਤ।**

ਹੋਰ ਜਾਣਕਾਰੀ ਲਈ ਫੋਨ :- ਭਾਈ ਰਘਬੀਰ ਸਿੰਘ ਜੀ 626-833-8240, ਭਾਈ ਸੁਖਦੇਵ ਸਿੰਘ ਜੀ 818-462-3301

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ
ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ
ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ,
ਫਾਰਮ ਹਾਊਸ ਅਤੇ ਟਰੱਕ ਯਾਰਡ ਲਈ
ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

# HARPAL SINGH MANN



## CHABOT–LAS POSITAS
COMMUNITY COLLEGE TRUSTEE

*I have been a resident of Union City for over 18 years and have been in service to our community for the last decade. A father of two young children, who are gearing up to attend our local public schools, I believe in the importance of quality public school and college education. I am committed to ensuring that our community colleges have the necessary resources to train our students for the careers of the future. I believe strongly in education, and one's ability to make themselves whoever they wish to be, provided they have an environment which fosters learning and growth.*

**QUALIFICATIONS**

- Engineer
- Union City Planning Commissioner – 7 Years
- Member of the legislation committee of California Democratic Party

**FOCUS ON**

- Student access and success
- Higher completion rates
- Collaboration between local schools, community colleges and outside private and philanthropic sources to ensure funding for education

**IMPROVE ON**

- Listening to the needs of our community
- Matching skills with job requirements
- Career and Technical Education, including Biomedical and Healthcare
- Academic rigor and quality of education
- Work as a team with students, community and local schools to ensure success of our graduates.

**PLEASE VOTE FOR MANN ON NOV 6th**



# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



# ਜ਼ਿੰਦਗੀ ਨੂੰ ਸੁਹਾਵਣੀ ਬਣਾਓ
## 'ਦ ਕੰਪਨੀ ਯੂ ਕੀਪ' ਦੇ ਨਾਲ!

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



Open Enrollment for Healthcare Starts November 1, 2017 to January 31, 2018.



COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇੰਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ!!



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ
## Now Open

Indiana
1480 N State Road 1, Cambridge City, IN 47327. 70 Exit 137
Diesel/Gas

ਟਰੱਕਾਂ ਵਾਲੇ ਭਰਾਵਾਂ ਲਈ
**ਖੁੱਲ੍ਹ ਗਿਆ**



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ!



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

**Free Buffet over 100 gallons**
open 6am to midnight
**Phone: 765-478-6300**

## ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੱਲੋਂ ਸਿੱਖ ਨਸਲਕੁਸ਼ੀ ਵਿਰੁੱਧ ਪੰਜਾਬ ਬੰਦ ਦਾ ਸੱਦਾ ਵਾਪਸ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਤਿਹਾੜ ਜੇਲ੍ਹ ਵਿਚ ਬੰਦ ਸਰਬੱਤ ਖ਼ਾਲਸਾ ਵੱਲੋਂ ਨਿਯੁਕਤ ਕੀਤੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਅਪੀਲ ‘ਤੇ 1 ਨਵੰਬਰ ਦਾ ਪੰਜਾਬ ਬੰਦ ਦਾ ਸੱਦਾ ਵਾਪਸ ਲੈ ਲਿਆ ਗਿਆ ਹੈ। ਕਰਨੈਲ ਸਿੰਘ ਪੀਰ ਮੁਹੰਮਦ ਦੀ ਅਗਵਾਈ ਵਿਚ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੱਲੋਂ ਨਵੰਬਰ 1984 ਸਿੱਖ ਨਸਲਕੁਸ਼ੀ ਵਿਰੁੱਧ ਇਹ ਬੰਦ ਦਾ ਸੱਦਾ ਦਿੱਤਾ ਗਿਆ ਸੀ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਫ਼ੈਡਰੇਸ਼ਨ ਆਗੂ ਸ. ਕਰਨੈਲ ਸਿੰਘ ਪੀਰ ਮੁਹੰਮਦ, ਡਾ. ਮਨਜੀਤ ਸਿੰਘ ਭੋਮਾ ਤੇ ਸਿੱਖ ਨਸਲਕੁਸ਼ੀ ਦੀ ਚਸ਼ਮਦੀਦ ਗਵਾਹ ਬੀਬੀ ਜਗਦੀਸ਼ ਕੌਰ ਨੇ ਕਿਹਾ ਕਿ ਐਡਵੋਕੇਟ ਸ. ਅਮਰ ਸਿੰਘ ਚਾਹਲ ਰਾਹੀਂ ਭਾਈ ਜਗਤਾਰ ਸਿੰਘ ਹਵਾਰਾ ਦਾ ਸਨੇਹਾ ਮਿਲਣ ‘ਤੇ ਲੰਬੀ ਵਿਚਾਰ ਚਰਚਾ ਕਰਨ ਤੋਂ ਬਾਅਦ ਇਸ ਬੰਦ ਦੇ ਸੱਦੇ ਨੂੰ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ। ਫ਼ੈਡਰੇਸ਼ਨ ਆਗੂਆਂ ਨੇ ਕਿਹਾ ਕਿ ਉਹ ਕੋਈ ਵੀ ਅਜਿਹਾ ਕਾਰਜ ਨਹੀਂ ਕਰਨਾ ਚਾਹੁੰਦੇ, ਜਿਸ ਨਾਲ ਪੰਥ ‘ਚ ਵਖ਼ਰੇਵਾ ਪੈਦਾ ਹੋਵੇ। ਉਨ੍ਹਾਂ ਨੇ ਬਰਗਾੜੀ ਇਨਸਾਫ਼ ਮੋਰਚਾ ਨੂੰ ਅਪੀਲ ਕੀਤੀ ਕਿ ਜੇਕਰ ਮੋਰਚੇ ਨੂੰ ਉਨ੍ਹਾਂ ਦਾ ਸੱਦਾ ਠੀਕ ਨਹੀਂ ਲੱਗਾ ਤਾਂ ਉਹ ਆਪਣੇ ਪੱਧਰ ‘ਤੇ ਪੰਜਾਬ ਬੰਦ ਦਾ ਸੱਦਾ ਦੇਣ, ਜਿਸ ਲਈ ਫ਼ੈਡਰੇਸ਼ਨ ਉਨ੍ਹਾਂ ਦਾ ਪੂਰਨ ਤੌਰ ‘ਤੇ ਸਹਿਯੋਗ ਕਰੇਗੀ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਹੀ ਬਰਗਾੜੀ ਇਨਸਾਫ਼ ਮੋਰਚੇ ਦੀ ਹਮਾਇਤ ਕਰਦੇ ਹਨ ਤੇ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਫ਼ੈਡਰੇਸ਼ਨ ਵਲੋਂ 5 ਨਵੰਬਰ ਨੂੰ ਸੰਯੁਕਤ ਰਾਸ਼ਟਰ ਸਕੱਤਰ ਨੂੰ ਮਿਲ ਕੇ ਪੰਜ ਮੈਂਬਰੀ ਵਫ਼ਦ ਦੇ ਰੂਪ ‘ਚ ਸਿੱਖ ਨਸਲਕੁਸ਼ੀ ਸਬੰਧੀ ਮੰਗ ਪੱਤਰ ਸੌਂਪਿਆ ਜਾਵੇਗਾ। ਇਸ ਦੌਰਾਨ ਬੀਬੀ ਜਗਦੀਸ਼ ਕੌਰ ਨੇ 1 ਨਵੰਬਰ ਨੂੰ ਖ਼ੂਨੀ ਦਿਹਾੜੇ ਵਜੋਂ ਮਨਾਉਣ ਤੇ 1 ਤੋਂ 7 ਨਵੰਬਰ ਨੂੰ ਨਸਲਕੁਸ਼ੀ ਹਫ਼ਤੇ ਵਜੋਂ ਮਨਾਉਣ ਦੀ ਅਪੀਲ ਕੀਤੀ ਹੈ। ਇਸ ਮੌਕੇ ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਵੀ ਮੌਜੂਦ ਸਨ।

*31 ਅਕਤੂਬਰ ’ਤੇ ਵਿਸ਼ੇਸ਼*

# ਭਾਈ ਬੇਅੰਤ ਸਿੰਘ, ਸਤਵੰਤ ਸਿੰਘ ਤੇ ਕੇਹਰ ਸਿੰਘ ਦੀ ਸ਼ਹਾਦਤ ਨੂੰ ਯਾਦ ਕਰਦਿਆਂ

**ਜਸਪਾਲ ਸਿੰਘ ਹੇਰਾਂ**

ਸਿੱਖ ਕੌਮ ਦੇ ਸ਼ਾਨਾਮੱਤੇ, ਅਨੂਠੇ, ਵਿਲੱਖਣ ਇਤਿਹਾਸ ਦੇ ਭਾਵੇਂ ਹਰ ਪੰਨੇ ਤੇ ਵਿਲੱਖਣ ਇਬਾਰਤ ਕੌਮ ਨੇ ਆਪਣੀ ਬਹਾਦਰੀ, ਕੁਰਬਾਨੀ, ਜਜ਼ਬੇ ਨਾਲ ਲਿਖੀ ਹੈ ਪ੍ਰੰਤੂ ਕੁਝ ਪੰਨੇ ਜਿਹੜੇ ਧਰੂ-ਤਾਰੇ ਵਾਗੂੰ ਚਮਕਦੇ ਹਨ, ਉਨਾਂ ਨੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ ਹੈ। ਕੌਮ ਨੂੰ ਜੀਵਨ-ਦਾਨ ਦਿੱਤਾ ਹੈ। ਇਹ ਪੰਨੇ ਕੌਮ ਨੂੰ ਆਪਣੇ ਵਿਰਸੇ ਦਾ ਹਾਣੀ ਬਣਾਉਣ ਲਈ ਅਨੂਠੀ ਸ਼ਹਾਦਤ ਦੇ ਕੇ ਆਪਣੇ ਖ਼ੂਨ ਨਾਲ ਲਿਖਣ ਵਾਲੇ ਯੋਧਿਆਂ ਦੀ ਲਾਸਾਨੀ ਕੁਰਬਾਨੀ ਦੀ ਦਾਸਤਾਨ ਵਾਲੇ ਹਨ।31 ਅਕਤੂਬਰ ਦਾ ਦਿਨ ਇਤਿਹਾਸ ਵੱਲੋਂ ਕੌਮ ਦੀ ਪ੍ਰੀਖਿਆ ਲੈਣ ਦਾ ਦਿਨ ਸੀ। ਪੁਰਾਤਨ ਇਤਿਹਾਸ ਸਾਹਮਣੇ ਸੱਚੇ ਹੋ ਕੇ ਸੁਰਖ਼ਰੂ ਹੋਣ ਦਾ ਦਿਨ ਸੀ ਅਤੇ ਕੌਮੀ ਯੋਧਿਆਂ ਨੇ ਇਸ ਪ੍ਰੀਖਿਆ ‘ਚੋਂ ਪੂਰੇ ਬਟਾ ਪੂਰੇ ਨੰਬਰ ਲੈ ਕੇ ਕੌਮ ਦੀ ਰੱਖ ਵਿਖਾਈ ਸੀ। ਕੌਮ ਦਾ ਸਿਰ ਮਾਣ ਨਾਲ ਉੱਚਾ ਕੀਤਾ ਸੀ। ਧਰਤੀ ਦੇ ਸੱਚਖੰਡ, ਭਗਤੀ ਦੇ ਕੇਂਦਰ, ਸਿੱਖ ਕੌਮ ਦੇ ਜਾਨ ਤੋਂ ਪਿਆਰੇ ਦਰਬਾਰ ਸਾਹਿਬ ‘ਤੇ ਸਮੇਂ ਦੇ ਹੰਕਾਰੀ, ਜਾਬਰ, ਦੁਸ਼ਟ ਹਾਕਮਾਂ ਨੇ, ਸਿੱਖੀ ਦੇ ਨਿਆਰੇ-ਨਿਰਾਲੇਪਣ ਦੇ ਖ਼ਾਤਮੇ ਲਈ ਇਕ ਨਹੀਂ ਅਨੇਕਾਂ ਵਾਰ ਹੱਲੇ ਬੋਲੇ ਅਤੇ ਧਰਤੀ ਦੇ ਇਸ ਸੱਚਖੰਡ ਨੂੰ ਢਹਿਢੇਰੀ ਕਰਨ ਦਾ ਕਹਿਰ ਢਾਹਿਆ। ਪ੍ਰੰਤੂ ਕੁਦਰਤ ਨੇ, ਕੌਮ ਨੇ ਉਨਾਂ ਦੁਸ਼ਟਾਂ ਨੂੰ 153 ਦਿਨਾਂ ਤੋਂ ਵੱਧ ਸਮਾਂ ਇਸ ਧਰਤੀ ਉਤੇ ਰਹਿਣ ਦਾ ਹੱਕ ਨਹੀਂ ਦਿੱਤਾ। ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਦੇਸ਼ ‘ਚ ਐਮਰਜੈਂਸੀ ਲਾ ਕੇ, ਦੇਸ਼ ਨੂੰ ਜੇਲ੍ਹਖਾਨੇ ‘ਚ ਤਬਦੀਲ ਕਰ ਦਿੱਤਾ ਗਿਆ। ਗੁਰੂ ਨਾਨਕ ਪਾਤਸ਼ਾਹ ਦੇ ਵਾਰਿਸਾਂ ਨੇ ‘ਬਾਬਰ ਨੂੰ ਜਾਬਰ’ ਆਖਣ ਲਈ ਇੰਦਰਾ ਗਾਂਧੀ ਦੇ ਜ਼ੁਲਮੋਂ-ਤਸ਼ੱਦਦ ਵਿਰੁੱਧ ਮੋਰਚਾ ਲਾ ਦਿੱਤਾ। ਇੰਦਰਾ ਗਾਂਧੀ ਦੇ ਜਬਰ ਦੇ ਬਾਵਜੂਦ ਇਹ ਮੋਰਚਾ ਨਿਰੰਤਰ 19 ਮਹੀਨੇ ਚੱਲਦਾ ਰਿਹਾ। ਜਿਵੇਂ ਕਦੇ ਅਬਦਾਲੀ ਨੇ ਆਖਿਆ ਸੀ ਕਿ ਜੇ ਸਿੱਖ ਖ਼ਤਮ ਨਾ ਕੀਤੇ ਤਾਂ ਇਹ ਇਕ ਦਿਨ ਇਸ ਦੇਸ਼ ਦੇ ਹਾਕਮ ਬਣਨਗੇ। ਇੰਦਰਾ ਗਾਂਧੀ ਨੂੰ ਓਹੋ ਅਹਿਸਾਸ ਹੋ ਗਿਆ ਤੇ ਉਸ ਨੇ ਉਸੇ ਦਿਨ ਤੋਂ ਸਿੱਖਾਂ ਨੂੰ ਸਬਕ ਸਿਖਾਉਣ ਲਈ, ਉਨਾਂ ਦੇ ਖ਼ਾਤਮੇ ਦੀ ਸਹੁੰ ਖਾ ਲਈ। ਸਿੱਖਾਂ ਪ੍ਰਤੀ ਇੰਦਰਾ ਗਾਂਧੀ ਦੇ ਮਨ ‘ਚ ਨਫ਼ਰਤ ਇਸ ਕਦਰ ਪੈਦਾ ਹੋ ਗਈ ਕਿ ਉਸ ਨੇ ਰੂਸ, ਇੰਗਲੈਂਡ ਵਰਗੇ ਮੁਲਕਾਂ ਤੋਂ ਮੱਦਦ ਲੈ ਕੇ ਭਗਤੀ ਤੇ ਸ਼ਕਤੀ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਉਤੇ ਆਪਣੀਆਂ ਫੌਜਾਂ ਕਿਸੇ ਦੁਸ਼ਮਣ ਦੇਸ਼ ਵਾਗੂੰ ਚਾੜ੍ਹ ਦਿੱਤੀਆਂ। ਇੰਦਰਾ ਗਾਂਧੀ ਦੇ ਜਾਬਰ ਹੁਕਮ ਸਦਕਾ, ਫੌਜ ਨੇ, ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਨਤਮਸਤਕ ਹੋਣ ਆਈਆਂ, ਸਿੱਖ ਸੰਗਤਾਂ ਦਾ ਵਹਿਸ਼ੀਆਨਾ ਕਤਲੇਆਮ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਟੈਂਕਾਂ, ਤੋਪਾਂ ਦੇ ਗੋਲਿਆਂ ਨਾਲ ਤਬਾਹ ਕਰ ਦਿੱਤਾ। ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ‘ਚ ਸੁਸ਼ੋਭਿਤ ‘ਗੁਰਾਂ ਦੀ ਦੇਹਿ’ ਨੂੰ



ਗੋਲੀਆਂ ਨਾਲ ਛਲਣੀ ਕਰ ਦਿੱਤਾ। ਸਿੱਖਾਂ ਦੇ ਸਾਹਿਤਕ ਤੇ ਸੱਭਿਆਚਾਰਕ ਖਜ਼ਾਨੇ ਨੂੰ ਨੇਸਤਾਨਾਬੂਦ ਕਰ ਦਿੱਤਾ ਗਿਆ। ਪੂਰਾ ਪੰਜਾਬ ਬੰਦੀ ਬਣਾ ਲਿਆ ਗਿਆ। ਇੱਕੋ ਵੇਲੇ 37 ਗੁਰੂ ਘਰਾਂ ਉਤੇ ਫੌਜੀ ਹਮਲਾ ਕਰਕੇ, ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਧੀਆਂ-ਭੈਣਾਂ ਦੀ ਪੱਤ ਰੋਲੀ ਗਈ। ਬਜ਼ੁਰਗ ਬਾਪੂਆਂ ਦੀ ਦਾੜ੍ਹੀ ਤੇ ਦਸਤਾਰ ਰੋਲੀ ਗਈ। ਅੱਤ ਦਾ ਕਹਿਰ, ਕੌਮ ਨੇ ਸਹਾਰਿਆ। ਕੀ ਇਸ ਕਹਿਰ ਨੂੰ ਕੋਈ ਸੱਚਾ ਸਿੱਖ ਚੁੱਪ-ਚਾਪ ਬਰਦਾਸ਼ਤ ਕਰ ਸਕਦਾ ਸੀ ? ਕੀ ਉਸ ਦੀਆਂ ਅੱਖਾਂ ਅੱਗੋਂ ਇਹ, ਖੌਫ਼ਨਾਕ ਮੰਜ਼ਰ ਅਤੇ ਪੁਰਾਤਨ ਇਤਿਹਾਸ ਦਾ ਦ੍ਰਿਸ਼ ਆਲੋਪ ਹੋ ਸਕਦਾ ਸੀ ? ਜੇ 31 ਅਕਤੂਬਰ ਨੂੰ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਪੁਰਾਤਨ ਸਿੰਘਾਂ ਵਾਲੇ ਇਤਿਹਾਸ ਨੂੰ ਨਾ ਦੁਹਰਾਉਂਦੇ ਤਾਂ ਕੀ ਅੱਜ ਸਿੱਖ ਕੌਮ ਸਿਰ ਚੁੱਕ ਕੇ ਤੁਰਨ ਜੋਗੀ ਰਹਿ ਗਈ ਹੁੰਦੀ ? ਸਿੱਖੀ ‘ਚ ਹਿੰਸਾ ਲਈ, ਕਤਲੋਗਾਰਤ ਲਈ ਕੋਈ ਥਾਂ ਨਹੀਂ ਪ੍ਰੰਤੂ ਦੁਸ਼ਟ ਦੇ ਜ਼ੁਲਮੋ-ਸ਼ਿਤਮ ਨੂੰ ਬਰਦਾਸ਼ਤ ਕਰਨ ਦੀ ਵੀ ਕਿਸੇ ਸਿੱਖ ਨੂੰ ਆਗਿਆ ਨਹੀਂ। ਜ਼ੁਲਮ ਕਰਨਾ ਤੇ ਜ਼ੁਲਮ ਸਹਿਣਾ, ਸਿੱਖੀ ‘ਚ ਬਰਾਬਰ ਦੇ ਗੁਨਾਹ ਮੰਨੇ ਗਏ ਹਨ। ਜਬਰ ਦਾ ਮੁਕਾਬਲਾ ਪਹਿਲਾ ਸਬਰ ਨਾਲ ਅਤੇ ਜਦੋਂ ਅੱਤ ਹੋ ਜਾਵੇ ਫ਼ਿਰ ਜਬਰ ਦਾ ਅੰਤ ਕਰਨ ਲਈ ਸਿਖ਼ਰਲਾ ਹਥਿਆਰ ਵਰਤਣਾ, ਸਿੱਖੀ ਸਿਧਾਂਤਾਂ ਵੱਲੋਂ ਦਰਸਾਇਆ ਮਾਰਗ ਹੈ। ਇਸ ਮਾਰਗ ਨੂੰ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਨੇ ਅਪਣਾਇਆ ਸੀ।

ਉਨਾਂ ਇਤਿਹਾਸ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਹਮਲਾਵਰਾਂ ਨੂੰ 153 ਦਿਨਾਂ ‘ਚ ਸੋਧਣ ਦੀ ਪ੍ਰੀਖਿਆ ਨੂੰ ਪਾਸ ਕੀਤਾ ਅਤੇ ਕੌਮ ਦੇ ਜਿਊਂਦੀ ਹੋਣ ਦਾ ਪ੍ਰਤੱਖ ਪ੍ਰਮਾਣ ਦਿੱਤਾ। ਇਸੇ ਪ੍ਰਤੱਖ ਪ੍ਰਮਾਣ ਤੋਂ ਫ਼ਿਰਕੂ ਜਾਨੂੰਨੀ ਹਿੰਦੂਵਾਦੀ ਤਾਕਤਾਂ, ਧੁਰ ਅੰਦਰ ਤਕ ਹਿੱਲੀਆਂ ਅਤੇ ਉਨਾਂ ਆਪਣੀ ਇਸ ਬੁਖਲਾਹਟ ਦਾ ਸਬੂਤ ਆਮ ਸਿੱਖਾਂ ਦਾ ਕਤਲੇਆਮ ਕਰਕੇ ਵਹਿਸ਼ੀਆਨਾ ਢੰਗ ਨਾਲ ਦਿੱਤਾ।

ਅੱਜ ਜਦੋਂ ਅਸੀਂ ਭਾਈ ਬੇਅੰਤ ਸਿੰਘ ਦੀ ਸ਼ਹੀਦੀ ਨੂੰ ਅਤੇ ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਦੀ ਦਲੇਰੀ, ਕੁਰਬਾਨੀ ਤੇ ਬਹਾਦਰੀ ਨੂੰ ਯਾਦ ਕਰ ਰਹੇ ਹਾਂ ਤਾਂ ਸਾਨੂੰ ਇਹ ਵੀ ਯਾਦ ਕਰਨਾ ਪਵੇਗਾ ਕਿ ਜਿਸ ਕੌਮ ਨੇ ਆਪਣੇ ਭਗਤੀ ਤੇ ਸ਼ਕਤੀ ਦੇ ਕੇਂਦਰ ਵੱਲ ਕਿਸੇ ਦੁਸ਼ਟ ਨੂੰ ਕੈਰੀ ਅੱਖ ਨਾਲ ਵੇਖਣ ਦੀ ਕਦੇ ਆਗਿਆ ਨਹੀਂ ਸੀ ਦਿੱਤੀ, ਅੱਜ ਉਸ ਕੌਮ ਨੂੰ ਚਾਰੇ ਪਾਸਿਆਂ ਤੋਂ ਗੰਭੀਰ ਚੁਣੌਤੀਆਂ ਹਨ। ਨਾ ਤਾਂ 1984 ਦੇ ਸਿੱਖ ਕਤਲੇਆਮ ਦਾ ਇਨਸਾਫ਼ ਮਿਲਿਆ ਹੈ, ਨਾ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਅਸਲ ਦੋਸ਼ੀ ਸਲਾਖਾਂ ਪਿੱਛੇ ਹੀ ਗਏ ਹਨ। ਸਗੋਂ ਸਿੱਖ ਕੌਮ ਨੂੰ ਹੜੱਪਣ ਲਈ ਭਗਵਾਂ ਪਰਿਵਾਰ ਦੀਆਂ ਸਾਜ਼ਿਸ਼ਾਂ ਤੇਜ਼ ਹੋ ਗਈਆਂ ਹਨ। ਫ਼ਿਰ ਇਸ ਮੌਕੇ ਆਪਣੇ ਮਹਾਨ ਇਤਿਹਾਸ ਅੱਗੇ ਸਿਵਾਏ ਸ਼ਰਮਸ਼ਾਰ ਹੋਣ ਤੋਂ ਹੋਰ ਕੀ ਹੋ ਸਕਦਾ ਹੈ ? ਪ੍ਰੰਤੂ ਸਿਰਜਿਆ ਗਿਆ ਇਤਿਹਾਸ ਹਰ 31 ਅਕਤੂਬਰ ਨੂੰ ਸਾਡੀ ਗੈਰਤ ਨੂੰ ਵੰਗਾਰਦਾ ਰਹੇਗਾ, ਇਹ ਪੱਕਾ ਹੈ।

(ਰੋਜ਼ਾਨਾ ‘ਪਹਿਰੇਦਾਰ’ ‘ਚੋਂ ਧੰਨਵਾਦ ਸਹਿਤ)


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375




# SAVE UPTO 24¢

## PER GALLON ON DIESEL






## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Love's Travel Stops & Country Stores

# ਭਾਰਤ ਦਾ ਸਭ ਤੋਂ ਬੇਵੱਸ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ

**ਪ੍ਰੋ. ਬਲਵਿੰਦਰਪਾਲ ਸਿੰਘ**
ਮੋਬ. 9815700916

ਦੇਸ ਦੇ ਸੱਤਵੇਂ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਭਾਰਤ ਦੇ ਸਭ ਤੋਂ ਬੇਵੱਸ ਰਾਸ਼ਟਰਪਤੀ ਸਨ, ਜਿਨ੍ਹਾਂ ਦੇ ਕਾਰਜਕਾਲ ਦੌਰਾਨ ਸ੍ਰੀ ਦਰਬਾਰ ਸਾਹਿਬ ਉੱਪਰ ਜੂਨ 84 ਦੌਰਾਨ ਹਮਲਾ ਹੋਇਆ ਸੀ ਤੇ ਫਿਰ ਤੱਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦੇ ਬਾਅਦ ਸਿੱਖ ਕਤਲੇਆਮ ਕੀਤਾ ਗਿਆ। ਇੰਦਰਾ ਦੇ ਬਾਅਦ ਪ੍ਰਧਾਨ ਮੰਤਰੀ ਬਣੇ ਰਾਜੀਵ ਗਾਂਧੀ ਨਾਲ ਉਨ੍ਹਾਂ ਦੇ ਸੰਬੰਧ ਚੰਗੇ ਨਹੀਂ ਰਹੇ। ਰਾਸ਼ਟਰਪਤੀ ਅਹੁਦੇ 'ਤੇ ਪਹੁੰਚਣ ਤੋਂ ਪਹਿਲਾਂ ਗਿਆਨੀ ਜ਼ੈਲ ਸਿੰਘ ਐਮ ਐਲ ਏ, ਮੰਤਰੀ, ਸਾਂਸਦ, ਮੁੱਖ ਮੰਤਰੀ ਤੇ ਕੇਂਦਰੀ ਮੰਤਰੀ ਵੀ ਰਹੇ। ਗਿਆਨੀ ਜੀ ਦਾ ਜਨਮ 5 ਮਈ 1916 ਦੌਰਾਨ ਫਰੀਦਕੋਟ ਪੰਜਾਬ ਵਿਖੇ ਹੋਇਆ ਤੇ 25 ਦਸੰਬਰ 1994 ਦੌਰਾਨ ਚੰਡੀਗੜ੍ਹ ਵਿਚ ਉਨ੍ਹਾਂ ਦਾ ਦਿਹਾਂਤ ਹੋ ਗਿਆ। ਉਹ ਗਿਆਨੀ ਪਾਸ ਸਨ। ਅੰਗਰੇਜ਼ ਕਾਲ ਦੌਰਾਨ ਉਹ ਕਾਂਗਰਸ ਦੇ ਬ੍ਰਿਟਿਸ਼ ਹਕੂਮਤ ਵਿਰੋਧੀ ਅੰਦੋਲਨ ਵਿਚ ਸ਼ਾਮਲ ਹੋ ਗਏ। ਫਰੀਦਕੋਟ ਰਿਆਸਤ ਵਿਚ ਉਨ੍ਹਾਂ ਨੇ ਕਾਂਗਰਸ ਦੀ ਸਥਾਪਨਾ ਕੀਤੀ, ਜਿਸ ਕਾਰਨ ਉਨ੍ਹਾਂ ਨੂੰ ਅੰਗਰੇਜ਼ ਹਕੂਮਤ ਨੇ ਪੰਜ ਸਾਲ ਦੀ ਸਜ਼ਾ ਦਿੱਤੀ। ਅਜ਼ਾਦੀ ਤੋਂ ਬਾਅਦ ਉਨ੍ਹਾਂ ਦੀ ਰਿਹਾਈ ਹੋਈ। ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਨੇੜੇ ਹੋਣ ਕਰਕੇ ਉਹ ਕਾਂਗਰਸ ਦੇ ਵੱਡੇ ਨੇਤਾ ਬਣ ਗਏ। 1996 ਵਿਚ ਰਾਜ ਸਭਾ ਸਾਂਸਦ ਬਣੇ। ਨਹਿਰੂ ਤੋਂ ਬਾਅਦ ਗਿਆਨੀ ਜੀ ਨੇ ਇੰਦਰਾ ਧੜੇ ਨੂੰ ਚੁਣਿਆ। ਪ੍ਰਤਾਪ ਸਿੰਘ ਕੈਰੋਂ ਦੀ ਹੱਤਿਆ ਦੇ ਬਾਅਦ ਪੰਜਾਬ ਕਾਂਗਰਸ ਵਿਚ ਹੋਈ ਹਲਚਲ ਦੇ ਦੌਰਾਨ ਉਹ ਵੱਡੇ ਆਗੂ ਬਣ ਗਏ। 1972 ਦੌਰਾਨ ਪੰਜਾਬ ਦੇ ਮੁੱਖ ਮੰਤਰੀ ਬਣ ਗਏ। ਇਸ ਦੇ ਬਾਅਦ ਉਹ ਇੰਦਰਾ ਦੇ ਹੋਰ ਕਰੀਬ ਹੋ ਗਏ। ਇੰਦਰਾ ਦੇ ਬੇਟੇ ਸੰਜੇ ਗਾਂਧੀ ਨਾਲ ਉਨ੍ਹਾਂ ਦੀ ਬਣੀ ਰਹੀ ਤੇ ਉਹ ਉਨ੍ਹਾਂ ਨੂੰ ਪੰਜਾਬ ਮੱਸਲਿਆਂ ਬਾਰੇ ਸਲਾਹਾਂ ਦਿੰਦੇ ਰਹੇ। ਗਿਆਨੀ ਜੀ ਨੇ ਕਾਰਜਕਾਲ ਦੇ ਸ਼ੁਰੂਆਤੀ ਦੌਰ ਵਿਚ ਪੰਥਕ ਸਿਆਸਤ ਵਾਲਾ ਕਦਮ ਉਠਾਇਆ ਤੇ ਉਨ੍ਹਾਂ ਨੇ ਇਕ ਹਾਈਵੇ ਦਾ ਨਾਮ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਰੱਖਿਆ। ਲੰਡਨ ਤੋਂ ਸਰਦਾਰ ਊਧਮ ਸਿੰਘ ਦੀਆਂ ਅਸਥੀਆਂ ਵਾਪਸ ਲਿਆਉਣ ਵਿਚ ਉਨ੍ਹਾਂ ਨੇ ਅਹਿਮ ਭੂਮਿਕਾ ਨਿਭਾਈ। ਮੁਹਾਲੀ ਦਾ ਨਾਮ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਦੇ ਨਾਮ ਰੱਖਿਆ ਗਿਆ। ਅਸਲ ਵਿਚ ਇਹ ਅਕਾਲੀ ਦਲ ਵਿਰੋਧੀ ਖੇਡੇ ਗਏ ਸਿਆਸੀ ਦਾਅ ਪੇਚ। ਅਕਾਲੀ ਪੰਥਕ ਰਾਜਨੀਤੀ ਕਰ ਰਹੇ ਸਨ ਤੇ ਉਨ੍ਹਾਂ ਨੇ ਆਪਣੀ ਪੰਥਕ ਸਿਆਸਤ ਨੂੰ ਅੱਗੇ ਵਧਾਉਂਦਿਆਂ ਪੰਜਾਬ ਦੀ ਖੁਦਮੁਖਤਿਆਰੀ ਲਈ ਅਨੰਦਪੁਰ ਦਾ ਮਤਾ ਪਾਸ ਕੀਤਾ। ਗਿਆਨੀ ਜ਼ੈਲ ਸਿੰਘ ਦੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਵੀ ਚੰਗੇ ਸੰਬੰਧ ਰਹੇ। ਪਰ ਸੰਤ ਕਾਂਗਰਸ ਦੀਆਂ ਨੀਤੀਆਂ ਨੂੰ ਪਸੰਦ ਨਹੀਂ ਸੀ ਕਰਦੇ। ਉਹ ਵਾਰ-ਵਾਰ ਆਪਣੇ ਭਾਸ਼ਣਾਂ ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਪੰਜਾਬ ਮਸਲਾ ਨਾ ਹੱਲ ਕਰਨ ਲਈ ਦੋਸ਼ੀ ਠਹਿਰਾਉਂਦੇ ਰਹੇ।

13 ਅਪ੍ਰੈਲ 1978 ਦੌਰਾਨ ਨਿਰੰਕਾਰੀ ਕਾਂਡ ਹੋਣ ਤੋਂ ਬਾਅਦ ਪੰਜਾਬ ਦਾ ਮਾਹੌਲ ਵਿਗੜਨ ਲਗ ਪਿਆ ਤੇ ਸੰਤ ਭਿੰਡਰਾਂਵਾਲਿਆਂ ਦੀ ਤਾਕਤ ਉਭਰਨ ਲੱਗ ਪਈ। ਸੰਨ 1980 ਦੇ ਦਹਾਕੇ ਵਿਚ ਸੰਤ ਭਿੰਡਰਾਂਵਾਲੇ ਦਿੱਲੀ ਆਏ। ਸਮਰੱਥਕਾਂ ਦੇ ਨਾਲ ਖੁੱਲ੍ਹੀ ਜੀਪ ਵਿਚ ਘੁੰਮੇ ਤੇ ਪੰਜਾਬ ਪਰਤ ਗਏ। ਉਸ ਸਮੇਂ ਦੇ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਇੰਦਰਾ ਗਾਂਧੀ ਨੂੰ ਸਲਾਹ ਦਿੱਤੀ ਕਿ ਸੰਤ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ, ਇਸ ਨਾਲ ਹਾਲਾਤ ਭੜਕਣਗੇ ਤੇ ਅਕਾਲੀ ਦਲ ਨੂੰ ਫਾਇਦਾ ਹੋਵੇਗਾ। ਪੰਜਾਬ ਦੇ ਹਾਲਾਤ ਬੇਕਾਬੂ ਹੁੰਦੇ ਜਾ ਰਹੇ ਸਨ। ਇਸ ਦੌਰਾਨ ਇਕ ਰਾਜਨੀਤਕ ਸੁਨੇਹਾ ਦੇਣ ਲਈ ਇੰਦਰਾ ਨੇ ਸੰਨ 1982 ਵਿਚ ਆਪਣੇ ਕੈਬਨਿਟ ਮੰਤਰੀ ਗਿਆਨੀ ਜ਼ੈਲ ਸਿੰਘ ਨੂੰ ਰਾਸ਼ਟਰਪਤੀ ਅਹੁਦੇ ਲਈ ਕਾਂਗਰਸ ਦਾ ਉਮੀਦਵਾਰ ਬਣਾ ਦਿੱਤਾ ਤੇ ਕੁਝ ਦਿਨਾਂ ਵਿਚ ਗਿਆਨੀ ਜੀ ਨੂੰ ਸਰਬਸੰਮਤੀ ਨਾਲ ਰਾਸ਼ਟਰਪਤੀ ਚੁਣ ਲਿਆ। ਇਸ ਦੌਰਾਨ ਗਿਆਨੀ ਜ਼ੈਲ ਸਿੰਘ ਨੇ ਇੰਦਰਾ ਗਾਂਧੀ ਦੇ ਪ੍ਰਤੀ ਵਫਾਦਾਰੀ ਪ੍ਰਗਟਾਉਂਦੇ ਹੋਏ ਬਿਆਨ ਦਿੱਤਾ ਕਿ ਮੈਂ ਆਪਣੀ ਨੇਤਾ ਦਾ ਹਰ ਹੁਕਮ ਮੰਨਦਾ ਹਾਂ। ਜੇਕਰ ਇੰਦਰਾ ਜੀ ਕਹਿਣਗੇ ਕਿ ਮੈਂ ਝਾੜੂ ਉਠਾ ਕੇ ਸਫਾਈ ਕਰਾਂ ਤਾਂ ਮੈਂ ਉਹ ਕਰ ਦਿਆਂਗਾ। ਉਨ੍ਹਾਂ ਦੇ ਕਹਿਣ 'ਤੇ ਹੀ ਮੈਂ ਰਾਸ਼ਟਰਪਤੀ ਬਣ ਰਿਹਾ ਹਾਂ। ਪਰ ਇਸ ਤੋਂ ਬਾਅਦ ਵੀ ਇੰਦਰਾ ਗਾਂਧੀ ਦੇ ਪੰਜਾਬ ਪਲੈਨ ਵਿਚ ਉਨ੍ਹਾਂ ਦੀ ਕੋਈ ਜਗ੍ਹਾ ਨਹੀਂ ਰਹਿ ਗਈ ਸੀ।

ਇੰਦਰਾ ਗਾਂਧੀ ਨੇ ਸੰਤ ਭਿੰਡਰਾਂਵਾਲਿਆਂ ਤੇ ਉਨ੍ਹਾਂ ਦੇ ਸਾਥੀਆਂ ਨੂੰ ਖਤਮ ਕਰਨ ਦੇ ਲਈ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲਾ ਕੀਤਾ, ਜਿਸ ਨੂੰ ਬਲਿਊ ਸਟਾਰ ਦਾ ਨਾਮ ਦਿੱਤਾ ਗਿਆ। ਜੂਨ 1984 ਵਿਚ ਅਪ੍ਰੇਸ਼ਨ ਬਲਿਊ ਸਟਾਰ ਹੋਇਆ। ਫ਼ੌਜ ਦਰਬਾਰ ਸਾਹਿਬ ਅੰਦਰ ਗਈ। ਦੋਹਾਂ ਧਿਰਾਂ ਦਾ ਵੱਡਾ ਨੁਕਸਾਨ ਹੋਇਆ। ਅਕਾਲ ਤਖ਼ਤ ਸਾਹਿਬ ਨੂੰ ਤੋਪਾਂ ਟੈਂਕਾਂ ਨਾਲ ਉਡਾ ਦਿੱਤਾ ਗਿਆ। ਸੰਤ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਬਾਬਾ ਠਾਰਾ ਸਿੰਘ ਤੇ ਜਰਨੈਲ ਸੁਬੇਗ ਸਿੰਘ ਸਮੇਤ ਬਹੁਤ ਸਾਰੇ ਸਿੱਖ ਸ਼ਹੀਦ ਹੋ ਗਏ। ਹਰਿਮੰਦਰ ਸਾਹਿਬ ਵਿਚ ਫਸੇ ਸਿੱਖ ਸ਼ਰਧਾਲੂਆਂ ਨੂੰ ਵੀ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਕਾਰਨ ਸਿੱਖਾਂ ਵਿਚ ਭਾਰੀ ਰੋਸ ਫੈਲਿਆ। ਇਸ ਦੌਰਾਨ ਸਿੱਖਾਂ ਵਲੋਂ ਗਿਆਨੀ ਜ਼ੈਲ ਸਿੰਘ 'ਤੇ ਦਬਾਅ ਪਾਇਆ ਕਿ ਉਹ ਅਸਤੀਫਾ ਦੇਣ ਤੇ ਇੰਦਰਾ ਸਰਕਾਰ ਦਾ ਵਿਰੋਧ ਕਰਨ। ਗਿਆਨੀ ਜ਼ੈਲ ਸਿੰਘ ਨੇ ਅਜਿਹਾ ਨਾ ਕੀਤਾ। ਉਨ੍ਹਾਂ ਦੇ ਸਮਰੱਥਕਾਂ ਨੇ ਅਸਤੀਫਾ ਨਾ ਦੇਣ ਦਿੱਤਾ। ਉਨ੍ਹਾਂ ਦਾ ਤਰਕ ਸੀ ਕਿ ਇਸ ਨਾਲ ਸਿੱਖਾਂ ਤੇ ਹਿੰਦੂਆਂ ਵਿਚਾਲੇ ਦੂਰੀ ਵਧ ਸਕਦੀ ਸੀ ਤੇ ਇੰਦਰਾ ਗਾਂਧੀ ਵੀ ਨਹੀਂ ਸੀ ਚਾਹੁੰਦੀ ਕਿ ਗਿਆਨੀ ਜ਼ੈਲ ਸਿੰਘ ਅਸਤੀਫਾ ਦੇਵੇ। ਪਰ ਗਿਆਨੀ ਜ਼ੈਲ ਸਿੰਘ ਇੰਦਰਾ ਸਰਕਾਰ ਤੋਂ ਇਸ ਫ਼ੌਜੀ ਹਮਲੇ ਕਾਰਨ ਸਖ਼ਤ ਨਰਾਜ਼ ਸਨ। ਇਸ ਦੌਰਾਨ ਗਿਆਨੀ ਜ਼ੈਲ ਸਿੰਘ ਨੇ ਦਰਬਾਰ ਸਾਹਿਬ ਦੀ ਯਾਤਰਾ ਵੀ ਕੀਤੀ।

ਚਾਰ ਮਹੀਨੇ ਬਾਅਦ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਦੀ ਹੱਤਿਆ ਕਰ ਦਿੱਤੀ ਗਈ। ਇਹ ਹੱਤਿਆ ਇੰਦਰਾ ਦੇ ਦੋ ਸਿੱਖ ਬਾਡੀਗਾਰਡਾਂ ਸਤਵੰਤ ਸਿੰਘ ਤੇ ਬੇਅੰਤ ਸਿੰਘ ਨੇ ਕੀਤੀ। ਉਸ ਵਕਤ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਓਮਾਨ ਦੇ ਰਾਜਸੀ ਦੌਰੇ 'ਤੇ ਸਨ ਅਤੇ ਇੰਦਰਾ ਦੇ ਰਾਜਨੀਤਕ





ਵਾਰਸ ਰਾਜੀਵ ਗਾਂਧੀ ਪੱਛਮੀ ਬੰਗਾਲ ਦੇ ਦੌਰੇ 'ਤੇ ਸਨ। ਇਸ ਦੇ ਨਾਲ ਇੰਦਰਾ ਦੇ ਦੋ ਮੁੱਖ ਕੈਬਨਿਟ ਮੰਤਰੀ ਗਨੀ ਖਾਨ ਚੌਧਰੀ, ਪ੍ਰਣਬ ਮੁਖਰਜੀ ਤੇ ਰਾਜੀਵ ਗਾਂਧੀ ਜਲਦੀ ਹੀ ਦਿੱਲੀ ਪਰਤ ਆਏ। ਸਲਾਹ ਇਹ ਹੋਈ ਕਿ ਪਹਿਲਾਂ ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਦਿਵਾਈ ਜਾਵੇ ਤੇ ਉਸ ਤੋਂ ਬਾਅਦ ਦੇਸ਼ ਨੂੰ ਦੱਸਿਆ ਜਾਵੇ ਕਿ ਇੰਦਰਾ ਨਹੀਂ ਰਹੀ। ਇਸ ਵਕਤ ਗਾਂਧੀ ਪਰਿਵਾਰ ਦੇ ਕੁਝ ਨੇੜਲਿਆਂ ਅਰੁਣ ਨਹਿਰੂ ਵਗੈਰਾ ਨੇ ਆਪਣੀ ਸਿਆਸਤ ਰਚੀ। ਉਨ੍ਹਾਂ ਨੂੰ ਸ਼ੱਕ ਸੀ ਕਿ ਗਿਆਨੀ ਜ਼ੈਲ ਸਿੰਘ ਪਲਟੀ ਮਾਰ ਸਕਦੇ ਹਨ। ਪਰੰਪਰਾ ਦਾ ਹਵਾਲਾ ਦੇ ਕੇ ਰਾਜੀਵ ਗਾਂਧੀ ਨੂੰ ਸਹੁੰ ਦਿਵਾਉਣ ਦੀ ਬਜਾਏ ਪ੍ਰਣਬ ਮੁਖਰਜੀ ਵਰਗੇ ਕਿਸੇ ਕੈਬਨਿਟ ਮੰਤਰੀ ਨੂੰ ਪ੍ਰਧਾਨ ਮੰਤਰੀ ਬਣਾ ਸਕਦੇ ਹਨ। ਇਸ ਲਈ ਇਹ ਫਾਰਮੂਲਾ ਦੱਸਿਆ ਗਿਆ ਕਿ ਰਾਸ਼ਟਰਪਤੀ ਦੇ ਓਮਾਨ ਪਰਤਣ ਦਾ ਇੰਤਜ਼ਾਰ ਨਾ ਕੀਤਾ ਜਾਵੇ ਤੇ ਉਪ ਰਾਸ਼ਟਰਪਤੀ ਆਰ ਵੈਂਕਟਨ ਰਮਨ ਦੇ ਹੱਥੋਂ ਰਾਜੀਵ ਗਾਂਧੀ ਨੂੰ ਸਹੁੰ ਚੁੱਕਾਈ ਜਾਵੇ। ਪ੍ਰਣਬ ਮੁਖਰਜੀ ਤੇ ਕਈ ਸੀਨੀਅਰ ਨੇਤਾਵਾਂ ਨੇ ਇਸ ਸੁਝਾਅ ਦਾ ਵਿਰੋਧ ਕੀਤਾ। ਇੰਦਰਾ ਦੀ ਵਫਾਦਾਰ ਢਾਣੀ ਰਾਜੀਵ ਨੂੰ ਤੁਰੰਤ ਪ੍ਰਧਾਨ ਮੰਤਰੀ ਨਾਮਜ਼ਦ ਕੀਤੇ ਜਾਣ ਦੀ ਇੱਛੁਕ ਸੀ। ਉਹ ਭਾਰਤ ਅੰਦਰ ਸਿੱਖ ਕਤਲੇਆਮ ਦੀ ਯੋਜਨਾ ਦੀ ਸਾਜ਼ਿਸ਼ ਉਲੀਕੀ ਬੈਠੀ ਸੀ ਤੇ ਉਸ ਨੂੰ ਅਮਲ ਵਿਚ ਲਿਆਉਣ ਲਈ ਰਾਜੀਵ ਨੂੰ ਪ੍ਰਧਾਨ ਮੰਤਰੀ ਬਣਾਉਣਾ ਜ਼ਰੂਰੀ ਸੀ। ਉਹ ਗਿਆਨੀ ਜ਼ੈਲ ਸਿੰਘ 'ਤੇ ਬਿਲਕੁਲ ਵਿਸ਼ਵਾਸ ਨਹੀਂ ਰੱਖ ਰਹੇ ਸਨ, ਕਿਉਂਕਿ ਗਿਆਨੀ ਜ਼ੈਲ ਸਿੰਘ ਉਨ੍ਹਾਂ ਦੀ ਮਰਜ਼ੀ ਦੇ ਖਿਲਾਫ਼ ਚੱਲ ਸਕਦਾ ਸੀ। ਉਹ ਇਥੋਂ ਤੱਕ ਉਤਾਰੂ ਸਨ ਕਿ ਜੇਕਰ ਗਿਆਨੀ ਜ਼ੈਲ ਸਿੰਘ ਕਿਸੇ ਤਰ੍ਹਾਂ ਵਿਰੋਧ ਕਰਦੇ ਹਨ ਤਾਂ ਉਹ ਉਪ ਰਾਸ਼ਟਰਪਤੀ ਆਰ ਵੈਂਕੇਟ ਰਮਨ ਕੋਲੋਂ ਰਾਜੀਵ ਗਾਂਧੀ ਦੀ ਤਾਜਪੋਸ਼ੀ ਕਰਵਾ ਲੈਣਗੇ ਪਰ ਪੀਸੀ ਅਲੈਗਜ਼ੇਂਡਰ ਵਰਗਾ ਸਾਜ਼ਿਸ਼ੀ ਅਫ਼ਸਰਸ਼ਾਹ ਗਿਆਨੀ ਜ਼ੈਲ ਦੀ ਕਮਜ਼ੋਰ ਸਖ਼ਸ਼ੀਅਤ ਤੋਂ ਵਾਕਿਫ ਸੀ। ਇਸੇ ਮੁਹਿੰਮ ਤਹਿਤ ਅਰੁਣ ਨਹਿਰੂ ਨੇ ਗਿਆਨੀ ਜ਼ੈਲ ਸਿੰਘ ਨੂੰ ਇਹ ਹੁਕਮ ਸੁਣਾਉਣ ਲਈ ਜ਼ਿੰਮੇਵਾਰੀ ਨਿਭਾਈ ਕਿ ਰਾਜੀਵ ਨੂੰ ਪ੍ਰਧਾਨ ਮੰਤਰੀ ਬਣਾਇਆ ਜਾਵੇ। ਜਦੋਂ ਰਾਸ਼ਟਰਪਤੀ ਦਾ ਵਿਸ਼ੇਸ਼ ਜਹਾਜ਼ ਯਮਨ ਤੋਂ ਚਲ ਕੇ ਸ਼ਾਮ ਦੇ 5 ਵਜੇ ਦੇ ਕਰੀਬ ਦਿੱਲੀ ਹਵਾਈ ਅੱਡੇ 'ਤੇ ਉਤਰਿਆ ਤਾਂ ਅਰੁਣ ਨਹਿਰੂ ਤੇ ਆਰਕੇ ਧਵਨ ਨੇ ਉਸ ਦਾ ਸੁਆਗਤ ਕੀਤਾ। ਹਵਾਈ ਅੱਡੇ ਤੋਂ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਤੱਕ ਦਾ ਸਫ਼ਰ ਤਿੰਨਾਂ ਨੇ ਇਕੋ ਕਾਰ ਵਿਚ ਕੀਤਾ। ਗਿਆਨੀ ਜ਼ੈਲ ਸਿੰਘ ਨੂੰ ਅਰੁਣ ਨਹਿਰੂ ਦੀ ਧਮਕੀ ਤੇ ਸਾਜ਼ਿਸ਼ ਉਸ ਵੇਲੇ ਸਪੱਸ਼ਟ ਹੋ ਗਈ, ਜਦੋਂ ਹਸਪਤਾਲ ਗੇਟ ਨੇੜੇ ਫਿਰਕੂ ਭੀੜ ਸਿੱਖਾਂ ਵਿਰੁਧ ਨਫ਼ਰਤ ਦਾ ਪ੍ਰਗਟਾਵਾ ਕਰ ਰਹੀ ਸੀ ਕਿ "ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ"। ਹਿੰਸਾ 'ਤੇ ਉਤਾਰੂ ਭੀੜ ਨੇ ਰਾਸ਼ਟਰਪਤੀ ਦੀ ਲਿਮੋਜ਼ਿਨ ਕਾਰ 'ਤੇ ਹਮਲਾ ਕੀਤਾ ਪਰ ਕਾਰ ਸੁਰੱਖਿਅਤ ਲੰਘ ਗਈ। ਰਾਸ਼ਟਰਪਤੀ ਦੇ ਪ੍ਰੈਸ ਸਕੱਤਰ ਤਰਲੋਚਨ ਸਿੰਘ ਦੀ ਕਾਰ ਦੰਗਕਾਰੀਆਂ ਦੇ ਨਿਸ਼ਾਨੇ 'ਤੇ ਆ ਗਈ ਪਰ ਬਚਾਅ ਹੋ ਗਿਆ। ਇਹ ਅਸਲ ਵਿਚ ਗਿਆਨੀ ਜ਼ੈਲ ਸਿੰਘ ਨੂੰ ਧਮਕੀ ਸੀ ਕਿ ਇਹ ਫਿਰਕੂ ਸਿਆਸਤ ਕਿਸ ਹੱਦ ਤੱਕ ਜਾ ਸਕਦੀ ਹੈ।

ਅਖੀਰ ਸ਼ਾਮ 6 ਵਜੇ ਰਾਸ਼ਟਰਪਤੀ ਭਵਨ ਦੇ ਦਫਤਰ ਵਿਚ ਹੀ ਗਿਆਨੀ ਜ਼ੈਲ ਸਿੰਘ ਦੀ ਹਾਜ਼ਰੀ ਵਿਚ ਰਾਜੀਵ ਗਾਂਧੀ ਨੂੰ ਸਹੁੰ ਦਿਵਾ ਦਿੱਤੀ ਗਈ। ਇਸ ਦੌਰਾਨ 31 ਅਕਤੂਬਰ ਦੀ ਦੁਪਹਿਰ ਤੋਂ ਹੀ ਦਿੱਲੀ ਤੇ ਦੇਸ਼ ਵਿਚ ਸਿੱਖ ਵਿਰੋਧੀ ਹਿੰਸਾ ਸ਼ੁਰੂ ਹੋ ਗਈ। ਇਸ ਹਿੰਸਾ ਪਿੱਛੇ ਵੱਡੇ-ਵੱਡੇ ਕਾਂਗਰਸੀਆਂ ਦੀ ਪ੍ਰਮੁਖ ਭੂਮਿਕਾ ਰਹੀ ਹੈ। ਇੱਕ ਹਿੰਦੂ ਗਵਾਹ ਡੀਪੀ ਗਵਈ ਅਨੁਸਾਰ, "ਸ਼ੁਰੂ ਵਿਚ ਦੰਗਈਆਂ ਦੀ ਗਿਣਤੀ ਵੀਹ ਪੱਚੀ ਤੋਂ ਵੱਧ ਨਹੀਂ ਸੀ, ਉਹਨਾਂ ਨੂੰ ਅਗਰ ਕਾਬੂ ਕਰ ਸਬਕ ਸਿਖਾਇਆ ਜਾਂਦਾ ਤਾਂ ਦਿੱਲੀ ਬਚ ਸਕਦੀ ਸੀ।"

ਫਿਰ ਅਗਲੇ ਦਿਨ ਇੱਕ ਨਵੰਬਰ ਨੂੰ ਦਿੱਲੀ ਤੇ ਦੇਸ਼ ਦੇ ਹੋਰ ਹਿੱਸਿਆਂ ਅੰਦਰ ਸਿੱਖਾਂ ਨੂੰ ਕਤਲ ਕਰਨਾ ਸ਼ੁਰੂ ਹੋਇਆ। ਸਰਕਾਰੀ ਅੰਕੜਿਆਂ ਮੁਤਾਬਕ ਦਿੱਲੀ ਅੰਦਰ 2733 ਸਿੱਖ ਕਤਲ ਕੀਤੇ ਗਏ। ਇਸ ਹਿੰਸਾ ਵਿਚ 2966 ਸਿੱਖ ਜ਼ਖ਼ਮੀ ਹੋਏ। ਦਸ ਹਜ਼ਾਰ ਤੋਂ ਵਧ ਘਰਾਂ ਦਾ ਨੁਕਸਾਨ ਹੋਇਆ। 3400 ਤੋਂ ਵੱਧ ਹਰ ਕਿਸਮ ਦੀਆਂ ਜਾਇਦਾਦਾਂ ਨੁਕਸਾਨੀਆਂ ਗਈਆਂ। ਹਾਲਾਂਕਿ ਗੈਰ-ਸਰਕਾਰੀ ਤੌਰ 'ਤੇ ਇਹ ਅੰਕੜੇ ਇਸ ਤੋਂ ਕਿਤੇ ਵੱਧ ਹਨ। ਇਸ ਹਿੰਸਾ ਦੌਰਾਨ ਪੁਲੀਸ ਪ੍ਰਸ਼ਾਸ਼ਨ ਤਮਾਸ਼ਬੀਨ ਬਣਿਆ ਰਿਹਾ। ਫੌਜ ਬਹੁਤ ਦੇਰ ਬਾਅਦ ਬੁਲਾਈ ਗਈ। ਗਿਆਨੀ ਜ਼ੈਲ ਸਿੰਘ ਤੱਕ ਵੀ ਖ਼ਬਰ ਪਹੁੰਚੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਸਮੇਤ ਪੁਲੀਸ ਪ੍ਰਸ਼ਾਸ਼ਨ ਤੱਕ ਪਹੁੰਚਣ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਨਤੀਜਾ ਸਿਫਰ ਰਿਹਾ। ਇਸ ਦੌਰਾਨ ਲੋਕ ਸਭਾ ਵਿਚ ਰਾਜੀਵ ਦੇ ਨੇੜਲੇ ਕਾਂਗਰਸੀ ਸਾਂਸਦ ਕੇਕੇ ਤਿਵਾੜੀ ਨੇ ਰਾਸ਼ਟਰਪਤੀ ਭਵਨ ਨੂੰ ਅੱਤਵਾਦੀਆਂ ਦਾ ਅੱਡਾ ਦੱਸ ਦਿੱਤਾ। ਗਿਆਨੀ ਜ਼ੈਲ ਸਿੰਘ ਨੇ ਇਸ ਬਾਰੇ ਰਾਜੀਵ ਗਾਂਧੀ ਕੋਲ ਨਰਾਜ਼ਗੀ ਪ੍ਰਗਟਾਈ ਪਰ ਰਾਜੀਵ ਨੇ ਤਿਵਾੜੀ 'ਤੇ ਕਾਰਵਾਈ ਨਾ ਕੀਤੀ। ਇਸ ਕਾਰਨ ਗਿਆਨੀ ਜ਼ੈਲ ਸਿੰਘ ਤੇ ਰਾਜੀਵ ਗਾਂਧੀ ਵਿਚਾਲੇ ਦੂਰੀਆਂ ਵਧਦੀਆਂ ਗਈਆਂ। ਇਕ ਸੰਵਿਧਾਨਕ ਵਿਵਸਥਾ ਦੇ ਸਹਾਰੇ ਗਿਆਨੀ ਜ਼ੈਲ ਸਿੰਘ ਨੇ ਸਰਕਾਰ 'ਤੇ ਨਕੇਲ ਕੱਸਣੀ ਚਾਹੀ।

ਰਾਜੀਵ ਸਰਕਾਰ ਨੇ ਪੋਸਟਲ ਅਮੈਂਡਮੈਂਟ ਬਿੱਲ ਭੇਜਿਆ। ਗਿਆਨੀ ਜ਼ੈਲ ਸਿੰਘ ਨੇ ਪਾਕੇਟ ਵੀਟੋ ਦਾ ਇਸਤੇਮਾਲ ਕਰਕੇ ਇਸ ਤਹਿਤ ਰਾਸ਼ਟਰਪਤੀ ਕੋਲ ਸਵੀਕਾਰ ਮੋਹਰ ਲੱਗਣ ਲਈ ਆਏ ਬਿੱਲ ਨੂੰ ਅਨਿਯਮਤ ਕਾਲ ਤੱਕ ਆਪਣੇ ਕੋਲ ਰੋਕ ਲਿਆ। ਰਾਜੀਵ ਗਿਆਨੀ ਜ਼ੈਲ ਸਿੰਘ ਦੀ ਨੀਤੀ ਤੋਂ ਖ਼ੁਸ਼ ਨਹੀਂ ਸਨ। ਰਾਜੀਵ ਗਾਂਧੀ ਚਾਹੁੰਦੇ ਸਨ ਕਿ ਗਿਆਨੀ ਜ਼ੈਲ ਸਿੰਘ ਨੂੰ ਕਿਸੇ ਤਰ੍ਹਾਂ ਅਹੁਦੇ ਤੋਂ ਹਟਾ ਦਿੱਤਾ ਜਾਵੇ ਪਰ ਕੁਝ ਸਲਾਹਕਾਰਾਂ ਨੇ ਸਲਾਹ ਦਿੱਤੀ ਕਿ ਇਸ ਨਾਲ ਸਮੱਸਿਆ ਵਧੇਗੀ। ਇਸ ਦੌਰਾਨ ਰਾਜੀਵ ਗਾਂਧੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਲੌਂਗੋਵਾਲ ਨਾਲ ਸਮਝੌਤੇ ਦੀ ਤਿਆਰੀ ਵਿਚ ਸਨ। ਗਿਆਨੀ ਜ਼ੈਲ ਸਿੰਘ ਆਪਣਾ ਕਾਰਜਕਾਲ ਪੂਰਾ ਕਰਨ ਤੋਂ ਬਾਅਦ ਰਾਜਨੀਤੀ ਤਿਆਗ ਗਏ। 8 ਸਾਲਾਂ ਬਾਅਦ 29 ਨਵੰਬਰ 1994 ਨੂੰ ਉਨ੍ਹਾਂ ਦਾ ਰੋਪੜ ਕੋਲ ਭਿਆਨਕ ਐਕਸੀਡੈਂਟ ਹੋ ਗਿਆ। ਪੰਜਾਬ ਦੇ ਪੀਜੀਆਈ ਵਿਚ ਭਰਤੀ ਹੋਏ ਤੇ 25 ਦਸੰਬਰ ਨੂੰ ਉਨ੍ਹਾਂ ਦਾ ਦਿਹਾਂਤ ਹੋ ਗਿਆ। ਇਸ ਤਰ੍ਹਾਂ ਇਸ ਰਾਜਨੀਤਕ ਸਖ਼ਸ਼ੀਅਤ ਦਾ ਅੰਤ ਹੋਇਆ, ਜਿਸ ਦੀਆਂ ਕਮਜ਼ੋਰੀਆਂ ਤੇ ਇੰਦਰਾ-ਭਗਤੀ ਦਾ ਖਮਿਆਜ਼ਾ ਪੰਜਾਬ ਤੇ ਸਿੱਖ ਕੌਮ ਨੂੰ ਵੱਡੇ ਜਾਨੀ ਤੇ ਮਾਲੀ ਨੁਕਸਾਨ ਦੇ ਰੂਪ ਵਿਚ ਭੁਗਤਣਾ ਪਿਆ।

# ਪੰਜਾਬ 'ਚ ਵਿਆਹਾਂ ਮੌਕੇ ਦੀ 'ਸ਼ਾਹਖਰਚੀ' ਤੇ ਕਥਿਤ ਆਧੁਨਿਕਤਾ ਨੇ ਰਿਸ਼ਤਿਆਂ ਨੂੰ ਕੀਤਾ ਕਮਜ਼ੋਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਚ ਦੇਖਾਦੇਖੀ, ਦਾਜ, ਬਾਰਾਤ ਦੀ ਚੰਗੀ ਸੇਵਾ, ਪੈਲੇਸ ਸੱਭਿਆਚਾਰ ਆਦਿ ਨੇ ਵਿਆਹਾਂ ਦੇ ਖ਼ਰਚੇ ਕਈ ਗੁਣਾ ਵਧਾ ਦਿੱਤੇ ਹਨ। ਇਸ "ਸ਼ਾਹਖਰਚੀ" ਨੇ ਜਿਥੇ ਲੋਕਾਂ ਦਾ ਆਰਥਿਕ ਤੌਰ 'ਤੇ ਲੱਕ ਤੋੜਿਆ ਹੈ, ਉਥੇ ਇਹ ਵਿਆਹ ਵਰਗੇ ਪਵਿੱਤਰ ਰਿਸ਼ਤੇ ਵਿਚ ਦਰਾੜ ਵੀ ਪਾ ਰਹੀ ਹੈ। ਪੰਜਾਬ ਵਿਚ ਵਿਆਹਾਂ ਲਈ ਬੁੱਕ ਕੀਤੇ ਜਾਂਦੇ ਵੱਡੇ ਪੈਲੇਸਾਂ, ਦਿਖਾਵੇਬਾਜ਼ੀ ਤੇ ਬਰਾਤ ਦੇ ਰੂਪ ਵਿਚ ਆਉਂਦੇ ਲਾਮ-ਲਸ਼ਕਰ ਕਾਰਨ ਹੁੰਦੇ ਮੋਟੇ ਖ਼ਰਚਿਆਂ ਤੋਂ ਇਲਾਵਾ ਵਿਆਹਾਂ ਵੇਲੇ ਰੱਖੀਆਂ ਜਾਂਦੀਆਂ ਵੱਖ-ਵੱਖ ਸ਼ਰਤਾਂ ਨੇ ਪਤੀ-ਪਤਨੀ ਦਾ ਰਿਸ਼ਤਾ ਕਮਜ਼ੋਰ ਕਰ ਦਿੱਤਾ ਹੈ। ਵਿਆਹਾਂ ਦੇ ਛੇਤੀ ਤਿੜਕ ਜਾਣ ਦੇ ਕਈ ਕਾਰਨ ਹਨ, ਜਿਨ੍ਹਾਂ ਵਿਚ ਇਕ ਵੱਡਾ ਕਾਰਨ ਇਹ ਵੀ ਹੈ।

ਪੰਜਾਬ ਰਾਜ ਮਹਿਲਾ ਕਮਿਸ਼ਨ ਕੋਲ ਆਏ ਇਕ ਕੇਸ ਅਨੁਸਾਰ ਪਤੀ-ਪਤਨੀ ਦੋਵੇਂ ਸਰਕਾਰੀ ਨੌਕਰ ਹਨ, ਦੋਵੇਂ ਆਧੁਨਿਕ ਵਿਚਾਰਾਂ ਦੇ ਧਾਰਨੀ ਹਨ, ਆਧੁਨਿਕਤਾ ਇੱਥੋਂ ਤੱਕ ਕਿ ਦੋਵੇਂ ਇਕੱਠੇ ਸ਼ਰਾਬ ਪੀਂਦੇ ਰਹੇ। ਉਸੇ ਸ਼ਰਾਬ ਨੇ ਕੁਝ ਸਮੇਂ ਬਾਅਦ ਦੋਹਾਂ ਵਿਚਾਲੇ ਟਕਰਾਅ ਪੈਦਾ ਕਰ ਦਿੱਤਾ। ਇਹ ਕੇਸ ਮੁਹਾਲੀ ਜ਼ਿਲ੍ਹੇ ਨਾਲ ਸਬੰਧਤ ਹੈ। ਇਸ ਜੋੜੇ ਦੇ ਵਿਆਹ ਨੂੰ ਡੇਢ ਸਾਲ ਹੋਏ ਹਨ ਤੇ ਕੇਸ ਪੰਜਾਬ ਰਾਜ ਮਹਿਲਾ ਕਮਿਸ਼ਨ ਤੱਕ ਪੁੱਜ ਚੁੱਕਾ ਹੈ। ਇਕ ਅਜਿਹਾ ਮਾਮਲਾ ਵੀ ਹੈ, ਜਿਸ ਵਿਚ ਫਿੱਕੀ ਕੌਫੀ ਨੇ ਵਿਆਹ ਦੀਆਂ ਖ਼ੁਸ਼ੀਆਂ ਫਿੱਕੀਆਂ ਕਰ ਦਿੱਤੀਆਂ। ਲੁਧਿਆਣਾ ਵਿਚ ਵਿਆਹੀ ਲੜਕੀ ਨੇ ਸਹੁਰੇ ਘਰ ਜਾ ਕੇ ਫਿੱਕੀ ਕੌਫੀ ਦੀ ਮੰਗ ਰੱਖੀ ਤਾਂ ਪਰਿਵਾਰ ਨੂੰ ਸ਼ੱਕ ਹੋ ਗਿਆ। ਪਤੀ ਅਤੇ ਸੱਸ ਨੇ ਜ਼ੋਰ ਦੇ ਕੇ ਸ਼ੂਗਰ ਟੈਸਟ ਕਰਾਇਆ ਤਾਂ ਲੜਕੀ ਨੂੰ ਸ਼ੂਗਰ ਦੀ ਸ਼ਿਕਾਇਤ ਨਿਕਲੀ। ਇਸੇ ਗੱਲ ਤੋਂ ਔਖੇ ਲੜਕੇ ਨੇ ਰਿਸ਼ਤਾ ਅੱਗੇ ਵਧਾਉਣ ਤੋਂ ਇਨਕਾਰ ਕਰ ਦਿੱਤਾ। ਇਹ ਕੇਸ ਵੀ ਮਹਿਲਾ ਕਮਿਸ਼ਨ ਕੋਲ ਚੱਲ ਰਿਹਾ ਹੈ। ਸੂਤਰਾਂ ਅਨੁਸਾਰ ਮਹਿਲਾ ਕਮਿਸ਼ਨ ਕੋਲ ਕਈ ਅਜਿਹੇ ਕੇਸ ਵੀ ਆ ਰਹੇ ਹਨ, ਜਿਨ੍ਹਾਂ ਵਿੱਚ ਵਿਵਾਦ ਦਾ ਆਧਾਰ ਸੋਸ਼ਲ ਮੀਡੀਆ ਬਣ ਰਿਹਾ ਹੈ। ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਨੇ ਇਨ੍ਹਾਂ ਕੇਸਾਂ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਲੋਕਾਂ ਵਿੱਚ ਸਹਿਣਸ਼ੀਲਤਾ ਖ਼ਤਮ ਹੁੰਦੀ ਜਾ ਰਹੀ ਹੈ। ਅਜਿਹੇ ਮਾਮਲਿਆਂ ਵਿੱਚ ਕਮਿਸ਼ਨ ਕੋਲ ਕੋਈ ਪੇਸ਼ੇਵਰ ਕੌਂਸਲਰ ਵੀ ਨਹੀਂ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਕੋਲ ਪਰਵਾਸੀ ਭਾਰਤੀ ਲੜਕਿਆਂ ਵੱਲੋਂ ਵਿਆਹ ਕਰਵਾ ਕੇ ਲੜਕੀਆਂ ਨੂੰ ਛੱਡਣ ਦੇ ਚਾਰ ਮਾਮਲੇ ਆਏ ਹਨ। ਪੰਜਾਬ ਵਿਧਾਨ ਸਭਾ ਨੇ ਸੰਨ 2016 ਦੇ ਬਜਟ ਸੈਸ਼ਨ ਦੌਰਾਨ ਸਮਾਜਿਕ ਸਮਾਗਮਾਂ 'ਤੇ ਖ਼ਰਚਾ ਘੱਟ ਕਰਨ ਬਾਰੇ ਮਤਾ ਪਾਸ ਕੀਤਾ ਸੀ, ਪਰ ਇਸ ਮਤੇ 'ਤੇ ਖ਼ੁਦ ਵਿਧਾਇਕਾਂ ਨੇ ਹੀ ਅਮਲ ਨਹੀਂ ਕੀਤਾ। ਜੇਕਰ ਪੰਜਾਬ ਸਰਕਾਰ 'ਗੈਸਟ ਕੰਟਰੋਲ ਆਰਡਰ' ਲਾਗੂ ਕਰ ਦੇਵੇ ਤਾਂ ਇਸ ਦਾ ਵੱਡੇ ਪੱਧਰ 'ਤੇ ਸਵਾਗਤ ਹੋਣ ਦੇ ਆਸਾਰ ਹਨ, ਕਿਉਂਕਿ ਬਹੁ-ਗਿਣਤੀ ਲੋਕਾਂ ਨੂੰ ਸਮਾਜਿਕ ਦਬਾਅ ਕਾਰਨ ਵਿਆਹਾਂ 'ਤੇ ਜ਼ਿਆਦਾ ਖ਼ਰਚਾ ਕਰਨਾ ਪੈ ਰਿਹਾ ਹੈ।

# ਸੁਖਬੀਰ ਬਾਦਲ ਨੇ ਖੇਡਿਆ ਪ੍ਰਧਾਨਗੀ ਤੋਂ ਅਸਤੀਫਾ ਦੇਣ ਦਾ ਡਰਾਮਾ

## ਮਾਝੇ ਵਿਚ ਵਧਦਾ ਜਾ ਰਿਹਾ ਹੈ ਬਾਗੀਆਂ ਦਾ ਕਾਫ਼ਲਾ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਅਕਾਲੀ ਦਲ ਬਾਦਲ ਵਿਚ ਸੁਖਬੀਰ ਬਾਦਲ ਨੂੰ ਪ੍ਰਧਾਨਗੀ ਤੋਂ ਲਾਂਭੇ ਕਰਨ ਦੀ ਗੱਲ ਅੰਦਰੋਂ-ਅੰਦਰੀਂ ਚੱਲ ਰਹੀ ਸੀ ਪਰ ਉਸ ਨੇ ਆਪਣੇ ਹੀ ਬਿਆਨ ਇਕ ਬਿਆਨ ਰਾਹੀਂ ਇਸ ਨੂੰ ਹਵਾ ਦੇਣ ਦੀ ਚਾਲ ਚੱਲੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਾਵੇਂ ਆਪਣੀ ਕੁਰਸੀ ਕਾਇਮ ਰੱਖਣ ਲਈ ਕੋਰ ਕਮੇਟੀ ਤੋਂ ਮੋਹਰ ਲਗਵਾ ਲਈ ਹੈ ਪਰ ਅਕਾਲੀ ਦਲ ਅੰਦਰ ਲੱਗੀ ਬਗਾਵਤ ਦੀ ਅੱਗ ਦੇ ਲਗਾਤਾਰ ਧੁਖਦੀ ਰਹਿਣ ਕਾਰਨ ਪ੍ਰਧਾਨ ਮੂਹਰੇ ਚੁਣੌਤੀਆਂ ਬਰਕਰਾਰ ਹਨ। ਅਕਾਲੀ ਦਲ ਅੰਦਰਲੇ ਸੂਤਰਾਂ ਦਾ ਦੱਸਣਾ ਹੈ ਕਿ ਸਿਰਫ਼ ਮਾਝੇ ਵਿੱਚ ਹੀ ਬਾਗੀਆਂ ਦੀ ਅੰਦਰਖਾਤੇ ਗਿਣਤੀ ਵਧ ਨਹੀਂ ਰਹੀ ਸਗੋਂ ਮਾਲਵੇ ਵਿੱਚ ਵੀ ਟਕਸਾਲੀ ਅਕਾਲੀ ਪਰਿਵਾਰਾਂ ਨਾਲ ਸਬੰਧਤ ਆਗੂਆਂ ਵੱਲੋਂ 'ਬਾਗੀ' ਸੀਨੀਅਰ ਅਕਾਲੀ ਨੇਤਾਵਾਂ ਨਾਲ ਸੰਪਰਕ ਸਾਧਿਆ ਜਾ ਰਿਹਾ ਹੈ। ਪਾਰਟੀ ਅੰਦਰਲੀ ਇਸ ਹਲਚਲ ਕਾਰਨ ਹੀ ਅਕਾਲੀ ਦਲ ਵੱਲੋਂ ਸੁਖਦੇਵ ਸਿੰਘ ਢੀਂਡਸਾ ਅਤੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦਾ ਅਸਤੀਫਾ ਪ੍ਰਵਾਨ ਕਰਨ ਤੋਂ ਹਾਲ ਦੀ ਘੜੀ ਗੁਰੇਜ਼ ਕੀਤਾ ਜਾ ਰਿਹਾ ਹੈ ਤੇ ਛੋਟੇ ਬਾਦਲ ਖਿਲਾਫ ਬਾਗੀ ਸੁਰ ਅਲਾਪਣ ਵਾਲਿਆਂ ਦੇ ਵਿਰੁੱਧ ਵੀ ਕਾਰਵਾਈ ਠੰਢੇ ਬਸਤੇ ਵਿੱਚ ਪਾਈ ਜਾ ਰਹੀ ਹੈ। ਸੁਖਬੀਰ ਨੇ ਅਸਤੀਫਾ ਦੇਣ ਬਾਰੇ ਕਹਿ ਕੇ ਨਾਲ ਹੀ ਚਲਾਕੀ ਨਾਲ, ਇਹ ਵੀ ਸ਼ਰਤ ਲਗਾ ਦਿੱਤੀ ਕਿ ਜੇ ਪਾਰਟੀ ਚਾਹੁੰਦੀ ਹੈ। ਹੁਣ ਇਹ ਸਭ ਨੂੰ ਪਤਾ ਹੈ ਕਿ ਪਾਰਟੀ ਦੇ ਨਾਮ ਉਤੇ ਮੂਹਰੇ ਲੱਗੇ ਕਿਹੜੇ-ਕਿਹੜੇ ਆਗੂ ਹਨ, ਜੋ ਸੁਖਬੀਰ ਤੋਂ ਅਸਤੀਫਾ ਮੰਗਣਾ ਤਾਂ ਦੂਰ, ਉਸ ਦੇ ਹਰ ਹੁਕਮ ਉਤੇ ਡੰਡਾਉਤ ਕਰਦੇ ਹਨ। ਟਕਸਾਲੀ ਅਕਾਲੀ ਪਾਰਟੀ ਵਿਚ ਪਹਿਲਾਂ ਹੀ ਨੁੱਕਰੇ ਲਾ ਦਿੱਤੇ ਗਏ ਹਨ।

ਉਂਞ ਅਕਾਲੀ ਦਲ ਦੇ ਸੀਨੀਅਰ ਲੀਡਰਾਂ ਦਾ ਮੰਨਣਾ ਹੈ ਕਿ ਸੁਖਬੀਰ ਬਾਦਲ ਕਦੇ ਵੀ ਪ੍ਰਧਾਨਗੀ ਨਹੀਂ ਛੱਡਣਗੇ।ਸ਼੍ਰੋਮਣੀ ਅਕਾਲੀ ਦਲ ਵਿੱਚ ਚੱਲ ਰਹੇ ਅੰਦਰੂਨੀ ਸੰਕਟ ਦੌਰਾਨ ਪਹਿਲੀ ਵਾਰ ਜਥੇਬੰਦੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਜੇਕਰ ਪਾਰਟੀ ਉਨ੍ਹਾਂ ਨੂੰ ਕਹੇਗੀ ਤਾਂ ਉਹ ਪਾਰਟੀ ਲਈ ਪ੍ਰਧਾਨ ਦਾ ਅਹੁਦਾ ਛੱਡ ਦੇਣਗੇ। ਸੁਖਬੀਰ ਨੇ ਇਹ ਐਲਾਨ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਤੋਂ ਬਾਅਦ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਦੇ ਘਰ ਮੀਡੀਆ ਨਾਲ ਗੱਲਬਾਤ ਦੌਰਾਨ ਕੀਤਾ। ਇਸ ਦੌਰਾਨ ਨਾਰਾਜ਼ ਹੋਏ ਅਕਾਲੀ ਆਗੂ ਭਾਈ ਮਨਜੀਤ ਸਿੰਘ ਨੇ ਪਾਰਟੀ ਪ੍ਰਤੀ ਗਿਲੇ ਸ਼ਿਕਵੇ ਦੂਰ ਕਰਦਿਆਂ ਮੁੜ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਪਾਰਟੀ ਨਾਲ ਚੱਲਣ ਦਾ ਐਲਾਨ ਵੀ ਕੀਤਾ ਹੈ।

ਮੀਡੀਆ ਨਾਲ ਗੱਲਬਾਤ ਦੌਰਾਨ ਪਾਰਟੀ ਵਿੱਚ ਬਣੇ ਸੰਕਟ ਅਤੇ ਟਕਸਾਲੀ ਅਕਾਲੀਆਂ ਵੱਲੋਂ ਪ੍ਰਗਟਾਈ ਜਾ ਰਹੀ ਨਾਰਾਜ਼ਗੀ ਬਾਰੇ ਗੱਲ ਕਰਦਿਆਂ ਉਨ੍ਹਾਂ ਪਹਿਲੀ ਵਾਰ ਖੁੱਲ੍ਹ ਕੇ ਆਖਿਆ ਕਿ ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ, ਸੇਵਾ ਸਿੰਘ ਸੇਖਵਾਂ ਆਦਿ ਪਾਰਟੀ ਦੇ ਸੀਨੀਅਰ ਆਗੂ ਹਨ ਅਤੇ ਉਹ ਇਨ੍ਹਾਂ ਸਾਰਿਆਂ ਦਾ ਹੀ ਦਿਲੋਂ ਸਤਿਕਾਰ ਕਰਦੇ ਹਨ। ਇਨ੍ਹਾਂ ਦਾ ਪਾਰਟੀ ਪ੍ਰਤੀ ਵੱਡਾ ਯੋਗਦਾਨ ਹੈ। ਉਨ੍ਹਾਂ ਆਖਿਆ ਕਿ ਸ੍ਰੀ ਬ੍ਰਹਮਪੁਰਾ ਉਨ੍ਹਾਂ ਦੇ ਪਿਤਾ ਸਮਾਨ ਹਨ। ਉਹ ਪਾਰਟੀ ਦੇ ਪਰਿਵਾਰਕ ਮੈਂਬਰ ਹਨ। ਸ਼੍ਰੋਮਣੀ ਅਕਾਲੀ ਦਲ ਸਭ ਦੀ ਪਾਰਟੀ ਹੈ ਅਤੇ ਇਹ ਇਕ ਪਰਿਵਾਰ ਹੈ। ਇਸ ਵਿੱਚ ਕਿਸੇ ਨੂੰ ਅੱਖੋਂ ਪਰੋਖੇ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਆਖਿਆ ਕਿ ਪਾਰਟੀ ਪ੍ਰਧਾਨ ਵਜੋਂ ਉਨ੍ਹਾਂ ਨੂੰ ਜ਼ਿੰਮੇਵਾਰੀ ਵੀ ਇਨ੍ਹਾਂ ਸਾਰਿਆਂ ਨੇ ਸੌਂਪੀ ਸੀ। ਜੇਕਰ ਹੁਣ ਪਾਰਟੀ ਕਹੇਗੀ ਤਾਂ ਪਾਰਟੀ ਹਿੱਤ ਵਿੱਚ ਉਹ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦੇਣਗੇ।



ਭਾਈ ਮਨਜੀਤ ਸਿੰਘ ਦੀ ਨਾਰਾਜ਼ਗੀ ਦੂਰ ਕਰਨ ਮਗਰੋਂ ਉਨ੍ਹਾਂ ਨਾਲ ਦਿਖਾਈ ਦੇ ਰਹੇ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਤੇ ਹੋਰ।

ਨਾਰਾਜ਼ ਅਕਾਲੀ ਆਗੂਆਂ ਨੂੰ ਮਨਾਉਣ ਬਾਰੇ ਉਨ੍ਹਾਂ ਆਖਿਆ ਕਿ ਜਿਸ ਕਿਸੇ ਨੇ ਵੀ ਨਾਰਾਜ਼ਗੀ ਜ਼ਾਹਿਰ ਕੀਤੀ ਹੈ, ਉਹ ਉਨ੍ਹਾਂ ਦੇ ਘਰ ਜਾ ਕੇ ਨਾਰਾਜ਼ਗੀ ਦੂਰ ਕਰਕੇ ਆਏ ਹਨ। ਸ੍ਰੀ ਬ੍ਰਹਮਪੁਰਾ ਜਾਂ ਡਾ. ਅਜਨਾਲਾ ਜਦੋਂ ਵੀ ਉਨ੍ਹਾਂ ਨੂੰ ਸੱਦਣਗੇ, ਉਹ ਉਨ੍ਹਾਂ ਦੇ ਘਰ ਜ਼ਰੂਰ ਜਾਣਗੇ। ਉਨ੍ਹਾਂ ਇਹ ਵੀ ਆਖਿਆ ਕਿ ਜੇਕਰ ਉਨ੍ਹਾਂ ਨੂੰ ਕੋਈ ਨਾਰਾਜ਼ਗੀ ਹੈ ਤਾਂ ਉਹ ਉਨ੍ਹਾਂ ਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਨਾਲ ਵੀ ਗੱਲਬਾਤ ਕਰ ਸਕਦੇ ਹਨ। ਭਾਈ ਮਨਜੀਤ ਸਿੰਘ ਦੀ ਨਾਰਾਜ਼ਗੀ ਬਾਰੇ ਉਨ੍ਹਾਂ ਆਖਿਆ ਕਿ ਉਹ ਕਦੇ ਵੀ ਪਾਰਟੀ ਤੋਂ ਬਾਹਰ ਨਹੀਂ ਗਏ ਅਤੇ ਹਮੇਸ਼ਾ ਪਾਰਟੀ ਨਾਲ ਖੜ੍ਹੇ ਰਹੇ ਹਨ।

ਨਾਰਾਜ਼ਗੀ ਦੂਰ ਹੋਣ ਮਗਰੋਂ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਦੇ ਕੁਝ ਪੰਥਕ ਮਸਲਿਆਂ ਨੂੰ ਲੈ ਕੇ ਵਖਰੇਵੇਂ ਸਨ, ਜਿਨ੍ਹਾਂ 'ਤੇ ਚਰਚਾ ਹੋਈ ਹੈ ਅਤੇ ਪਾਰਟੀ ਨੇ ਇਹ ਸਾਰੇ ਵਖਰੇਵੇਂ ਦੂਰ ਕਰ ਦਿੱਤੇ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਘਰ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਸਮੇਤ ਹੋਰ ਅਕਾਲੀ ਆਗੂ ਪੁੱਜੇ ਸਨ ਅਤੇ ਆਪਸ ਵਿਚ ਖੁੱਲ੍ਹੀ ਗੱਲਬਾਤ ਹੋਈ ਹੈ।

ਦੱਸਣਯੋਗ ਹੈ ਕਿ ਬੀਤੇ ਦਿਨ ਇੱਥੇ ਭਾਈ ਗੁਰਦਾਸ ਹਾਲ 'ਚ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਬ੍ਰਹਮਪੁਰਾ ਦੇ ਸਮਰਥਕ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਬੰਦ ਕਮਰਾ ਮੀਟਿੰਗ ਵੀ ਕੀਤੀ ਸੀ। ਮੀਟਿੰਗ ਦੌਰਾਨ ਉਨ੍ਹਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਸ੍ਰੀ ਬ੍ਰਹਮਪੁਰਾ ਦੀ ਨਾਰਾਜ਼ਗੀ ਦੂਰ ਕਰਨ ਤੇ ਮਨਾਉਣ ਵਾਸਤੇ ਵੀ ਆਖਿਆ ਸੀ। ਇਸ ਤੋਂ ਪਹਿਲਾਂ ਪਾਰਟੀ ਬੁਲਾਰੇ ਅਤੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਸ੍ਰੀ ਬ੍ਰਹਮਪੁਰਾ ਦੇ ਘਰ ਗਏ ਸਨ ਪਰ ਉਨ੍ਹਾਂ ਆਪਣਾ ਅਸਤੀਫਾ ਵਾਪਸ ਲੈਣ ਤੋਂ ਨਾਂਹ ਕਰ ਦਿੱਤੀ ਸੀ। ਸ੍ਰੀ ਢੀਂਡਸਾ ਤੋਂ ਬਾਅਦ ਰਣਜੀਤ ਸਿੰਘ ਬ੍ਰਹਮਪੁਰਾ ਨੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਮੌਕੇ ਉਨ੍ਹਾਂ ਨਾਲ ਪ੍ਰੋ. ਵਿਰਸਾ ਸਿੰਘ ਵਲਟੋਹਾ, ਹਰਮੀਤ ਸਿੰਘ ਸੰਧੂ, ਮਨਜੀਤ ਸਿੰਘ ਮੰਨਾ (ਸਾਰੇ ਸਾਬਕਾ ਵਿਧਾਇਕ) ਤੇ ਹੋਰ ਆਗੂ ਹਾਜ਼ਰ ਸਨ।

ਉਧਰ ਨਾਰਾਜ਼ ਟਕਸਾਲੀ ਅਕਾਲੀ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਤੇ ਡਾ. ਰਤਨ ਸਿੰਘ ਅਜਨਾਲਾ ਨੇ ਆਖਿਆ ਕਿ ਸੰਨ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਜਦੋਂ ਪਾਰਟੀ ਦੀ ਨਮੋਸ਼ੀ ਭਰੀ ਹਾਰ ਹੋਈ ਸੀ, ਤਾਂ ਉਸ ਵੇਲੇ ਹੀ ਸੁਖਬੀਰ ਸਿੰਘ ਬਾਦਲ ਨੂੰ ਆਪਣੀ ਨੈਤਿਕ ਜ਼ਿੰਮੇਵਾਰੀ ਕਬੂਲਦਿਆਂ ਪਾਰਟੀ ਪ੍ਰਧਾਨ ਦਾ ਅਹੁਦਾ ਛੱਡ ਦੇਣਾ ਚਾਹੀਦਾ ਸੀ। ਇੱਥੇ ਟੀਵੀ ਚੈਨਲ ਨਾਲ ਕੀਤੀ ਗੱਲਬਾਤ ਮਗਰੋਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ 'ਚ ਸ੍ਰੀ ਬ੍ਰਹਮਪੁਰਾ ਨੇ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦੇ ਮੀਡੀਆ ਸਲਾਹਕਾਰ ਦਮਨਜੀਤ ਸਿੰਘ ਨੇ ਇਸ ਦੀ ਪੁਸ਼ਟੀ ਕੀਤੀ ਹੈ। ਸ੍ਰੀ ਬ੍ਰਹਮਪੁਰਾ ਨੇ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੇ ਕਹਿਣ 'ਤੇ ਪ੍ਰਧਾਨਗੀ ਛੱਡਣ ਦੇ ਦਿੱਤੇ ਬਿਆਨ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਨੂੰ ਜੋ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਉਹ ਪਾਰਟੀ ਦੀਆਂ ਕੁਝ ਨੀਤੀਆਂ ਕਾਰਨ ਹੋਇਆ ਹੈ। ਪਿਛਲੇ ਪੰਜ ਸਾਲਾਂ ਦੌਰਾਨ ਕਈ ਅਜਿਹੇ ਫ਼ੈਸਲੇ ਕੀਤੇ ਗਏ, ਜਿਸ ਲਈ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਨਹੀਂ ਪੁੱਛਿਆ ਗਿਆ।

ਇਸੇ ਦੌਰਾਨ ਸਾਬਕਾ ਮੰਤਰੀ ਸੇਵਾ ਸਿੰਘ ਸੇਖਵਾਂ ਨੇ ਆਖਿਆ ਕਿ ਜੇਕਰ ਸੁਖਬੀਰ ਸਿੰਘ ਬਾਦਲ ਨੇ ਇਹ ਵਿਚਾਰ ਦਿਲੋਂ ਪ੍ਰਗਟਾਏ ਹਨ ਤਾਂ ਉਹ ਇਨ੍ਹਾਂ ਦਾ ਸਵਾਗਤ ਕਰਦੇ ਹਨ। ਇਹ ਫ਼ੈਸਲਾ ਪਾਰਟੀ ਦੇ ਹਿੱਤ 'ਚ ਹੋਵੇਗਾ। ਸਾਬਕਾ ਸੰਸਦ ਮੈਂਬਰ ਅਤੇ ਸੀਨੀਅਰ ਆਗੂ ਡਾ. ਰਤਨ ਸਿੰਘ ਅਜਨਾਲਾ ਨੇ ਆਖਿਆ ਕਿ ਸੁਖਬੀਰ ਸਿੰਘ ਬਾਦਲ ਨੂੰ ਸੰਨ 2017 ਵਿਧਾਨ ਸਭਾ ਚੋਣਾਂ ਵਿੱਚ ਹੋਈ ਹਾਰ ਤੋਂ ਬਾਅਦ ਖੁਦ ਹੀ ਅਸਤੀਫਾ ਦੇ ਦੇਣਾ ਚਾਹੀਦਾ ਸੀ। ਉਸ ਵੇਲੇ ਪਾਰਟੀ ਦੇ ਕੁਝ ਸੀਨੀਅਰ ਆਗੂਆਂ ਨੇ ਇਸ ਸਬੰਧੀ ਪਾਰਟੀ ਮੰਚ 'ਤੇ ਆਪਣਾ ਵਿਚਾਰ ਵੀ ਰੱਖਿਆ ਸੀ ਪਰ ਉਸ ਵੇਲੇ ਇਸ ਗੱਲ ਨੂੰ ਅਣਦੇਖਿਆਂ ਕਰ ਦਿੱਤਾ ਗਿਆ। ਉਨ੍ਹਾਂ ਆਖਿਆ ਕਿ ਉਹ ਤੇ ਬਾਕੀ ਸੀਨੀਅਰ ਆਗੂ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨਾਲ ਗੱਲਬਾਤ ਕਰਨ ਲਈ ਤਿਆਰ ਹਨ।

ਮਾਝੇ ਵਿੱਚ ਬਾਗੀਆਂ ਦਾ ਕਾਫ਼ਲਾ : ਪਾਰਟੀ ਦੇ ਇੱਕ ਸੀਨੀਅਰ ਆਗੂ ਨੇ ਦੱਸਿਆ ਕਿ ਮਾਝੇ ਵਿੱਚ ਬਾਗੀਆਂ ਦਾ ਕਾਫ਼ਲਾ ਵੱਧਦਾ ਜਾ ਰਿਹਾ ਹੈ। ਪਿਛਲੇ ਦਿਨਾਂ ਦੌਰਾਨ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਵੱਲੋਂ ਆਪਣੇ ਗ੍ਰਹਿ ਵਿਖੇ

ਬਾਕੀ ਸਫ਼ਾ 30 'ਤੇ

# ਅਕਾਲੀ ਆਗੂ ਮਨਜੀਤ ਸਿੰਘ ਜੀਕੇ. 'ਤੇ 51 ਲੱਖ ਡਕਾਰਨ ਦੇ ਗੰਭੀਰ ਦੋਸ਼

- **ਦਿੱਲੀ ਕਮੇਟੀ ਕਰਜ਼ਾਈ ਹੋਈ**
- **ਦਿੱਲੀ ਪੁਲਿਸ ਕਰ ਰਹੀ ਹੈ ਜੀਕੇ ਵਿਰੁੱਧ ਜਾਂਚ**
- **ਦਿੱਲੀ ਕਮੇਟੀ ਦੇ ਮੈਂਬਰ ਸ਼ੰਟੀ ਨੇ ਪੁਲੀਸ 'ਚ ਸ਼ਿਕਾਇਤ ਦਰਜ ਕਰਾਈ**
- **ਸ਼ੰਟੀ ਨੇ ਸੁਖਬੀਰ ਬਾਦਲ ਕੋਲ ਵੀ ਸ਼ਿਕਾਇਤ ਕੀਤੀ**
- **ਜੀਕੇ ਨੇ ਦੋਸ਼ ਨਕਾਰੇ**



**ਨਵੀਂ ਦਿੱਲੀ/ਬਿਊਰੋ ਨਿਊਜ਼ :** ਪਿਛਲੇ ਦਿਨੀਂ ਮੀਡੀਆ ਵਲੋਂ ਇਸ ਖ਼ਬਰ ਨੂੰ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤਾ ਗਿਆ ਸੀ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਿਵਾਲੀਆ ਹੋਣ ਦੀ ਕਗਾਰ ਉਤੇ ਹੈ ਤੇ ਬੈਂਕਾਂ ਵਲੋਂ ਕਰਜ਼ਾ ਦੇਣ ਤੋਂ ਇਨਕਾਰ ਕਰਨ ਤੋਂ ਬਾਅਦ ਹੁਣ ਇਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਕਰੋੜਾਂ ਰੁਪਏ ਦੇ ਕਰਜ਼ੇ ਦੀ ਮੰਗ ਕੀਤੀ ਹੈ। ਜਿਉਂ ਹੀ ਇਹ ਖ਼ਬਰ ਸੋਸ਼ਲ ਮੀਡੀਆ ਤੇ ਵਾਇਰਲ ਹੋਈ, ਹਰ ਕੋਈ ਇਹ ਸੋਚ ਕੇ ਕੰਨ ਖੁਰਕਣ ਨੂੰ ਮਜਬੂਰ ਹੋ ਗਿਆ ਕਿ ਆਖਰ ਗੜਬੜ ਕਿੱਥੇ ਹੈ ? ਕਿਉਂਕਿ ਸਾਰਿਆਂ ਨੂੰ ਇਹ ਪਤਾ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਦਰਜਨਾਂ ਦੀ ਤਦਾਦ ਵਿੱਚ ਦਿੱਲੀ ਵਰਗੇ ਸ਼ਹਿਰ ਅੰਦਰ ਵੱਡੇ ਵੱਡੇ ਸਕੂਲ ਅਤੇ ਹੋਰ ਅਦਾਰਿਆਂ ਤੋਂ ਇਲਾਵਾ ਇਹ ਪ੍ਰਬੰਧਕ ਕਮੇਟੀ ਕਈ ਅਜਿਹੇ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲ ਰਹੀ ਹੈ ਜਿੱਥੇ ਸਿੱਖ ਸ਼ਰਧਾਲੂ ਗੁਰੂ ਦੀ ਗੋਲਕ ਵਿੱਚ ਹਰ ਰੋਜ਼ ਲੱਖਾਂ ਰੁਪਏ ਦੀ ਭੇਟਾ ਚੜ੍ਹਾਉਂਦੇ ਹਨ ਪਰ ਇਸ ਦੇ ਬਾਵਜੂਦ ਇਹ ਕਮੇਟੀ ਦਿਵਾਲੀਆ ਕਿਵੇਂ ਹੋ ਸਕਦੀ ਹੈ ?

ਅਜੇ ਸੰਗਤ ਇਨ੍ਹਾਂ ਸਵਾਲਾਂ ਦੇ ਵਾਵਰੋਲੇ ਦੇ ਅੰਦਰ ਘੁੰਮ ਘੁਮੇਰੀਆਂ ਖਾ ਹੀ ਰਹੇ ਸਨ ਕਿ ਇੰਨੇ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਸਾਬਕਾ ਜਨਰਲ ਸਕੱਤਰ ਗੁਰਮੀਤ ਸਿੰਘ ਸ਼ੰਟੀ ਨੇ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. 'ਤੇ ਗੁਰੂ ਦੀ ਗੋਲਕ ਵਿੱਚੋਂ 51 ਲੱਖ ਰੁਪਏ ਡਕਾਰ ਜਾਣ ਦਾ ਇਲਜ਼ਾਮ ਲਗਾ ਕੇ ਇਸ ਵਿਰੁੱਧ ਨਾਰਥ ਐਵਨਿਊ ਪੁਲਿਸ ਥਾਣੇ ਵਿੱਚ ਇੱਕ ਸ਼ਿਕਾਇਤ ਦਰਜ ਕਰਵਾਈ ਹੈ। ਦਿੱਲੀ ਪੁਲਿਸ ਹੁਣ ਸ਼ੰਟੀ ਵਲੋਂ ਦਰਜ ਕਰਵਾਈ ਗਈ ਡੀ.ਡੀ.ਆਰ. 11 ਦੇ ਆਧਾਰ ਤੇ ਗਬਨ ਦੇ ਇਸ ਮਾਮਲੇ ਦੀ ਜਾਂਚ ਵਿੱਚ ਜੁੱਟ ਗਈ ਹੈ।

ਗੁਰਮੀਤ ਸਿੰਘ ਸ਼ੰਟੀ ਵਲੋਂ ਦਰਜ ਕਰਵਾਈ ਗਈ ਇਸ ਸ਼ਿਕਾਇਤ ਵਿੱਚ ਉਨ੍ਹਾਂ ਨੇ ਦੋਸ਼ ਲਾਇਆ ਹੈ ਕਿ ਜੀ.ਕੇ. ਵਲੋਂ ਕੀਤਾ ਗਿਆ ਇਹ ਘਪਲਾ ਕੋਈ ਪਹਿਲਾ ਘਪਲਾ ਨਹੀਂ ਉਹ ਇਸ ਤੋਂ ਪਹਿਲਾਂ ਵੀ ਕਈ ਘਪਲੇ ਕਰ ਚੁੱਕੇ ਹਨ ਜਿਨ੍ਹਾਂ ਵਿਚੋਂ ਤਿੰਨ ਅਜਿਹੇ ਘਪਲਿਆਂ ਦੇ ਸਬੂਤ ਉਨ੍ਹਾਂ ਕੋਲ ਮੌਜੂਦ ਹਨ। ਸ਼ੰਟੀ ਅਨੁਸਾਰ ਉਨ੍ਹਾਂ ਨੇ ਇਨ੍ਹਾਂ ਘਪਲਿਆਂ ਦੀ ਸ਼ਿਕਾਇਤ ਭਾਰਤ ਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ, ਦਿੱਲੀ ਸਰਕਾਰ, ਵਿੱਤ ਮੰਤਰੀ ਅਰੁਣ ਜੇਤਲੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਇਲਾਵਾ ਦਿੱਲੀ ਪੁਲਿਸ ਨੂੰ ਵੀ ਲਿਖਤੀ ਤੌਰ 'ਤੇ ਦਿੱਤੀ ਹੈ।

ਸ਼ੰਟੀ ਵਲੋਂ 21 ਅਕਤੂਬਰ 2018 ਨੂੰ ਥਾਣੇ ਵਿੱਚ ਕਰਵਾਈ ਗਈ ਇਸ ਸ਼ਿਕਾਇਤ ਦੇ ਨਾਲ ਕਈ ਅਜਿਹੇ ਸਬੂਤ ਨੱਥੀ ਕੀਤੇ ਹਨ ਜਿਸ ਬਾਰੇ ਸ਼ੰਟੀ ਦਾ ਇਹ ਦਾਅਵਾ ਹੈ ਕਿ ਇਨ੍ਹਾਂ ਸਬੂਤਾਂ ਦੇ ਆਧਾਰ ਤੇ ਜੀ.ਕੇ. ਨੂੰ ਘਪਲੇਬਾਜ਼ ਸਾਬਤ ਕਰਨਾ ਕੋਈ ਔਖਾ ਨਹੀਂ ਹੈ। ਗੁਰਮੀਤ ਸਿੰਘ ਸ਼ੰਟੀ ਇੱਥੇ ਹੀ ਨਹੀਂ ਰੁਕੇ ਉਨ੍ਹਾਂ ਨੇ ਇਸ ਗੋਲਕ ਲੁੱਟ ਮਾਮਲੇ ਦੀ ਸ਼ਿਕਾਇਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਕੀਤੀ ਹੈ ਜਿਸ ਵਿਚ ਸ਼ੰਟੀ ਨੇ ਕਿਹਾ ਹੈ ਕਿ ਇਹ ਮੰਨਿਆ ਜਾ ਸਕਦਾ ਹੈ ਕਿ ਜੀ.ਕੇ. ਤਾਂ ਇਸ ਮਾਮਲੇ ਵਿਚ ਮੁਲਜ਼ਮ ਹਨ ਇਸ ਲਈ ਉਨ੍ਹਾਂ ਨੇ ਤਾਂ ਕਿਸੇ ਨੂੰ ਕੀ ਸਫਾਈ ਦੇਣੀ ਹੈ ਪਰ ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਇੰਨਾ ਕੁਝ ਹੋ ਜਾਣ ਦੇ ਬਾਵਜੂਦ ਕਮੇਟੀ ਦੇ ਬਾਕੀ ਮੈਂਬਰ ਤੇ ਅਹੁਦੇਦਾਰਾਂ ਨੇ ਵੀ ਚੁੱਪੀ ਸਾਧੀ ਹੋਈ ਹੈ। ਉਨ੍ਹਾਂ ਮੰਗ ਕੀਤੀ ਕਿ ਜੀ.ਕੇ. ਦੇ ਪ੍ਰਧਾਨ ਰਹਿੰਦਿਆਂ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਸਾਰੇ ਖਾਤਿਆਂ ਨੂੰ ਜਨਤਕ ਕੀਤਾ ਜਾਵੇ ਤਾਂ ਕਿ ਸਿੱਖ ਸੰਗਤ ਇਨ੍ਹਾਂ ਮਾਮਲਿਆਂ ਦਾ ਅਸਲ ਸੱਚ ਜਾਣ ਸਕੇ। ਇਨ੍ਹਾਂ ਕਥਿਤ ਘਪਲਿਆਂ ਦਾ ਵਿਸਥਾਰ ਦਿੰਦਿਆਂ ਗੁਰਮੀਤ ਸਿੰਘ ਸ਼ੰਟੀ ਨੇ ਦਾਅਵਾ ਕੀਤਾ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਮਤਿ ਦੇ ਪ੍ਰਚਾਰ ਲਈ ਇਹ ਦਾਅਵਾ ਕੀਤਾ ਸੀ ਕਿ ਉਨ੍ਹਾਂ ਵਲੋਂ ਕੁੱਲ 82000 ਧਾਰਮਿਕ ਕਿਤਾਬਾਂ ਛਪਵਾਈਆਂ ਗਈਆਂ ਹਨ ਪਰ ਅਸਲ ਵਿੱਚ ਇਹ ਕਿਤਾਬਾਂ ਕਿਤੇ ਨਹੀਂ ਛਪੀਆਂ ਤੇ ਲੱਖਾਂ ਰੁਪਏ ਅਜਿਹੇ ਢੰਗ ਨਾਲ ਖਾਧੇ ਗਏ ਕਿ ਇਨ੍ਹਾਂ ਕਿਤਾਬਾਂ ਦੇ ਪੈਸਿਆਂ ਨੂੰ ਹਜ਼ਮ ਕਰਨ ਤੋਂ ਬਾਅਦ ਆਉਣ ਵਾਲੇ ਡਕਾਰ ਦੀ ਆਵਾਜ਼ ਵੀ ਨਹੀਂ ਨਿਕਲੀ। ਇਸ ਸਬੰਧੀ ਪੱਤਰਕਾਰ ਸੰਮੇਲਨ ਦੌਰਾਨ ਉਨ੍ਹਾਂ ਨੇ ਇੱਕ ਆਡੀਓ ਟੇਪ ਵੀ ਜਾਰੀ ਕੀਤਾ ਜਿਸ ਸਬੰਧੀ ਸ਼ੰਟੀ ਦਾ ਇਹ ਦਾਅਵਾ ਹੈ ਕਿ ਇਸ ਟੇਪ ਵਿੱਚ ਗੁਰਮਤਿ ਪ੍ਰਚਾਰ ਸਬੰਧੀ ਕਿਤਾਬਾਂ ਛਾਪਣ ਨਾਲ ਸਬੰਧਿਤ ਫਰਜ਼ੀ ਬਿਲ ਬਣਾਏ ਜਾਣ ਦੀ ਗੱਲ ਆਖੀ ਗਈ ਹੈ। ਸ਼ੰਟੀ ਅਨੁਸਾਰ ਇਸ ਟੇਪ ਵਿੱਚ ਕਿਤਾਬਾਂ ਛਾਪਣ ਵਾਲੇ ਸ਼ਖ਼ਸ ਜੋਗਿੰਦਰ ਸਿੰਘ ਇਹ ਮੰਨ ਰਹੇ ਹਨ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲਿਆਂ ਨੇ ਉਨ੍ਹਾਂ ਤੋਂ ਲੱਖਾਂ ਰੁਪਏ ਦਾ ਲੈਣ ਦੇਣ ਕਰਕੇ ਫਰਜ਼ੀ ਬਿਲ ਬਣਵਾਏ ਹਨ। ਸ਼ੰਟੀ ਨੇ ਇਹ ਵੀ ਦੋਸ਼ ਲਾਇਆ ਕਿ ਇਸ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਇੱਕ ਅਜਿਹੀ ਕੰਪਨੀ (ਰੇਨਬੀ ਕਲਾਥਿੰਗ ਪ੍ਰਾ. ਲਿ.) ਨੂੰ ਕੱਪੜੇ ਸਪਲਾਈ ਕਰਨ ਸਬੰਧੀ ਠੇਕਾ ਦੇ ਦਿੱਤਾ ਜੋ ਕਿ ਬਲੈਕ ਲਿਸਟਿਡ ਹੈ ਤੇ ਹੱਦ ਤਾਂ ਇੱਥੇ ਹੋ ਗਈ ਕਿ ਇਸ ਕੰਪਨੀ ਨੂੰ ਕੱਪੜੇ ਸਪਲਾਈ ਕਰਨ ਸਬੰਧੀ ਭੁਗਤਾਨ ਵੀ ਕਰ ਦਿੱਤਾ ਗਿਆ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਇਹ ਕੰਪਨੀ ਮਨਜੀਤ ਸਿੰਘ ਜੀ.ਕੇ. ਦੇ ਜਵਾਈ ਦੀ ਹੈ ਜੋ ਕਿ ਉਨ੍ਹਾਂ ਦੇ ਆਪਣੇ ਘਰ ਦੇ ਪਤੇ ਤੇ ਰਜਿਸਟਰਡ ਹੈ। ਸ਼ੰਟੀ ਇਹ ਸਵਾਲ ਕਰਦੇ ਹਨ ਕਿ ਜਿਹੜੀ ਕੰਪਨੀ ਸਾਲ 2015 ਵਿੱਚ ਬੰਦ ਹੋ ਚੁੱਕੀ ਹੈ ਉਸ ਨੂੰ 2017-18 ਵਿੱਚ ਭੁਗਤਾਨ ਕਿਵੇਂ ਕੀਤਾ ਜਾ ਸਕਦਾ ਹੈ, ਜਦਕਿ ਡੀ.ਐਸ.ਜੀ.ਐਮ.ਸੀ. ਦੇ ਸੰਵਿਧਾਨ ਅਨੁਸਾਰ ਕਮੇਟੀ ਨਾਲ ਸਬੰਧਿਤ ਕਿਸੇ ਵੀ ਵਿਅਕਤੀ ਦੇ ਪਰਿਵਾਰਕ ਮੈਂਬਰ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਈ ਕਾਰੋਬਾਰ ਨਹੀਂ ਕਰ ਸਕਦੀ। ਇਸ ਸਾਰੇ ਰੇੜਕੇ ਸਬੰਧੀ ਜਦੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨਾਲ ਗੱਲ ਕਰਨੀ ਚਾਹੀ ਤਾਂ ਕਮੇਟੀ ਦੇ ਬੁਲਾਰੇ ਪਰਮਿੰਦਰਪਾਲ ਸਿੰਘ ਦਾ ਕਹਿਣਾ ਸੀ ਕਿ ਕਿਉਂਕਿ ਇਸ ਮਾਮਲੇ ਦੀ ਜਾਂਚ ਨਾਰਥ ਐਵੇਨਿਊ ਥਾਣਾ ਪੁਲਿਸ ਕਰ ਰਹੀ ਹੈ, ਲਿਹਾਜ਼ਾ ਪਹਿਲਾਂ ਉਨ੍ਹਾਂ ਦੀ ਜਾਂਚ ਖਤਮ ਹੋ ਜਾਵੇ ਤੇ ਜੇਕਰ ਜਾਂਚ ਵਿੱਚ ਕੋਈ ਦੋਸ਼ੀ ਪਾਇਆ ਗਿਆ ਤਾਂ ਉਸ ਖਿਲਾਫ਼ ਕਾਰਵਾਈ ਹੋਣੀ ਤਹਿ ਹੈ। ਦੂਸਰੇ ਪਾਸੇ ਜੀਕੇ ਦਾ ਕਹਿਣਾ ਹੈ ਕਿ ਉਨ੍ਹਾਂ ਕੋਈ ਅਪਰਾਧ ਜਾਂ ਘਪਲਾ ਨਹੀਂ ਕੀਤਾ।

# ਡਰੱਗ ਦੇ ਮਾਮਲਿਆਂ 'ਤੇ ਬੀਐਸਐਫ ਨੇ ਪੰਜਾਬ ਪੁਲੀਸ ਨੂੰ ਕਟਹਿਰੇ 'ਚ ਖੜ੍ਹਾ ਕੀਤਾ

- ਕਿਹਾ ਪੰਜਾਬ ਪੁਲਿਸ ਨਸ਼ਾ ਤਸਕਰਾਂ ਦਾ ਨਿਯਮਿਤ ਫੀਡਬੈਕ ਨਹੀਂ ਦਿੰਦੀ ਤੇ ਸਰਹੱਦੀ ਕਿਸਾਨ ਡਰੱਗ ਸਮਗਲਿੰਗ 'ਚ ਸ਼ਾਮਲ
- ਗ੍ਰਿਫ਼ਤਾਰ ਕੀਤੇ ਗਏ ਤਸਕਰਾਂ ਤੇ ਉਨ੍ਹਾਂ ਦੀ ਪੁੱਛਗਿੱਛ ਦੌਰਾਨ ਮਿਲੀ ਜਾਣਕਾਰੀ ਸਾਨੂੰ ਦਿੱਤੀ ਜਾਵੇ : ਸੰਦੀਪ ਸਲੁੰਕੇ
- ਸਰਹੱਦੀ ਕਿਸਾਨ ਆਗੂਆਂ ਨੇ ਕਿਹਾ ਬੀਐਸਐਫ ਕਿਸਾਨਾਂ 'ਤੇ ਝੂਠੇ ਦੋਸ਼ ਲਗਾ ਰਹੀ ਹੈ
- ਪੰਜਾਬ ਪੁਲੀਸ ਨੇ ਕਿਹਾ ਕਿ ਉਹ ਹਰ ਜਾਣਕਾਰੀ ਬੀਐਸਐਫ ਨੂੰ ਮੰਗਣ 'ਤੇ ਦੇ ਰਹੀ ਹੈ



**ਅੰਮ੍ਰਿਤਸਰ/ਬਿਊਰੋ ਨਿਊਜ਼ :**
ਹੁਣੇ ਜਿਹੇ ਡਰੱਗ ਦੇ ਮਾਮਲਿਆਂ 'ਤੇ ਬੀਐਸਐਫ ਨੇ ਪੰਜਾਬ ਪੁਲੀਸ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਹੈ। ਬੀਐਸਐਫ ਨੇ ਕਿਹਾ ਹੈ ਕਿ ਸੂਬੇ ਦੀ ਪੁਲਿਸ ਸਰਹੱਦ 'ਤੇ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਪੁੱਛ-ਪੜਤਾਲ ਤੋਂ ਬਾਅਦ ਉਨ੍ਹਾਂ ਨੂੰ "ਨਿਯਮਿਤ ਫੀਡਬੈਕ" ਨਹੀਂ ਦਿੰਦੀ। ਬੀਐਸਐਫ ਦਾ ਇਹ ਵੀ ਕਹਿਣਾ ਹੈ ਕਿ ਜੁਗਾੜ ਜਾਂ ਨਵੇਂ-ਨਵੇਂ ਤਰੀਕਿਆਂ ਦੀ ਕਾਢ ਕਰਨ ਵਾਲੇ ਕਿਸਾਨਾਂ ਕਰਕੇ ਨਸ਼ੇ ਦੀ ਤਸਕਰੀ ਕਰਨ ਵਾਲੇ ਕਿਸਾਨ ਭਾਰਤ-ਪਾਕਿਸਤਾਨ ਸਰਹੱਦ 'ਤੇ ਨਸ਼ਾ ਰੋਕਣ ਵਿੱਚ ਇੱਕ ਵੱਡੀ ਚੁਨੌਤੀ ਬਣੇ ਹੋਏ ਹਨ। ਬੀਐਸਐਫ ਨੇ ਭਾਰਤ ਸਰਕਾਰ ਤੋਂ ਮੰਗ ਵੀ ਕੀਤੀ ਹੈ ਕਿ ਉਨ੍ਹਾਂ ਨੂੰ ਇਲੈਕਟ੍ਰੋਨਿਕ ਸਰਵੇਲੈਂਸ ਦਾ ਹੱਕ ਦਿੱਤਾ ਜਾਵੇ। ਇਸ ਵਿੱਚ ਟੈਲੀਫ਼ੋਨ ਤੇ ਮੋਬਾਈਲ ਫ਼ੋਨ ਦੋਹਾਂ 'ਤੇ ਨਿਗਰਾਨੀ ਵੀ ਸ਼ਾਮਲ ਹਨ। 'ਪੰਜਾਬ ਵਿੱਚ ਡਰੱਗ ਸਮਗਲਿੰਗ' ਦੇ ਸਿਰਲੇਖ ਵਾਲੀ ਬੀਐਸਐਫ ਦੇ ਡਾਇਰੈਕਟੋਰੇਟ ਜਨਰਲ (ਓਪਰੇਸ਼ਨ ਡਾਇਰੈਕਟੋਰੇਟ) ਦੀ ਇਸ ਤਿੰਨ ਪੰਨਿਆਂ ਦੀ ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ ਉਹ ਉਮੀਦ ਕਰਦੇ ਹਨ ਕਿ ਪੰਜਾਬ ਪੁਲਿਸ ਉਨ੍ਹਾਂ ਨਾਲ ਪੰਜਾਬ ਵਿੱਚ ਨਸ਼ਾ ਤਸਕਰਾਂ ਦੇ ਪੂਰੇ ਨੈੱਟਵਰਕ ਦੀ ਜਾਣਕਾਰੀ ਸਾਂਝੀ ਕਰੇਗੀ। ਇਸ ਜਾਣਕਾਰੀ ਨਾਲ ਉਹ ਕਾਰਵਾਈ ਲਈ ਬਿਹਤਰ ਯੋਜਨਾਵਾਂ ਤਿਆਰ ਕਰ ਸਕਦੇ ਹਨ।

### ਕਿਸਾਨਾਂ ਨੇ ਕੀਤਾ ਇਨਕਾਰ

ਸੂਬੇ ਦੇ ਕਿਸਾਨ ਸੰਘਰਸ਼ ਕਮੇਟੀ ਦੇ ਕਨਵੀਨਰ ਕੰਵਲਜੀਤ ਸਿੰਘ ਇਸ ਨੂੰ ਕਿਸਾਨਾਂ ਨੂੰ ਬਦਨਾਮ ਕਰਨ ਦੀ ਸਾਜਿਸ਼ ਕਰਾਰ ਦੇ ਰਹੇ ਹਨ। ਉਨ੍ਹਾਂ ਕਿਹਾ, "ਨਸ਼ੇ ਦੀ ਤਸਕਰੀ ਕਿਸਾਨ ਨਹੀਂ ਪੁਲਿਸ ਤੇ ਬੀਐਸਐਫ ਅਧਿਕਾਰੀ ਕਰਵਾਉਂਦੇ ਹਨ ਤੇ ਸਰਕਾਰ ਜਦੋਂ ਤੱਕ ਨਾ ਚਾਹੇ, ਉਦੋਂ ਤੱਕ ਨਾ ਤਾਂ ਪੁਲਿਸ ਅਤੇ ਨਾ ਹੀ ਬੀਐਸਐਫ਼ ਨਸ਼ੇ ਦੀ ਤਸਕਰੀ ਰੋਕ ਸਕਦੀ ਹੈ।"
ਵਧ ਰਹੇ ਆਪਰੇਸ਼ਨ : ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਹਨਾਂ ਚੁਣੌਤੀਆਂ ਦੇ ਬਾਵਜੂਦ ਨਸ਼ਾ ਤਸਕਰਾਂ ਨੂੰ ਨਕੇਲ ਪਾਉਣ ਅਤੇ ਨਸ਼ਾ ਫੜਨ ਲਈ ਪੰਜਾਬ ਪੁਲਿਸ ਨਾਲ ਸਾਂਝੇ ਤੌਰ 'ਤੇ ਚਲਾਏ ਜਾ ਰਹੇ ਆਪਰੇਸ਼ਨ ਵਿੱਚ ਬੀਤੇ ਕੁੱਝ ਸਾਲਾਂ ਵਿੱਚ ਵਾਧਾ ਦੇਖਣ ਨੂੰ ਮਿਲਿਆ ਹੈ।
ਸਾਲ 2016 ਵਿੱਚ ਤਿੰਨ ਓਪਰੇਸ਼ਨ ਚਲਾਏ ਗਏ ਸਨ, ਜਦੋਂਕਿ ਇਹ ਅੰਕੜਾ ਸਾਲ 2017 ਵਿੱਚ ਵੱਧ ਕੇ 16 ਹੋ ਗਿਆ ਹੈ। ਇਸ ਸਾਲ ਜੁਲਾਈ ਦੇ ਮਹੀਨੇ ਤੱਕ 17 ਸਾਂਝੇ ਆਪਰੇਸ਼ਨਾਂ ਨੂੰ ਅੰਜਾਮ ਦਿੱਤਾ ਜਾ ਚੁੱਕਾ ਹੈ ਅਤੇ ਨਤੀਜੇ ਵਜੋਂ 67 ਕਿੱਲੋ ਹੈਰੋਇਨ ਵੀ ਫੜੀ ਗਈ ਹੈ।

### ਮੁੱਖ ਮੰਤਰੀ ਦੇ ਪੱਤਰ ਤੋਂ ਬਾਅਦ ਰਿਪੋਰਟ

ਬੀਐਸਐਫ ਵਲੋਂ ਇਹ ਰਿਪੋਰਟ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੁਆਰਾ ਕੇਂਦਰੀ ਗ੍ਰਹਿ ਮੰਤਰੀ ਨੂੰ ਜੁਲਾਈ ਦੇ ਮਹੀਨੇ ਵਿੱਚ ਭੇਜੇ ਗਏ ਪੱਤਰ ਤੋਂ ਬਾਅਦ ਭੇਜੀ ਗਈ ਹੈ। ਪੱਤਰ ਵਿਚ ਮੁੱਖ ਮੰਤਰੀ ਨੇ ਆਖਿਆ ਸੀ ਕਿ, "ਪੰਜਾਬ ਸਰਕਾਰ ਲਗਾਤਾਰ ਬੀਐਸਐਫ ਨਾਲ ਖੁਫੀਆ ਜਾਣਕਾਰੀ ਸਾਂਝੀ ਕਰਦੀ ਆ ਰਹੀ ਹੈ, ਫਿਰ ਵੀ ਸਰਹੱਦ 'ਤੇ ਨਸ਼ੇ ਦੀ ਤਸਕਰੀ ਲਗਾਤਾਰ ਜਾਰੀ ਹੈ। ਕੈਪਟਨ ਨੇ ਇਹ ਵੀ ਕਿਹਾ ਸੀ ਕਿ ਬੀਐਸਐਫ ਨੂੰ ਪ੍ਰਭਾਵੀ ਤੌਰ 'ਤੇ ਇਹ ਸਭ ਰੋਕਣ ਲਈ ਕੁੱਝ ਕਦਮ ਚੁੱਕਣ ਦੀ ਲੋੜ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੂੰ ਸੌਂਪੀ ਗਈ ਰਿਪੋਰਟ ਮੁਤਾਬਕ, "ਸਾਂਝੇ ਓਪਰੇਸ਼ਨ ਕਰਨ ਲਈ ਬੀਐਸਐਫ ਤੇ ਪੰਜਾਬ ਪੁਲਿਸ ਵਿਚਕਾਰ ਨਿਯਮਿਤ ਤੌਰ 'ਤੇ ਸਹਿਯੋਗ ਦਿੱਤਾ ਜਾ ਰਿਹਾ ਹੈ ਤੇ ਜਾਣਕਾਰੀ ਵੀ ਸਾਂਝੀ ਕੀਤੀ ਜਾ ਰਹੀ ਹੈ। ਹਾਲਾਂਕਿ ਪੰਜਾਬ ਪੁਲਿਸ ਦੁਆਰਾ ਨਸ਼ਾ ਤਸਕਰਾਂ ਦੀ ਪੁੱਛ ਪੜਤਾਲ ਕਰਨ ਤੋਂ ਬਾਅਦ ਕੀ ਸਿੱਟਾ ਨਿਕਲਿਆ, ਇਸ ਬਾਰੇ ਬੀਐਸਐਫ ਨੂੰ ਨਿਯਮਿਤ ਤੌਰ 'ਤੇ ਫੀਡ ਬੈਕ ਨਹੀਂ ਮਿਲ ਰਿਹਾ।"

### ਬੀਐਸਐਫ਼ ਦੇ ਆਈਜੀ ਵਲੋਂ ਭੇਜੀ ਰਿਪੋਰਟ ਵਿੱਚ ਕੀ ਹੈ ?

ਬੀਐਸਐਫ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਹ ਨਸ਼ੇ ਦੀ ਤਸਕਰੀ ਨੂੰ ਰੋਕਣ ਲਈ ਪੰਜਾਬ ਪੁਲਿਸ ਨੂੰ ਆਪਣਾ ਪੂਰਾ ਸਹਿਯੋਗ ਦੇ ਰਹੇ ਹਨ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਬੀਐਸਐਫ਼ ਸਿਰਫ਼ ਕੁਰੀਅਰਜ਼ ਨੂੰ ਹੀ ਗ੍ਰਿਫ਼ਤਾਰ ਕਰ ਪਾਉਂਦੀ ਹੈ, ਪਰ ਨਸ਼ੇ ਤਸਕਰੀ ਦੇ ਰੈਕਟ ਦੇ ਅਸਲੀ ਸਰਗਨਾ ਦੂਰ ਦਰਾਜ਼ ਦੇ ਇਲਾਕਿਆਂ ਤੋਂ ਕੰਮ ਕਰਦੇ ਹਨ। ਰਿਪੋਰਟ ਭੇਜਣ ਵਾਲੇ ਬੀਐਸਐਫ ਦੇ ਆਈ ਜੀ ਸੰਦੀਪ ਸਲੁੰਕੇ ਨੇ ਦੱਸਿਆ ਕਿ ਇਹ ਬਹੁਤ ਜ਼ਰੂਰੀ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਤਸਕਰਾਂ ਅਤੇ ਉਨ੍ਹਾਂ ਦੀ ਪੁੱਛਗਿੱਛ ਦੌਰਾਨ ਮਿਲੀ ਜਾਣਕਾਰੀ ਸਾਨੂੰ ਦਿੱਤੀ ਜਾਵੇ।
ਉੱਧਰ ਪੰਜਾਬ ਪੁਲਿਸ ਦੇ ਨਸ਼ਿਆਂ ਬਾਰੇ ਬਣਾਏ ਗਈ ਖ਼ਾਸ ਫੋਰਸ ਦੇ ਆਈਜੀ ਰਾਜੇਸ਼ ਜੈਸਵਾਲ ਕਹਿੰਦੇ ਹਨ ਕਿ ਇਹ ਬੜਾ ਛੋਟਾ ਮਾਮਲਾ ਹੈ ਤੇ ਸਾਨੂੰ ਇਹ ਜਾਣਕਾਰੀ ਦੇਣ ਵਿੱਚ ਕੋਈ ਹਰਜ ਨਹੀਂ ਹੈ। ਉਨ੍ਹਾਂ ਕਿਹਾ ਕਿ ਬੀਐਸਐਫ ਨੇ ਜੋ ਸਾਡੇ ਕੋਲ ਜਾਣਕਾਰੀ ਮੰਗੀ ਹੈ, ਉਹ ਅਸੀਂ ਦਿੱਤੀ ਹੈ। ਰਿਪੋਰਟ ਵਿਚ ਇਹ ਵੀ ਗੱਲ ਸ਼ਾਮਲ ਕੀਤੀ ਗਈ ਹੈ ਕਿ ਬੀਐਸਐਫ ਨੂੰ ਇਲੈਕਟ੍ਰੋਨਿਕ ਸਰਵੇਲੈਂਸ ਦਾ ਅਧਿਕਾਰ ਨਹੀਂ ਦਿੱਤਾ ਗਿਆ ਹੈ। ਬੀਐਸਐਫ ਨੂੰ ਇਲੈਕਟ੍ਰੋਨਿਕ ਨਿਗਰਾਨੀ ਕਰਨ ਦੇ ਅਧਿਕਾਰ ਦੇਣ ਨਾਲ ਨਸ਼ਾ ਤਸਕਰੀ ਦੇ ਖ਼ਿਲਾਫ਼ ਲੜਨ ਦੀ ਸਮਰੱਥਾ ਜ਼ਰੂਰ ਵਧੇਗੀ।
ਰਿਪੋਰਟ ਅਨੁਸਾਰ, "ਕਿਸਾਨ ਜ਼ੀਰੋ ਲਾਇਨ ਤੱਕ ਜ਼ਮੀਨ 'ਤੇ ਖੇਤੀ ਕਰਦੇ ਹਨ। ਨਿਯਮਿਤ ਕੀਤੀ ਜਾਂਦੀ ਜਾਂਚ ਦੇ ਬਾਵਜੂਦ ਵੀ ਉਹ ਸਰਹੱਦ ਪਾਰ ਤੋਂ ਨਸ਼ਿਆਂ ਦੀ ਤਸਕਰੀ ਕਰਨ ਦੇ ਨਵੇਂ-ਨਵੇਂ ਤਰੀਕੇ ਅਪਣਾਉਂਦੇ ਰਹਿੰਦੇ ਹਨ। ਇਹ ਦੇਖਿਆ ਗਿਆ ਹੈ ਕਿ ਸਰਹੱਦ 'ਤੇ ਕਿਸਾਨ ਟਰਾਲੀਆਂ, ਰੇਹੜੀਆਂ ਤੇ ਕਿਸੇ ਵੀ ਹੋਰ ਚੀਜ਼ ਵਿੱਚ ਨਵੇਂ-ਨਵੇਂ ਤਰੀਕੇ ਕੱਢ ਕੇ ਜਾਂ ਲੁਕਾ ਕੇ ਨਸ਼ੇ ਦੀ ਤਸਕਰੀ ਕਰਦੇ ਰਹੇ ਹਨ।
ਰਿਪੋਰਟ ਮੁਤਾਬਕ ਪੰਜਾਬ ਦੀ ਸਰਹੱਦ ਨਾਲ ਦਰਿਆ ਲਗਦੇ ਹਨ। 10.25 ਕਿੱਲੋਮੀਟਰ ਲੰਬੀ ਸਰਹੱਦ 'ਤੇ 43 ਥਾਵਾਂ'ਤੇ ਕੰਡਿਆਲੀ ਤਾਰ ਅਜੇ ਨਹੀਂ ਲਗਾਈ ਗਈ ਹੈ। ਇਹ ਖੇਤਰ ਜੰਗਲੀ ਝਾੜੀਆਂ ਨਾਲ ਭਰਿਆ ਹੋਇਆ ਹੈ।

## ਪੰਜਾਬ ਦੇ ਜੰਮਿਆਂ ਨੂੰ 'ਆਈਲੈਟਸ' ਦੀਆਂ ਮੁਹਿੰਮਾਂ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਚ ਆਈਲੈਟਸ ਪਾਸ ਕੁੜੀਆਂ ਦੇ ਵਿਆਹ ਵਾਸਤੇ ਚੰਗੇ ਰਿਸ਼ਤਿਆਂ ਦੀਆਂ ਕਤਾਰਾਂ ਲੱਗੀਆਂ ਹਨ। ਇਸ ਪਿੱਛੇ ਵੱਡਾ ਕਾਰਨ ਪੰਜਾਬੀਆਂ ਵਿਚ ਕਿਸੇ ਵੀ ਹੀਲੇ ਵਿਦੇਸ਼ ਜਾਣ ਦਾ ਰੁਝਾਨ ਹੈ। ਪਿਛਲੇ ਸਮੇਂ ਵਿਚ ਇਹ ਰੁਝਾਨ ਹੋਰ ਤੇਜ਼ੀ ਨਾਲ ਵਧਿਆ ਹੈ। ਖ਼ਾਸ ਕਰਕੇ ਨੌਜਵਾਨ ਮੁੰਡੇ-ਕੁੜੀਆਂ ਵੱਡੀ ਗਿਣਤੀ ਵਿਚ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਬਾਹਰਲੇ ਦੇਸ਼ਾਂ 'ਚ ਵਸਣ ਦੀ ਇੱਛਾ ਨੇ ਵਿਆਹਾਂ ਦਾ ਅਰਥ ਹੀ ਬਦਲ ਦਿੱਤਾ ਹੈ। ਇਸ ਵਿਚ ਆਈਲੈਟਸ ਦਾ ਵੱਡਾ ਹੱਥ ਹੈ। ਪੁੱਤਾਂ ਨੂੰ ਬਾਹਰਲੇ ਦੇਸ਼ਾਂ 'ਚ ਭੇਜਣ ਲਈ ਉਤਾਵਲੇ ਮਾਪੇ 'ਆਈਲੈਟਸ' ਵਾਲੀ ਨੂੰਹ ਲੱਭਦੇ ਹਨ। ਹੁਣ ਤਾਂ ਰਿਸ਼ਤਾ ਲੱਭਣ ਵੇਲੇ ਪਹਿਲੀ ਸ਼ਰਤ ਹੀ ਆਈਲੈਟਸ ਦੀ ਰੱਖੀ ਜਾਂਦੀ ਹੈ। ਜੇਕਰ ਵੱਖ ਵੱਖ ਅਖ਼ਬਾਰਾਂ ਵਿਚ ਵਿਆਹਾਂ ਲਈ ਦਿੱਤੇ ਜਾਂਦੇ ਇਸ਼ਤਿਹਾਰਾਂ 'ਤੇ ਨਜ਼ਰ ਮਾਰੀਏ ਤਾਂ ਬਹੁਤੇ ਕੇਸ ਅਜਿਹੇ ਹੁੰਦੇ ਹਨ, ਜਿਨ੍ਹਾਂ ਵਿਚ ਇਹ ਸ਼ਰਤ ਹੁੰਦੀ ਹੈ ਕਿ ਕੁੜੀ ਨੇ ਆਈਲੈਟਸ ਵਿਚੋਂ ਲੋੜੀਂਦੇ ਬੈਂਡ ਪ੍ਰਾਪਤ ਕੀਤੇ ਹੋਣ ਤੇ ਖ਼ਰਚਾ ਮੁੰਡੇ ਵਾਲੇ ਕਰਨਗੇ। ਮਹਿਜ਼ ਇੱਕਾ-ਦੁੱਕਾ ਇਸ਼ਤਿਹਾਰ ਦਿਸਦੇ ਹਨ, ਜਿਨ੍ਹਾਂ ਵਿਚ ਕੁੜੀ ਵਾਲੇ ਆਈਲੈਟਸ ਵਾਲਾ ਮੁੰਡਾ ਭਾਲਦੇ ਹੋਣ। ਮੁੰਡੇ ਦੇ ਆਈਲੈਟਸ 'ਚੋਂ ਲੋੜੀਂਦੇ ਬੈਂਡ ਪ੍ਰਾਪਤ ਕਰਨ ਦੇ ਅਸਮਰੱਥ ਹੋਣ ਕਾਰਨ ਆਈਲੈਟਸ ਦੀ ਸ਼ਰਤ ਰੱਖ ਕੇ ਕੁੜੀ ਲੱਭੀ ਜਾਂਦੀ ਹੈ। ਕੁਝ ਅਜਿਹੇ ਕੇਸ ਵੀ ਹਨ, ਜਿਨ੍ਹਾਂ ਵਿਚ ਆਈਲੈਟਸ ਦੀ ਕੋਚਿੰਗ ਲੈਣ ਵਾਲੀ ਜਾਂ ਪੜ੍ਹੀ-ਲਿਖੀ ਨੂੰਹ ਲਿਆਂਦੀ ਜਾਂਦੀ ਹੈ ਤੇ ਵਿਆਹ ਤੋਂ ਬਾਅਦ ਉਹ ਟੈਸਟ 'ਚੋਂ ਪੂਰੇ ਬੈਂਡ ਨਹੀਂ ਲੈ ਪਾਉਂਦੀ ਜਾਂ ਕੁਝ ਤਕਨੀਕੀ ਕਾਰਨਾਂ ਕਰਕੇ ਵੀਜ਼ਾ ਨਹੀਂ ਲੱਗਦਾ ਤਾਂ ਘਰਾਂ 'ਚ ਝਗੜੇ ਸ਼ੁਰੂ ਹੋ ਜਾਂਦੇ ਹਨ ਤੇ ਅਜਿਹੇ ਮਾਮਲਿਆਂ 'ਚ ਘਰੇਲੂ ਹਿੰਸਾ ਦੇ ਕੇਸ ਵੀ ਦਰਜ ਹੋਏ ਹਨ।
ਅੰਕੜਿਆਂ ਅਨੁਸਾਰ ਪੰਜਾਬੀ ਨੌਜਵਾਨ ਤੇ ਮੁਟਿਆਰਾਂ ਮੌਜੂਦਾ ਸਮੇਂ ਵਿਚ ਸਭ ਤੋਂ ਵੱਧ ਕੈਨੇਡਾ ਨੂੰ ਤਰਜੀਹ ਦੇ ਰਹੇ ਹਨ, ਜਿਸ ਪਿੱਛੇ ਉਥੋਂ ਜਾਣ ਲਈ ਨਰਮ ਸ਼ਰਤਾਂ ਤੇ ਸਾਜ਼ਗਾਰ ਮਾਹੌਲ ਅਹਿਮ ਹਨ। ਸਾਲ 2017 ਵਿਚ ਪੰਜਾਬ ਦੇ ਕਰੀਬ ਡੇਢ ਲੱਖ ਨੌਜਵਾਨ ਸਟੱਡੀ ਵੀਜ਼ਾ 'ਤੇ ਬਾਹਰਲੇ ਦੇਸ਼ਾਂ ਵਿਚ ਗਏ ਹਨ। ਇਨ੍ਹਾਂ ਵਿਚੋਂ ਸਵਾ ਲੱਖ ਨੌਜਵਾਨ ਕੈਨੇਡਾ ਗਏ ਹਨ ਤੇ 25 ਹਜ਼ਾਰ ਆਸਟਰੇਲੀਆ, ਅਮਰੀਕਾ, ਇੰਗਲੈਂਡ ਤੇ ਨਿਊਜ਼ੀਲੈਂਡ 'ਚ ਹਨ। 'ਵਰਕ ਪਰਮਿਟ' ਜਾਂ ਕੰਮ ਦੇ ਤਜਰਬੇ ਦੇ ਆਧਾਰ 'ਤੇ ਪੀਆਰ (ਪੱਕੀ ਰਿਹਾਇਸ਼) ਜਾਂ ਬਾਹਰਲੇ ਪੱਕੇ ਮੁੰਡੇ-ਕੁੜੀ ਨਾਲ ਵਿਆਹ ਕਰਵਾ ਕੇ ਜਾਣ ਵਾਲਿਆਂ ਦੀ ਗਿਣਤੀ ਵੱਖਰੀ ਹੈ। ਸਟੱਡੀ ਵੀਜ਼ਾ, ਵਰਕ ਪਰਮਿਟ, ਪੀਆਰ ਆਦਿ ਲਈ ਉਂਜ ਤਾਂ ਅੰਗਰੇਜ਼ੀ ਭਾਸ਼ਾ ਦੇ ਹੋਰ ਵੀ ਟੈਸਟ ਹਨ, ਪਰ ਸਭ ਤੋਂ ਵੱਧ ਦਿੱਤਾ ਜਾਣ ਵਾਲਾ ਟੈਸਟ ਆਈਲੈਟਸ ਹੈ। ਜੇਕਰ ਪੰਜ-ਛੇ ਸਾਲ ਪਹਿਲਾਂ ਦੀ ਗੱਲ ਕੀਤੀ ਜਾਵੇ ਤਾਂ ਪੁੱਤ-ਧੀ ਨੂੰ ਬਾਹਰ ਭੇਜਣ ਲਈ ਬਾਹਰਲਾ ਰਿਸ਼ਤਾ ਲੱਭਿਆ ਜਾਂਦਾ ਸੀ ਤੇ ਐਨਆਰਆਈ ਮੁੰਡੇ-ਕੁੜੀਆਂ (ਜ਼ਿਆਦਾ ਮੁੰਡੇ) ਬਾਹਰੋਂ ਆਉਂਦੇ ਸਨ ਤੇ ਵਿਆਹ ਕਰਵਾ ਕੇ ਚਲੇ ਜਾਂਦੇ ਸਨ। ਹਲਾਂਕਿ ਹੁਣ ਵੀ ਅਜਿਹਾ ਹੁੰਦਾ ਹੈ, ਪਰ ਬਹੁਤੇ ਮੁੰਡੇ ਵਾਲੇ ਆਈਲੈਟਸ ਵਾਲੀਆਂ ਕੁੜੀਆਂ ਲੱਭਦੇ ਹਨ।



*ਮਾਮਲਾ ਡਰੱਗ ਤਸਕਰੀ ਕੇਸ ਦਾ*

## ਸਰਵਣ ਫਿਲੌਰ ਸਮੇਤ ਛੇ ਮੁਲਜ਼ਮਾਂ ਦੀ ਹੋਈ ਜ਼ਮਾਨਤ

**ਮੋਹਾਲੀ/ਬਿਊਰੋ ਨਿਊਜ਼ :** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਬਹੁ-ਚਰਚਿਤ ਡਰੱਗ ਤਸਕਰੀ ਮਾਮਲੇ ਵਿੱਚ ਗੰਭੀਰ ਦੋਸ਼ਾਂ ਦਾ ਸਾਹਮਣੇ ਕਰ ਰਹੇ ਸਾਬਕਾ ਅਕਾਲੀ ਮੰਤਰੀ ਸਰਵਣ ਸਿੰਘ ਫਿਲੌਰ ਤੇ ਉਸ ਦੇ ਬੇਟੇ ਦਮਨਵੀਰ ਸਿੰਘ ਫਿਲੌਰ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਦੀ ਪੱਕੀ ਜ਼ਮਾਨਤ ਮਨਜ਼ੂਰ ਕਰ ਲਈ ਹੈ। ਇਸ ਤੋਂ ਇਲਾਵਾ ਇਸ ਕੇਸ ਵਿੱਚ ਨਾਮਜ਼ਦ ਸਾਬਕਾ ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ, ਸੁਸ਼ੀਲ ਕੁਮਾਰ ਸਰਦਾਨਾ ਅਤੇ ਉਸ ਦੀ ਪਤਨੀ ਕੈਲਾਸ਼ ਸਰਦਾਨਾ ਤੇ ਨੂੰਹ ਰਸ਼ਮੀ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਮਨਜ਼ੂਰ ਕੀਤੀਆਂ ਗਈਆਂ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ ਲਈ 29 ਨਵੰਬਰ ਨੂੰ ਹੋਵੇਗੀ। ਅਦਾਲਤ ਨੇ ਪੰਜਾਬ ਸਰਕਾਰ ਤੇ ਈਡੀ ਨੂੰ 30 ਦਿਨਾਂ ਦੇ ਅੰਦਰ ਅੰਦਰ ਕੇਸ ਸਬੰਧੀ ਸਟੇਟਸ ਰਿਪੋਰਟ ਦੇਣ ਲਈ ਕਿਹਾ ਹੈ। ਜਾਣਕਾਰੀ ਅਨੁਸਾਰ ਸਾਬਕਾ ਮੰਤਰੀ ਫਿਲੌਰ ਸਮੇਤ ਉਕਤ ਛੇ ਮੁਲਜ਼ਮਾਂ ਦੇ ਖ਼ਿਲਾਫ਼ ਕਿਸੇ ਪੁਲੀਸ ਥਾਣੇ ਵਿੱਚ ਐਨਡੀਪੀਐਸ ਐਕਟ ਦੇ ਤਹਿਤ ਕੋਈ ਕੇਸ ਦਰਜ ਨਹੀਂ ਹੈ। ਇਨ੍ਹਾਂ ਵਿਅਕਤੀਆਂ 'ਤੇ ਸਿਰਫ਼ ਡਰੱਗ ਮਨੀ ਨਾਲ ਕਥਿਤ ਤੌਰ 'ਤੇ ਬੇਨਾਮੀ ਜਾਇਦਾਦਾਂ ਬਣਾਉਣ ਦਾ ਦੋਸ਼ ਹੈ। ਹਾਈ ਕੋਰਟ ਨੇ ਮੁਲਜ਼ਮਾਂ ਦੀਆਂ ਅਰਜ਼ੀਆਂ 'ਤੇ ਸੁਣਵਾਈ ਦੌਰਾਨ ਵੱਖ ਵੱਖ ਪਹਿਲੂਆਂ ਨੂੰ ਵਾਚਦੇ ਹੋਏ ਜ਼ਮਾਨਤ ਦਿੱਤੀ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਬੀਤੀ 9 ਅਕਤੂਬਰ ਨੂੰ ਮੁਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਸਾਬਕਾ ਅਕਾਲੀ ਮੰਤਰੀ ਸਰਵਣ ਸਿੰਘ ਫਿਲੌਰ ਤੇ ਉਸ ਦੇ ਬੇਟੇ ਦਮਨਵੀਰ ਸਿੰਘ ਫਿਲੌਰ, ਸਾਬਕਾ ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ, ਪਰਮਜੀਤ ਸਿੰਘ ਚਾਹਲ, ਜਗਜੀਤ ਸਿੰਘ ਚਾਹਲ, ਉਸ ਦੀ ਪਤਨੀ ਇੰਦਰਜੀਤ ਕੌਰ ਚਾਹਲ, ਦਵਿੰਦਰ ਕਾਂਤ ਸ਼ਰਮਾ, ਸਚਿਨ ਸਰਦਾਨਾ, ਉਸ ਦੀ ਪਤਨੀ ਰਸ਼ਮੀ ਸਰਦਾਨਾ, ਪਿਤਾ ਸੁਸ਼ੀਲ ਕੁਮਾਰ ਸਰਦਾਨਾ, ਮਾਂ ਕੈਲਾਸ਼ ਸਰਦਾਨਾ ਅਤੇ ਜਸਵਿੰਦਰ ਸਿੰਘ ਦੇ ਖ਼ਿਲਾਫ਼ ਦੋਸ਼ ਤੈਅ ਕੀਤੇ ਗਏ ਹਨ। ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਉਕਤ ਮੁਲਜ਼ਮਾਂ ਨੂੰ ਭੋਲਾ ਕੇਸ ਵਿੱਚ ਵੱਖਰੇ ਤੌਰ 'ਤੇ ਨਾਮਜ਼ਦ ਕੀਤਾ ਗਿਆ ਸੀ।

## 'ਮੋਤੀਆਂਵਾਲੀ ਸਰਕਾਰ' ਨੇ 'ਪੜ੍ਹਨੇ-ਪਾਏ' ਗਰੀਬ ਅਧਿਆਪਕ

**ਬਠਿੰਡਾ/ਬਿਊਰੋ ਨਿਊਜ਼ :**
ਪੰਜਾਬ ਸਰਕਾਰ ਅਤੇ ਸੰਘਰਸ਼ਸ਼ੀਲ ਅਧਿਆਪਕਾਂ ਵਿਚ ਬੁਰੀ ਤਰ੍ਹਾਂ ਦਾ ਭੇੜ ਹੋ ਰਿਹਾ ਹੈ। ਸਰਕਾਰੀ ਫਰਮਾਨਾਂ ਦੀ ਸਿਰੇ ਦੀ ਤਾਨਾਸ਼ਾਹੀ ਕਾਰਨ ਪੰਜਾਬ ਦੀਆਂ ਹੋਰ ਇਨਸਾਫ-ਪਸੰਦ ਧਿਰਾਂ ਵੀ ਅਧਿਆਪਕਾਂ ਦੀ ਪਿੱਠ ਉਤੇ ਆਣ ਖੜ੍ਹੀਆਂ ਹਨ। ਅਧਿਆਪਕਾਂ ਨੇ ਮੁੱਖ ਮੰਤਰੀ ਦੇ ਰਿਹਾਇਸ਼ੀ ਸ਼ਹਿਰ ਪਟਿਆਲੇ ਵਿਚ ਮੋਰਚਾ ਲਗਾ ਦਿੱਤਾ ਹੈ। 'ਪਟਿਆਲਾ ਮੋਰਚਾ' ਦੀ ਔਕਾਤ ਨੂੰ ਕੈਪਟਨ ਹਕੂਮਤ ਗਜ਼ਾਂ ਨਾਲ ਨਾਪਣ ਲੱਗੀ ਹੈ। ਮਹਿਲਾਂ ਤੱਕ ਗੱਜਣ ਵਾਲੇ ਵੀ ਵੱਡੀਆਂ ਫੋਟਾਂ 'ਚੋਂ ਨਿਕਲੇ ਹਨ ਜਿਨ੍ਹਾਂ ਨੇ ਹੁਣ ਹੱਥ ਜੋੜ ਕੇ ਅਰਜ਼ਾਂ ਕਰਨ ਦੀ ਥਾਂ ਮੁੱਕੇ ਤਾਣ ਲਏ ਹਨ।
ਕਈ ਅਧਿਆਪਕਾਂ ਦੇ ਹਾਲਾਤ ਬਹੁਤ ਤਰਸਯੋਗ ਬਣੇ ਹੋਏ ਹਨ। ਪਟਿਆਲਾ ਮੋਰਚਾ ਦੇ ਨਾਇਕ ਬਣੇ ਅਧਿਆਪਕ ਕਰਮਜੀਤ ਸਿੰਘ ਦੇ ਘਰ ਦੇ ਹਾਲਾਤ ਦਿਲ ਕੰਬਾਊ ਹਨ। ਪਹਿਲਾਂ ਉਸ ਨੂੰ ਗ਼ੁਰਬਤ ਨੇ ਪਰਖ਼ਿਆ, ਹੁਣ ਉਸ ਦਾ ਸਬਰ 'ਮਹਾਰਾਜਾ' ਪਰਖ ਰਿਹਾ ਹੈ। ਜ਼ਿੰਦਗੀ ਦੀਆਂ ਥੁੜ੍ਹਾਂ ਨੇ ਕਰਮਜੀਤ ਸਿੰਘ ਨੂੰ ਕੱਦੂ ਵੇਚਣ ਲਾ ਦਿੱਤਾ ਹੈ।
ਸੰਗਰੂਰ ਦੇ ਪਿੰਡ ਰਾਮਪੁਰਾ 'ਚ ਕਰਮਜੀਤ ਸਿੰਘ ਅਧਿਆਪਕ ਹੈ। 'ਠੇਕੇ ਵਾਲਾ' ਮਾਸਟਰ ਆਖ ਕੇ ਉਸ ਨੂੰ ਛੇੜਿਆ ਜਾਂਦਾ ਹੈ। ਸਰਕਾਰੀ ਖ਼ਜ਼ਾਨੇ ਚੋਂ ਉਸ ਨੂੰ ਛੇ ਹਜ਼ਾਰ ਰੁਪਏ ਤਨਖ਼ਾਹ ਮਿਲਦੀ ਹੈ। ਛੁੱਟੀ ਮਿਲਣ ਮਗਰੋਂ ਉਹ ਸਬਜ਼ੀ ਵਾਲੀ ਦੁਕਾਨ ਉੱਤੇ ਕੰਮ ਕਰਦਾ ਹੈ। ਆਖਦਾ ਹੈ ਕਿ 'ਕੰਮ ਤਾਂ ਕੋਈ ਵੀ ਮਾੜਾ ਨਹੀਂ ਹੁੰਦਾ'। ਜਦੋਂ ਹਕੂਮਤ ਦੀ ਨੀਅਤ ਮਾੜੀ ਹੋ ਜਾਏ, ਫਿਰ ਕੋਈ ਦਰ ਨਹੀਂ ਬਚਦਾ। ਐੱਮਐੱਸਸੀ ਜੋਗਰਫੀ 'ਚ ਨੈੱਟ ਕਲੀਅਰ ਕੀਤਾ, ਨਾਲ ਹੀ ਟੈੱਟ ਪਾਸ ਕੀਤਾ। ਹਰ ਕਲਾਸ ਪਹਿਲੇ ਦਰਜੇ 'ਚ ਕੀਤੀ। ਮੁੱਢਲੀ ਤਨਖ਼ਾਹ ਘਰ ਦਾ ਤੋਰਾ ਨਾ ਤੋਰ ਸਕੀ। ਸਕੂਲੋਂ ਛੁੱਟੀ ਮਗਰੋਂ ਸਬਜ਼ੀ ਵੇਚਣ ਲੱਗ ਪਿਆ। ਹੁਣ ਗਿਆਰਾਂ ਮਹੀਨੇ ਤੋਂ ਤਨਖ਼ਾਹ ਵੀ ਨਹੀਂ ਮਿਲੀ। ਕੌਮ ਦਾ ਨਿਰਮਾਤਾ ਉਦੋਂ ਅੱਧੋਰਾਣਾ ਹੋ ਜਾਂਦਾ ਹੈ ਜਦੋਂ ਸਕੂਲੀ ਬੱਚੇ ਹੀ ਸਬਜ਼ੀ ਲੈਣ ਬਹੁੜ ਜਾਂਦੇ ਹਨ।
ਇਸੇ ਤਰ੍ਹਾਂ ਰਾਮਪੁਰਾ ਫੂਲ ਵਿਚ ਚਾਹ ਦੇ ਖੋਖੇ ਉੱਤੇ ਚਾਹ ਵੇਚਣ ਵਾਲਾ ਠੇਕੇ ਦਾ ਅਧਿਆਪਕ ਏਨਾ ਸ਼ਰਮਸਾਰ ਹੈ ਕਿ ਨਾਮ ਨਸ਼ਰ ਕਰਨ ਤੋਂ ਡਰਦਾ ਹੈ। ਹਾਲਾਂਕਿ ਉਸ ਦਾ ਸੁਪਨਾ ਸਿਰਫ਼ ਪੱਕਾ ਅਧਿਆਪਕ ਬਣਨ ਦਾ ਹੈ, ਨਾ ਕਿ 'ਪ੍ਰਧਾਨ ਮੰਤਰੀ'।

## ਫਰਿਜ਼ਨੋ ਪੁਲੀਸ ਨੇ ਰਾਤ ਦੇ ਖਾਣੇ 'ਤੇ ਸਿੱਖ ਭਾਈਚਾਰੇ ਦਾ ਧੰਨਵਾਦ ਕੀਤਾ



ਰਾਤ ਦੇ ਖਾਣੇ ਦੇ ਸਮੇਂ ਦੀ ਯਾਦਗਾਰੀ ਤਸਵੀਰ।

**ਫਰਿਜ਼ਨੋ/ ਕੁਲਵੰਤ ਧਾਲੀਆਂ,ਨੀਟਾ ਮਾਛੀਕੇ :** ਆਪਣੀ ਪਹਿਚਾਣ ਅਤੇ ਸੁਰੱਖਿਆ ਨੂੰ ਲੈ ਕੇ ਪੰਜਾਬੀ ਭਾਈਚਾਰਾ ਹਮੇਸ਼ਾ ਕੋਸ਼ਿਸ਼ ਕਰਦਾ ਰਿਹਾ ਹੈ। ਇਸ ਲਈ ਸਮੇਂ-ਸਮੇਂ ਪ੍ਰੋਗਰਾਮ ਕੀਤੇ ਜਾਂਦੇ ਹਨ। ਇਸ ਪਰੰਪਰਾ ਨੂੰ ਮੁੱਖ ਰੱਖਦੇ ਹੋਏ ਫਾਰਮਰ ਇੰਸ਼ੋਰੈਂਸ ਦੇ ਅਤੀਤਪਾਲ ਸਿੰਘ ਬਾਂਸਲ ਏਜੰਸੀ ਵੱਲੋਂ ਫਰਿਜ਼ਨੋ ਪੁਲੀਸ ਨੂੰ ਰਾਤ ਦੇ ਖਾਣੇ ਦੀ ਦਾਅਵਤ ਦਿੱਤੀ ਗਈ, ਜਿਸ ਦਾ ਮਕਸਦ ਆਪਣੀ ਭਾਈਚਾਰਕ ਸਾਂਝ, ਪਹਿਚਾਣ, ਚੰਗਾ ਮੇਲ ਮਿਲਾਪ ਅਤੇ ਸੁਰੱਖਿਆ ਨਿਯਮਾਂ ਬਾਰੇ ਗੱਲਬਾਤ ਕਰਨਾ ਸੀ। ਸਮੁੱਚੇ ਤੌਰ 'ਤੇ ਪ੍ਰੋਗਰਾਮ ਸਫਲ ਰਿਹਾ।

ਇਸ ਮੌਕੇ ਫਰਿਜ਼ਨੋ ਪੁਲੀਸ ਦੇ ਮੁੱਖ ਅਧਿਕਾਰੀਆਂ ਦੁਆਰਾ ਅਤੀਤਪਾਲ ਬਾਂਸਲ ਅਤੇ ਸਮੁੱਚੇ ਪੰਜਾਬੀ ਭਾਈਚਾਰੇ ਦਾ ਅਜਿਹੇ ਉਪਰਾਲਿਆਂ ਸਬੰਧੀ ਧੰਨਵਾਦ ਕੀਤਾ ਗਿਆ।ਇਸ ਸਮੇਂ ਜਗਦੀਪ ਸਿੰਘ ਇੰਸ਼ੋਰੈਂਸ ਏਜੰਸੀ ਵਾਲੇ ਵੀ ਸ਼ਾਮਲ ਸਨ।

# ਓਬਾਮਾ ਤੇ ਹਿਲੇਰੀ ਸਮੇਤ 14 ਆਗੂਆਂ ਦੇ ਪਤੇ 'ਤੇ ਡਾਕ ਰਾਹੀਂ ਭੇਜੇ ਗਏ ਵਿਸਫੋਟਕ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਕੁਝ ਦਿਨ ਪਹਿਆਂ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਘਰ ਦੇ ਪਤੇ 'ਤੇ ਭੇਜਿਆ ਗਿਆ ਬਾਰੂਦ ਵਾਲਾ ਪੈਕੇਟ ਫੜਿਆ ਗਿਆ ਸੀ। ਇਸ ਤਰ੍ਹਾਂ ਦਾ ਹੀ ਇਕ ਹੋਰ ਪੈਕੇਟ ਮੈਨਹਟਨ ਦੇ ਉਪ-ਨਗਰ ਵੈਸਟਚੇਸਟਰ 'ਚ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦੇ ਘਰ ਦੇ ਪਤੇ 'ਤੇ ਭੇਜਿਆ ਗਿਆ ਸੀ, ਜੋ ਫੜਿਆ ਗਿਆ।

ਇਸ ਤੋਂ ਬਾਅਦ ਭਾਰਤੀ ਮੂਲ ਦੀ ਸੈਨੇਟਰ ਕਮਲਾ ਹੈਰਿਸ ਅਤੇ ਅਰਬਪਤੀ ਤੇ ਸਿਆਸੀ ਕਾਰਕੁਨ ਟੌਮ ਸਟੇਅਰ (ਦੋਵੇਂ ਡੈਮੋਕਰੈਟ) ਨੂੰ ਨਿਸ਼ਾਨਾ ਬਣਾ ਕੇ ਭੇਜੇ ਗਏ ਦੋ ਹੋਰ ਸ਼ੱਕੀ ਪੈਕੇਟ ਬਰਾਮਦ ਕੀਤੇ ਗਏ। ਫੈਡਰਲ ਅਧਿਕਾਰੀਆਂ ਨੇ ਇਸ ਮਾਮਲੇ 'ਚ ਫਲੋਰਿਡਾ ਤੋਂ ਇੱਕ ਸ਼ੱਕੀ ਵਿਅਕਤੀ ਨੂੰ ਕਾਬੂ ਕੀਤਾ ਹੈ। ਇਸ ਵਿਅਕਤੀ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਆਲੋਚਕਾਂ ਨੂੰ ਪਾਈਪ ਬੰਬ ਭੇਜੇ ਸਨ। ਇਹ ਪੈਕੇਟ ਬਰਾਮਦ ਹੋਣ ਮਗਰੋਂ ਅਜਿਹੇ ਸ਼ੱਕੀ ਪੈਕਟਾਂ ਦੀ ਗਿਣਤੀ 14 ਹੋ ਗਈ ਹੈ। ਏਜੰਸੀਆਂ ਨੇ ਆਪਣੇ ਅਫਸਰਾਂ ਨੂੰ ਵੀ ਚੌਕਸ ਕਰ ਦਿੱਤਾ ਹੈ। ਅਮਰੀਕੀ ਖ਼ੁਫ਼ੀਆ ਸੇਵਾ 'ਸੀਕ੍ਰੇਟ ਸਰਵਿਸ' ਨੇ ਵੀ ਇਸ ਦਾ



ਬਰਾਕ ਓਬਾਮਾ ਹਿਲੇਰੀ ਕਲਿੰਟਨ

ਖੁਲਾਸਾ ਕੀਤਾ ਹੈ ਕਿ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ, ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਅਤੇ ਹੋਰ ਆਗੂਆਂ ਦੇ ਘਰਾਂ ਦੇ ਪਤਿਆਂ 'ਤੇ ਭੇਜੀ ਗਈ ਵਿਸਫ਼ੋਟਕ ਸਮੱਗਰੀ ਫੜੀ ਗਈ ਹੈ।

ਸੀਕ੍ਰੇਟ ਸਰਵਿਸ ਨੇ ਕਿਹਾ ਕਿ ਇਹ ਪੈਕੇਟ ਓਬਾਮਾ ਜਾ ਹਿਲੇਰੀ 'ਚੋਂ ਕਿਸੇ ਨੇ ਹਾਸਲ ਨਹੀਂ ਕੀਤੇ ਅਤੇ ਨਾ ਹੀ ਅਜਿਹਾ ਕੋਈ ਖ਼ਤਰਾ ਸੀ ਕਿ ਇਹ ਪੈਕੇਟ ਸਿੱਧੇ ਉਨ੍ਹਾਂ ਤੱਕ ਪਹੁੰਚ ਜਾਂਦੇ। ਨਿਯਮਿਤ ਡਾਕ ਜਾਂਚ ਪ੍ਰਕਿਰਿਆ ਦੌਰਾਨ ਇਨ੍ਹਾਂ ਪੈਕੇਟਾਂ ਦੀ ਤਤਕਾਲ ਸੰਭਾਵਿਤ ਵਿਸਫ਼ੋਟਕ ਉਪਕਰਨਾਂ ਦੇ ਰੂਪ 'ਚ ਪਹਿਚਾਣ ਕਰ ਲਈ ਗਈ ਅਤੇ ਉੱਚਿਤ ਤਰੀਕੇ ਨਾਲ ਉਨ੍ਹਾਂ ਨਾਲ ਨਜਿੱਠਿਆ ਗਿਆ। ਅਧਿਕਾਰੀਆਂ ਨੇ ਪੂਰੀ ਸਰਗਰਮੀ ਨਾਲ ਵਿਸਫ਼ੋਟਕ ਸਮੱਗਰੀ ਨੂੰ ਨਸ਼ਟ ਕਰ ਦਿੱਤਾ ਅਤੇ ਦੱਸਿਆ ਕਿ ਇਸ 'ਚ ਵਿਸਫ਼ੋਟਕ ਪਾਊਡਰ ਸੀ ਅਤੇ ਬੰਬ ਦੇ ਕੁਝ ਅੰਸ਼ ਸਨ। ਐਫ਼ਬੀਆਈ. ਨੇ ਕਿਹਾ ਕਿ ਕਲਿੰਟਨ ਨੂੰ ਭੇਜਿਆ ਗਿਆ ਪੈਕੇਟ ਨਿਊਯਾਰਕ ਦੇ ਚਾਪਾਕੁਆ 'ਚ ਉਨ੍ਹਾਂ ਦੇ ਨਿਵਾਸ ਦੇ ਨੇੜਲੇ ਖ਼ੇਤਰ 'ਚ ਮਿਲਿਆ। ਉਧਰ ਅਮਰੀਕੀ ਸਮਾਚਾਰ ਨੈੱਟਵਰਕ ਸੀਐਨਐਨ. ਨੇ ਐਲਾਨ ਕੀਤਾ ਕਿ ਉਸ ਨੇ ਇਕ ਸ਼ੱਕੀ ਪੈਕੇਟ ਮਿਲਣ ਕਰਕੇ ਆਪਣਾ ਨਿਊਯਾਰਕ ਬਿਊਰੋ ਖ਼ਾਲੀ ਕਰ ਦਿੱਤਾ ਹੈ। ਇਕ ਪੈਕੇਟ ਉਸ ਤਰ੍ਹਾਂ ਦਾ ਹੀ ਹੈ ਜਿਸ ਤਰ੍ਹਾਂ ਦੇ ਹਿਲੇਰੀ ਕਲਿੰਟਨ ਤੇ ਬਰਾਕ ਓਬਾਮਾ ਨੂੰ ਭੇਜੇ ਗਏ ਸੀ। ਵਾਈਟ ਹਾਊਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇਸ ਘਟਨਾ ਬਾਰੇ ਜਾਣੂੰ ਕਰਵਾ ਦਿੱਤਾ ਗਿਆ ਹੈ। ਵਾਈਟ ਹਾਊਸ ਸਥਿਤੀ ਨੂੰ ਬਹੁਤ ਗੰਭੀਰਤਾ ਵਜੋਂ ਵੇਖ ਰਿਹਾ ਹੈ। ਅਰਬਪਤੀ ਜਾਰਜ ਸੋਰੋਸ ਦੇ ਘਰ ਤੋਂ ਵਿਸਫ਼ੋਟਕ ਮਿਲਣ ਤੋਂ ਬਾਅਦ ਇਹ ਸਾਰੇ ਮਾਮਲੇ ਸਾਹਮਣੇ ਆਏ ਹਨ।

# ਭਾਰਤ ਦੀ ਪ੍ਰਮੁੱਖ ਜਾਂਚ ਏਜੰਸੀ ਸੀਬੀਆਈ 'ਚ ਖਾਨਾਜੰਗੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਦੇ ਕੇਂਦਰੀ ਪ੍ਰਸ਼ਾਸਨ ਦੀ ਸਿਖਰਲੀ ਜਾਂਚ ਏਜੰਸੀ ਸੀਬੀਆਈ ਵਿਚ ਆਪਸੀ ਘਮਾਸਾਨ ਮਚਿਆ ਹੋਇਆ ਹੈ। ਇਸ ਏਜੰਸੀ ਦੇ 55 ਵਰ੍ਹਿਆਂ ਦੇ ਇਤਿਹਾਸ 'ਚ ਦੋ ਅਧਿਕਾਰੀਆਂ ਦੀ ਖਾਨਾਜੰਗੀ ਅਤੇ ਉਸ ਮਗਰੋਂ ਦੇ ਘਟਨਾਕ੍ਰਮ ਨਾਲ ਮੋਦੀ ਸਰਕਾਰ ਕਸੂਤੀ ਫਸ ਗਈ ਹੈ। ਇਸੇ ਕਾਰਨ ਸਰਕਾਰ ਨੇ ਰੱਦੋ-ਬਦਲ ਕਰਦਿਆਂ ਸੀਬੀਆਈ ਦੇ ਡਾਇਰੈਕਟਰ ਆਲੋਕ ਵਰਮਾ ਅਤੇ ਵਿਸ਼ੇਸ਼ ਡਾਇਰੈਕਟਰ ਰਾਕੇਸ਼ ਅਸਥਾਨਾ ਨੂੰ ਨਾਟਕੀ ਢੰਗ ਨਾਲ ਛੁੱਟੀ 'ਤੇ ਭੇਜਦਿਆਂ ਉਨ੍ਹਾਂ ਤੋਂ ਤਾਕਤਾਂ ਖੋਹ ਲਈਆਂ ਹਨ। ਤਬਾਦਲੇ ਜ਼ਿਆਦਾਤਰ ਉਨ੍ਹਾਂ ਅਧਿਕਾਰੀਆਂ ਦੇ ਕੀਤੇ ਗਏ ਹਨ ਜੋ ਗੁਜਰਾਤ ਕਾਡਰ ਦੇ ਆਈਪੀਐਸ ਅਫ਼ਸਰ ਅਸਥਾਨਾ ਖ਼ਿਲਾਫ਼ ਜਾਂਚ ਕਰ ਰਹੀਆਂ ਟੀਮਾਂ ਦਾ ਹਿੱਸਾ ਸਨ। ਸੀਬੀਆਈ 'ਚ ਤਬਾਦਲਿਆਂ ਦੀ ਖੇਡ ਨਾਲ ਬੇਯਕੀਨੀ ਦਾ ਮਾਹੌਲ ਪੈਦਾ ਹੋ ਗਿਆ ਹੈ। ਸਰਕਾਰ ਨੇ ਸੰਨ 1986 ਬੈਚ ਦੇ ਉੜੀਸਾ ਕਾਡਰ ਦੇ ਆਈਪੀਐਸ ਅਧਿਕਾਰੀ ਸੰਯੁਕਤ ਡਾਇਰੈਕਟਰ ਐਮ ਨਾਗੇਸ਼ਵਰ ਰਾਓ ਨੂੰ ਅੰਤਰਿਮ ਤੌਰ 'ਤੇ ਡਾਇਰੈਕਟਰ ਤਾਂ ਨਿਯੁਕਤ ਕਰ ਦਿੱਤਾ ਹੈ ਪਰ ਉਹ ਏਡੀਜੀਪੀ ਰੈਂਕ ਦਾ ਅਧਿਕਾਰੀ ਹੈ ਅਤੇ ਉਸ ਦੇ ਬੈਚ ਦੀ ਡੀਜੀ ਪੱਧਰ ਦੇ ਅਧਿਕਾਰੀ ਬਣਨ ਲਈ ਇੰਪੈਨਲਮੈਂਟ ਅਜੇ ਹੋਣੀ ਹੈ। ਆਲੋਕ ਵਰਮਾ ਵੱਲੋਂ ਸੁਪਰੀਮ ਕੋਰਟ ਦਾ ਰੁਖ ਕਰਨ ਨਾਲ ਸਰਕਾਰ ਦੇ ਹੱਥ ਬਹੁਤਾ ਕੁਝ ਨਹੀਂ ਰਹਿ ਗਿਆ। ਸ੍ਰੀ ਰਾਓ ਨੇ ਅੱਧੀ ਰਾਤ ਮਗਰੋਂ ਸੀਬੀਆਈ ਦਾ ਕਾਰਜਭਾਰ ਸੰਭਾਲਦਿਆਂ ਹੀ ਦਰਜਨਾਂ ਅਧਿਕਾਰੀਆਂ ਦੇ ਤਬਾਦਲੇ ਦੇ ਹੁਕਮ ਦਿੱਤੇ ਜਿਨ੍ਹਾਂ 'ਚੋਂ ਇਕ ਏਕੇ ਬੱਸੀ ਨੂੰ ਪੋਰਟ ਬਲੇਅਰ ਭੇਜ ਦਿੱਤਾ ਹੈ। ਬੱਸੀ, ਅਸਥਾਨਾ ਖ਼ਿਲਾਫ਼ ਕੇਸਾਂ ਦੀ ਜਾਂਚ ਕਰ ਰਿਹਾ ਸੀ। ਬੱਸੀ ਵੱਲੋਂ ਰਿਪੋਰਟ ਕਰਨ ਵਾਲੇ ਅਧਿਕਾਰੀ ਵਧੀਕ ਐਸਪੀ ਐਸਐਸ ਗੁਰਮ ਨੂੰ ਜੱਬਲਪੁਰ ਜਦਕਿ ਸੁਪਰਵਾਈਜ਼ਰ ਡੀਆਈਜੀ ਐਮਕੇ ਸਿਨਹਾ ਨੂੰ ਨਾਗਪੁਰ ਭੇਜਿਆ ਗਿਆ ਹੈ। ਸੀਵੀਸੀ ਨੇ ਅਸਥਾਨਾ ਖ਼ਿਲਾਫ਼ ਰਿਸ਼ਵਤ ਅਤੇ ਜਬਰੀ ਵਸੂਲੀ ਦੇ ਦੋਸ਼ਾਂ ਦੀ ਜਾਂਚ ਲਈ ਨਵੀਂ ਟੀਮ ਬਣਾ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕੈਬਨਿਟ ਦੀ ਨਿਯੁਕਤੀਆਂ ਬਾਰੇ ਕਮੇਟੀ ਨੇ ਦੇਰ ਰਾਤ ਨੂੰ ਹੀ ਵਰਮਾ ਅਤੇ ਅਸਥਾਨਾ ਨੂੰ ਛੁੱਟੀ 'ਤੇ ਭੇਜ ਦਿੱਤਾ। ਸਰਕਾਰ ਨੇ ਇਹ ਕਦਮ ਉਸ ਸਮੇਂ ਉਠਾਇਆ ਜਦੋਂ ਕੇਂਦਰੀ ਵਿਜੀਲੈਂਸ ਕਮਿਸ਼ਨ (ਸੀਵੀਸੀ) ਨੇ ਵਰਮਾ ਅਤੇ ਅਸਥਾਨਾ ਨੂੰ ਛੁੱਟੀ 'ਤੇ ਭੇਜਣ ਅਤੇ ਉਨ੍ਹਾਂ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਉਣ ਦੀ ਸਿਫ਼ਾਰਿਸ਼ ਕੀਤੀ ਸੀ। ਸ੍ਰੀ ਕੇਵੀ ਚੌਧਰੀ ਦੀ ਅਗਵਾਈ ਹੇਠਲਾ ਸੀਵੀਸੀ, ਸੀਬੀਆਈ 'ਚ ਭ੍ਰਿਸ਼ਟਾਚਾਰ ਦੇ ਕੇਸਾਂ ਦੀ ਦੇਖ-ਰੇਖ ਕਰਦਾ ਹੈ।

ਸੀਬੀਆਈ 'ਚ ਰਾਤੋ-ਰਾਤ ਕੀਤੇ ਵੱਡੇ



ਨਾਗੇਸ਼ਵਰ ਰਾਓ



ਰਾਕੇਸ਼ ਅਸਥਾਨਾ ਤੇ ਆਲੋਕ ਵਰਮਾ

ਬਦਲਾਅ ਦੀ ਵਿਰੋਧੀ ਧਿਰ ਵੱਲੋਂ ਨੁਕਤਾਚੀਨੀ ਕੀਤੀ ਜਾ ਰਹੀ ਹੈ। ਕਾਂਗਰਸ ਦੀ ਅਗਵਾਈ ਹੇਠ ਵਿਰੋਧੀ ਧਿਰ ਨੇ ਆਲੋਕ ਵਰਮਾ ਖ਼ਿਲਾਫ਼ ਕੀਤੀ ਗਈ ਕਾਰਵਾਈ 'ਤੇ ਸ਼ੰਕੇ ਖੜ੍ਹੇ ਕਰਦਿਆਂ ਕਿਹਾ ਹੈ ਕਿ ਇਹ ਕਾਰਵਾਈ ਸੀਬੀਆਈ ਦੀ ਆਜ਼ਾਦੀ 'ਚ ਆਖਰੀ ਕਿੱਲ ਸਾਬਿਤ ਹੋਈ ਹੈ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਟਵੀਟ ਕਰਕੇ ਕਿਹਾ ਕਿ ਸੀਬੀਆਈ ਮੁਖੀ ਆਲੋਕ ਵਰਮਾ ਰਾਫ਼ਾਲ ਘੁਟਾਲੇ ਨਾਲ ਸਬੰਧਤ ਦਸਤਾਵੇਜ਼ ਇਕੱਠੇ ਕਰ ਰਹੇ ਸਨ ਜਿਸ ਕਰਕੇ ਕਈ ਸ਼ੰਕੇ ਖੜ੍ਹੇ ਹੋ ਗਏ ਹਨ। ਉਨ੍ਹਾਂ ਰਾਜਸਥਾਨ 'ਚ ਚੋਣ ਰੈਲੀ ਦੌਰਾਨ ਵਰਮਾ ਨੂੰ ਹਟਾਉਣ ਲਈ ਸਰਕਾਰ 'ਤੇ ਦੋਸ਼ਾਂ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਇਕ ਵੀ ਪੈਸਾ ਮੁਆਫ਼ ਨਹੀਂ ਕੀਤਾ ਪਰ ਪ੍ਰਧਾਨ ਮੰਤਰੀ ਨੇ ਮੁਲਕ ਦੇ 15 ਕਾਰੋਬਾਰੀਆਂ ਦੇ ਸਾਢੇ ਤਿੰਨ ਲੱਖ ਕਰੋੜ ਰੁਪਏ ਦੇ ਕਰਜ਼ੇ 'ਤੇ ਲਕੀਰ ਫੇਰ ਦਿੱਤੀ। ਉਨ੍ਹਾਂ ਲਲਿਤ ਮੋਦੀ, ਵਿਜੇ ਮਾਲਿਆ ਚੋਕਸੀ ਅਤੇ ਹੋਰ ਭਗੌੜਿਆਂ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ।

ਕਾਂਗਰਸ ਆਗੂ ਅਭਿਸ਼ੇਕ ਸਿੰਘਵੀ ਨੇ ਪ੍ਰੈੱਸ ਕਾਨਫਰੰਸ ਕਰਕੇ ਦਾਅਵਾ ਕੀਤਾ ਕਿ ਰਾਫ਼ਾਲ ਘੁਟਾਲੇ ਦੀਆਂ ਪਰਤਾਂ ਖੁਲ੍ਹਣ ਤੋਂ ਡਰੇ ਅਤੇ ਸੀਬੀਆਈ ਨੂੰ ਆਪਣੇ ਕਲਾਵੇ 'ਚ ਲੈਣ ਲਈ ਵਰਮਾ ਨੂੰ ਸਰਕਾਰ ਨੇ ਬਦਲਿਆ। ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵਰਮਾ ਨੂੰ ਛੁੱਟੀ 'ਤੇ ਭੇਜੇ ਜਾਣ ਦਾ ਕਾਰਨ ਪੁੱਛਿਆ। ਸੀਪੀਐਮ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਵਰਮਾ ਨੂੰ ਹਟਾਉਣ ਦੇ ਫ਼ੈਸਲੇ ਨੂੰ ਗ਼ੈਰਕਾਨੂੰਨੀ ਕਰਾਰ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਆਪਣੇ ਚੁਣੇ ਗਏ ਅਧਿਕਾਰੀ ਨੂੰ ਬਚਾਉਣ ਖਾਤਰ ਅਜਿਹੇ ਹੱਥਕੰਡੇ ਅਪਣਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਸਾਫ਼ ਇਸ਼ਾਰਾ ਮਿਲਦਾ ਹੈ ਕਿ ਭ੍ਰਿਸ਼ਟ ਅਧਿਕਾਰੀ ਦੇ ਭਾਜਪਾ ਦੀ ਸਿਖਰਲੀ ਲੀਡਰਸ਼ਿਪ ਨਾਲ ਸਿੱਧੇ ਸਬੰਧ ਹਨ।

ਉਧਰ ਕੇਂਦਰ ਵੱਲੋਂ ਤਾਕਤਾਂ ਵਾਪਸ ਲੈਣ ਅਤੇ ਛੁੱਟੀ 'ਤੇ ਭੇਜਣ ਦੇ ਫ਼ੈਸਲੇ ਖ਼ਿਲਾਫ਼ ਸੀਬੀਆਈ ਦੇ ਡਾਇਰੈਕਟਰ ਆਲੋਕ ਵਰਮਾ ਨੇ ਸੁਪਰੀਮ ਕੋਰਟ 'ਚ ਪਟੀਸ਼ਨ ਦਾਖ਼ਲ ਕਰ ਦਿੱਤੀ ਹੈ ਜਿਸ 'ਤੇ ਹੁਣ ਸੁਣਵਾਈ ਹੋਵੇਗੀ।

# ਲੰਡਨ : ਲੱਖਾਂ ਪੌਂਡ 'ਚ ਨਿਲਾਮ ਹੋਈਆਂ ਖਾਲਸਾ ਰਾਜ ਦੀਆਂ ਨਿਸ਼ਾਨੀਆਂ

**ਲੰਡਨ/ਬਿਊਰੋ ਨਿਊਜ਼ :** ਦੇਸ ਪੰਜਾਬ ਦੀ ਸਿੱਖ ਸਲਤਨਤ ਦੇ ਮਹਾਰਾਜਾ ਰਣਜੀਤ ਸਿੰਘ ਕਾਲ ਨਾਲ ਸਬੰਧਤ ਸ਼ਾਹੀ ਸਾਜੋ-ਸਮਾਨ ਤੇ ਗਹਿਣਿਆਂ ਦੀ ਨਿਲਾਮੀ ਤੋਂ ਕੁੱਲ 18.18 ਲੱਖ ਪੌਂਡ ਦੀ ਕਮਾਈ ਕੀਤੀ ਗਈ ਹੈ। ਇੰਡੀਅਨ ਤੇ ਇਸਲਾਮਿਕ ਆਰਟ ਦੇ ਬੋਨਹੈਮਸ ਹੈੱਡ ਓਲਿਵਰ ਵ੍ਹਾਈਟ ਨੇ ਕਿਹਾ ਕਿ ਨਿਲਾਮੀ ਦੌਰਾਨ ਉੱਚੀਆਂ ਕੀਮਤਾਂ ਲੱਗਣ ਤੋਂ ਸਾਫ਼ ਹੈ ਕਿ ਬੋਲੀ ਦੌਰਾਨ ਮੁਕਾਬਲਾ ਕਾਫ਼ੀ ਸਖ਼ਤ ਸੀ। ਇਸ ਨਿਲਾਮੀ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ਮਹਾਰਾਣੀ ਜਿੰਦਾਂ ਕੌਰ ਦੇ ਗਲੇ ਦਾ ਸ਼ਿੰਗਾਰ ਰਿਹਾ ਪੰਨੇ ਤੇ ਨਿੱਕੇ ਮੋਤੀਆਂ ਨਾਲ ਸਜਿਆ ਹਾਰ 1.87 ਲੱਖ ਪੌਂਡ ਵਿੱਚ ਵਿਕਿਆ। ਮਹਾਰਾਣੀ ਜਿੰਦਾਂ ਦਾ ਇਹ ਹਾਰ ਆਪਣੀ ਅਨੁਮਾਨਤ ਕੀਮਤ ਜੋ ਕਿ ਅੱਸੀ ਹਜ਼ਾਰ ਤੇ 1.20 ਲੱਖ ਪੌਂਡ ਦੇ ਦਰਮਿਆਨ ਸੀ, ਤੋਂ ਵੱਧ ਮੁੱਲ 'ਤੇ ਨਿਲਾਮ ਹੋਇਆ। ਇਹ ਹਾਰ ਲਾਹੌਰ ਦੇ ਉਸ ਖ਼ਜ਼ਾਨੇ ਦਾ ਹਿੱਸਾ ਸੀ, ਜਿਸ ਨੂੰ 'ਬੋਨਹੈਮਸ ਇਸਲਾਮਿਕ ਤੇ ਇੰਡੀਅਨ ਆਰਟ ਸੇਲ' ਤਹਿਤ ਲੰਡਨ ਵਿਚ ਬੀਤੇ ਦਿਨ ਨਿਲਾਮ ਕੀਤਾ ਗਿਆ ਸੀ।

ਨਿਲਾਮ ਘਰ ਮੁਤਾਬਕ ਬੋਲੀ ਦੌਰਾਨ ਰੱਖੀਆਂ ਸਾਰੀਆਂ ਵਸਤਾਂ ਮਹਾਰਾਜਾ ਰਣਜੀਤ ਸਿੰਘ ਕਾਲ ਨਾਲ ਸਬੰਧਤ ਸਨ ਤੇ ਇਨ੍ਹਾਂ ਦੀ ਨਿਲਾਮੀ ਤੋਂ ਕੁੱਲ 18.18 ਲੱਖ ਪੌਂਡ ਦੀ ਕਮਾਈ ਕੀਤੀ ਗਈ। ਇੰਡੀਅਨ ਤੇ ਇਸਲਾਮਿਕ ਆਰਟ ਦੇ ਬੋਨਹੈਮਸ ਹੈੱਡ ਓਲਿਵਰ ਵ੍ਹਾਈਟ ਨੇ ਕਿਹਾ ਕਿ ਨਿਲਾਮੀ ਦੌਰਾਨ ਉੱਚੀਆਂ ਕੀਮਤਾਂ ਲੱਗਣ ਤੋਂ ਸਾਫ਼ ਹੈ ਕਿ ਬੋਲੀ ਦੌਰਾਨ ਮੁਕਾਬਲਾ ਕਾਫ਼ੀ ਸਖ਼ਤ ਸੀ। ਨਿਲਾਮੀ ਦੌਰਾਨ ਸਿੱਖ ਖ਼ਜ਼ਾਨੇ 'ਚੋਂ ਜਿਹੜੀਆਂ ਹੋਰ ਵਸਤਾਂ ਬੋਲੀ ਲਈ ਰੱਖੀਆਂ ਗਈਆਂ ਸਨ, ਉਨ੍ਹਾਂ ਵਿੱਚ ਮਖਮਲ ਦੇ ਕੱਪੜੇ, ਜਿਸ 'ਤੇ ਸੋਨੇ ਦੇ ਧਾਗੇ ਦੀ ਕਢਾਈ ਕੀਤੀ ਹੋਈ ਸੀ, ਨਾਲ ਢਕਿਆ ਚਮੜੇ ਦਾ ਬਣਿਆ ਤਰਕਸ਼, ਜੋ ਕਿ ਖਾਸ ਤੌਰ 'ਤੇ ਮਹਾਰਾਜਾ ਰਣਜੀਤ ਸਿੰਘ ਲਈ ਬਣਾਇਆ ਗਿਆ ਸੀ, ਵੀ ਸ਼ਾਮਲ ਸੀ। ਇਹ ਬੋਲੀ ਦੌਰਾਨ ਇਕ ਲੱਖ ਪੌਂਡ ਵਿੱਚ ਨਿਲਾਮ ਹੋਇਆ। ਮੰਨਿਆ ਜਾਂਦਾ ਹੈ ਕਿ ਮਹਾਰਾਜਾ ਨੇ ਇਹ ਤਕਰਸ਼ ਸੰਨ 1838 ਵਿੱਚ ਆਪਣੇ ਵੱਡੇ ਪੁੱਤਰ ਦੇ ਵਿਆਹ ਮੌਕੇ ਧਾਰਨ ਕੀਤਾ ਸੀ। 19ਵੀਂ ਸਦੀ ਦੀ ਆਖਰੀ ਤਿਮਾਹੀ ਵਿੱਚ ਪੰਜਾਬ 'ਤੇ ਅੰਤਰ ਝਾਤ ਪਾਉਂਦੀਆਂ 120 ਤਸਵੀਰਾਂ ਦੀ ਕੁਲੈਕਸ਼ਨ ਵੀ ਨਿਲਾਮੀ ਦਾ ਹਿੱਸਾ ਸੀ।

# ਬੇਅਦਬੀ ਕਾਂਡ : ਬਾਦਲਾਂ ਤੇ ਸੁਮੇਧ ਸੈਣੀ ਦੀ ਗ੍ਰਿਫ਼ਤਾਰੀ ਲਈ ਵਫਦ ਰਾਜਪਾਲ ਨੂੰ ਮਿਲਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਵੱਖ-ਵੱਖ ਸਿੱਖ ਜਥੇਬੰਦੀਆਂ ਤੇ ਸਿਆਸੀ ਧਿਰਾਂ ਦੇ ਆਗੂਆਂ ਨੇ ਪੰਜਾਬ ਦੇ ਰਾਜਪਾਲ ਵੀਪੀ. ਸਿੰਘ ਬਦਨੌਰ ਨਾਲ ਮੁਲਾਕਾਤ ਕਰਕੇ ਮੰਗ ਕੀਤੀ ਕਿ ਬੇਅਦਬੀ ਤੇ ਸਾਕਾ ਬਹਿਬਲ ਕਲਾਂ ਵਿਚ ਪੁਲਸ ਵਲੋਂ ਕਤਲ ਕੀਤੇ ਦੋ ਸਿੱਖਾਂ ਦੇ ਕੇਸ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਤਤਕਾਲੀ ਪੁਲੀਸ ਮੁਖੀ ਸੁਮੇਧ ਸੈਣੀ ਦਾ ਨਾਂ ਸਾਹਮਣੇ ਆਉਣ 'ਤੇ ਉਨ੍ਹਾਂ ਵਿਰੁੱਧ ਕੇਸ ਦਰਜ ਕਰ ਕੇ ਉਹਨਾਂ ਨੂੰ ਗ੍ਰਿਫਤਾਰ ਕੀਤਾ ਜਾਵੇ। ਵਫਦ ਵਿੱਚ ਸ਼ਾਮਲ ਬਰਗਾੜੀ ਮੋਰਚੇ ਦੇ ਨੁਮਾਇੰਦਿਆਂ ਨੇ ਕਿਹਾ ਕਿ ਜਿੰਨੀ ਦੇਰ ਤੱਕ ਕੈਪਟਨ ਸਰਕਾਰ ਮੋਰਚੇ ਦੀਆਂ ਤਿੰਨੋਂ ਮੰਗਾਂ ਨਹੀਂ ਮੰਨਦੀ, ਓਨੀ ਦੇਰ ਤੱਕ ਸੰਘਰਸ਼ ਜਾਰੀ ਰਹੇਗਾ। ਆਗੂਆਂ ਨੇ ਆਖਿਆ ਕਿ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਜਾਗਣਾ ਚਾਹੀਦਾ ਹੈ ਤੇ ਕਸੂਰਵਾਰਾਂ ਵਿਰੁੱਧ ਫੌਰੀ ਕਾਰਵਾਈ ਕਰਨੀ ਚਾਹੀਦੀ ਹੈ। ਆਗੂਆਂ ਨੇ ਰਾਜਪਾਲ ਨੂੰ ਕਿਹਾ ਕਿ ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਭਾਜਪਾ ਤੇ ਅਕਾਲੀ ਦਲ ਦਾ ਵਫ਼ਦ ਰਾਜਪਾਲ ਨੂੰ ਮਿਲਿਆ ਸੀ ਤੇ ਇਸ ਵਫ਼ਦ ਨੇ ਬਰਗਾੜੀ ਵਿਚ ਚੱਲ ਰਹੇ ਇਨਸਾਫ਼ ਮੋਰਚੇ ਨੂੰ ਗਰਮਖਿਆਲੀ, ਅਤਿਵਾਦੀ ਅਤੇ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈਐੱਸਆਈ ਦੇ ਏਜੰਟ ਕਿਹਾ ਸੀ ਜਦੋਂਕਿ ਬਰਗਾੜੀ ਵਿਚ ਇਨਸਾਫ ਮੋਰਚਾ ਦਾ ਧਰਨਾ 146 ਦਿਨਾਂ ਤੋਂ ਚੱਲ ਰਿਹਾ ਹੈ ਤੇ ਪੂਰੀ ਤਰ੍ਹਾਂ ਸ਼ਾਂਤਮਈ ਹੈ। ਉਨ੍ਹਾਂ ਨੇ ਬਰਗਾੜੀ ਵਿਚ ਰਹੇ ਇਨਸਾਫ਼ ਮੋਰਚੇ ਬਾਰੇ ਗ਼ਲਤ ਪ੍ਰਚਾਰ ਕਰਨ ਲਈ ਅਕਾਲੀ ਦਲ ਦੀ ਸਖਤ ਨਿਖੇਧੀ ਕੀਤੀ। ਰਾਜਪਾਲ ਨਾਲ ਮੁਲਾਕਾਤ ਤੋਂ ਬਾਅਦ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ, ਲੋਕ ਸਭਾ ਮੈਂਬਰ ਧਰਮਵੀਰ ਗਾਂਧੀ ਨੇ ਮੰਗ ਕੀਤੀ ਕਿ ਪਿਛਲੀ ਅਕਾਲੀ ਸਰਕਾਰ ਸਮੇਂ ਸਾਲ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਬਦੀ ਦੇ ਵਿਰੋਧ 'ਚ ਸ਼ਾਂਤਮਈ ਰੋਸ ਪ੍ਰਗਟਾ ਰਹੇ ਲੋਕਾਂ 'ਤੇ ਪੁਲੀਸ ਵੱਲੋਂ ਗੋਲੀ ਚਲਾਉਣ ਅਤੇ ਲਾਠੀਆਂ ਵਰ੍ਹਾਉਣ ਦੇ ਦੋਸ਼ ਹੇਠ ਉਸ ਵੇਲੇ ਦੀ ਸਰਕਾਰ ਦੇ ਮੁਖੀਆ ਅਤੇ ਪੁਲੀਸ ਮੁਖੀ ਵਿਰੁੱਧ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਪੁਲੀਸ ਗੋਲੀ ਵਿਚ ਦੋ ਸਿੰਘ ਸ਼ਹੀਦ ਹੋ ਗਏ ਸਨ ਅਤੇ ਕਈ ਜ਼ਖ਼ਮੀ ਹੋ ਗਏ ਸਨ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਕਸੂਰਵਾਰਾਂ ਖ਼ਿਲਾਫ਼ ਕਾਰਵਾਈ ਕਰਨ ਦੀ ਥਾਂ ਲੁਕਣਮੀਚੀ ਦੀ ਖੇਡ, ਖੇਡ ਰਹੀ ਹੈ ਅਤੇ ਕੇਂਦਰ ਸਰਕਾਰ ਵੀ ਤਮਾਸ਼ਾ ਵੇਖ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਮੌਕਾ ਸੰਭਾਲਣਾ ਚਾਹੀਦਾ ਹੈ ਤੇ ਸਥਿਤੀ ਨੂੰ ਹੱਥੋਂ ਨਹੀਂ ਨਿਕਲਣਾ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੋਰਚੇ ਦੇ ਆਗੂ ਅਗਲੇ ਦਿਨਾਂ ਵਿਚ ਆਪਣੀਆਂ ਮੰਗਾਂ ਦੇ ਹੱਕ ਵਿਚ ਹੋਰ ਸਰਗਰਮੀ ਵੀ ਕਰਨਗੇ ਤੇ ਉਸ ਤੋਂ ਪਹਿਲਾਂ ਸਰਕਾਰਾਂ ਨੂੰ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਬਦੀ ਕਰਨ ਵਾਲਿਆਂ ਤੇ ਦੋ ਸਿੰਘਾਂ ਨੂੰ ਸ਼ਹੀਦ ਕਰਨ ਵਾਲੇ ਪੁਲੀਸ ਵਾਲਿਆਂ ਨੂੰ ਗ੍ਰਿਫ਼ਤਾਰ ਕਰਕੇ ਕਾਨੂੰਨ ਤਹਿਤ ਜੇਲ੍ਹ ਡੱਕਿਆ ਜਾਵੇ ਅਤੇ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਕੱਤਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਆਪਣਾ ਪੰਜਾਬ ਪਾਰਟੀ ਦੇ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਨੇ ਵੀ ਮੋਰਚੇ ਦੀਆਂ ਮੰਗਾਂ ਦੀ ਡਟਵੀਂ ਹਮਾਇਤ ਕੀਤੀ। ਵਫ਼ਦ ਵਿਚ ਸਿੱਖ ਚਿੰਤਕ ਸ. ਗੁਰਤੇਜ ਸਿੰਘ, ਪਟਿਆਲਾ ਤੋਂ ਐਮ. ਪੀ. ਡਾ. ਧਰਮਵੀਰ ਗਾਂਧੀ, ਵਿਧਾਇਕ ਕੁਲਤਾਰ ਸਿੰਘ ਸੰਧਵਾਂ, ਦਲ ਖਾਲਸਾ ਦੇ ਹਰਪਾਲ ਸਿੰਘ ਚੀਮਾ, ਸੁਤੰਤਰ ਅਕਾਲੀ ਦਲ ਦੇ ਪਰਮਜੀਤ ਸਿੰਘ ਸਹੌਲੀ, ਸਰਬਜੀਤ ਸਿੰਘ ਸੋਹਲ ਅਤੇ ਕਈ ਹੋਰ ਸ਼ਾਮਲ ਸਨ।

# ਨਵੇਂ 'ਪੰਥਕ ਬਦਲ' ਦੀ ਲੋੜ, ਬਰਗਾੜੀ ਮੋਰਚਾ ਤੇ ਪੰਥਕ ਅਸੈਂਬਲੀ

**ਭਾਈ ਗਜਿੰਦਰ ਸਿੰਘ (ਦਲ ਖਾਲਸਾ)**

7 ਅਤੇ 14 ਅਕਤੂਬਰ ਦੇ ਬਰਗਾੜੀ ਦੇ ਇਕੱਠਾਂ ਤੋਂ 'ਉਤਸ਼ਾਹਿਤ' ਹੋ ਕੇ ਕੁਝ ਵਿਦਵਾਨਾਂ, ਤੇ ਆਗੂਆਂ ਵੱਲੋਂ ਬਾਦਲਕਿਆਂ ਦੇ ਬਦਲ ਦੀ ਤਿਆਰੀ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ । ਇਸ ਦੇ ਨਾਲ ਹੀ ਕੁਝ ਮਖਸੂਸ ਹਲਕਿਆਂ ਵੱਲੋਂ ਆਪੋ-ਆਪਣੀ ਇੱਛਾ



ਮੁਤਾਬਕ ਕਿਸੇ ਇੱਕ ਜਾਂ ਦੂਜੇ ਲੀਡਰ ਨੂੰ ਅੱਗੇ ਲਿਆਣ ਦੀਆਂ ਕੋਸ਼ਿਸ਼ਾਂ ਵੀ ਸ਼ੁਰੂ ਹੋ ਚੁੱਕੀਆਂ ਹਨ । ਇਸ ਲਾਈਨ ਉਤੇ ਕੰਮ ਕਰਨ ਵਾਲੇ ਹਲਕਿਆਂ ਨੂੰ 'ਪੰਥਕ ਅਸੈਂਬਲੀ' ਦੀ ਅੱਛੀ ਸ਼ੁਰੂਆਤ ਸ਼ਾਇਦ ਆਪਣੇ ਰਸਤੇ ਦੀ ਰੁਕਾਵਟ ਲੱਗ ਰਹੀ ਹੈ, ਇਸ ਲਈ ਉਹਨਾਂ ਨੇ ਪੰਥਕ ਅਸੈਂਬਲੀ ਦਾ ਬਰਗਾੜੀ ਮੋਰਚੇ ਦੇ ਮੁਖਾਲਫ ਵਜੋਂ ਜ਼ਿਕਰ ਕਰਨਾ ਸ਼ੁਰੂ ਕਰ ਦਿੱਤਾ ਹੈ । ਉਹਨਾਂ ਵੱਲੋਂ ਪੰਥਕ ਅਸੈਂਬਲੀ ਦਾ ਬੇਲੋੜਾ ਵਿਰੋਧ, ਦੂਜੇ ਅਰਥਾਂ ਵਿਚ ਬਰਗਾੜੀ ਮੋਰਚੇ ਦੇ ਵਿਰੋਧ ਵਾਂਗ ਹੀ ਹੈ । ਪੰਥਕ ਅਸੈਂਬਲੀ ਵੱਲੋਂ ਬਰਗਾੜੀ ਮੋਰਚੇ ਦੀ ਹਮਾਇਤ ਕੀਤੀ ਗਈ ਹੈ, ਪਰ ਇਹ ਸੱਜਣ ਧੱਕੇ ਨਾਲ ਇਸ ਵਿੱਚੋਂ ਵਿਰੋਧ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ। ਸਿਮਰਨਜੀਤ ਸਿੰਘ ਮਾਨ ਦਾ 'ਪੰਥਕ ਅਸੈਂਬਲੀ' ਦੇ ਫੈਸਲਿਆਂ ਦੀ ਹਮਾਇਤ ਵਿਚ ਇੱਕ ਸਿਆਣਪ ਭਰਿਆ ਬਿਆਨ ਸਾਹਮਣੇ ਆਇਆ ਹੈ, ਜੋ ਪੁੱਠੀ ਦਿਸ਼ਾ ਵਿੱਚ ਚੱਲ ਰਹੀਆਂ ਸੋਚਾਂ ਲਈ ਜਵਾਬ ਵੀ ਬਣਦਾ ਹੈ। ਬਾਦਲਕਿਆਂ ਦਾ 'ਬਦਲ' ਯਕੀਨਨ ਚਾਹੀਦਾ ਹੈ, ਪਰ



ਇਹ ਕਿਸੇ ਇੱਕ ਧੜੇ ਜਾਂ ਵਿਅਕਤੀ ਦੀਆਂ ਇੱਛਾਵਾਂ ਦੀ ਪੂਰਤੀ ਦਾ ਕੋਈ ਉਪਰਾਲਾ ਨਹੀਂ ਹੋਣਾ ਚਾਹੀਦਾ। ਪਰਕਾਸ਼ ਸਿੰਘ ਬਾਦਲ ਦੀ ਲੀਡਰਸ਼ਿੱਪ ਵਿਚ ਆਉਣ ਤੋਂ ਬਾਅਦ ਅਕਾਲੀ ਦਲ 'ਪੰਥਕ' ਤੋਂ 'ਅਪੰਥਕ' ਕਿਵੇਂ ਹੋ ਗਿਆ ਸੀ, ਇਸ ਦਾ ਵੱਡਾ ਕਾਰਨ ਸਮੁੱਚਾ ਅਕਾਲੀ ਦਲ ਦਾ ਇਕ ਪਰਿਵਾਰ ਦੁਆਲੇ ਕੇਂਦ੍ਰਿਤ ਹੋ ਕੇ ਰਹਿ ਜਾਣਾ ਅਤੇ ਪਰਿਵਾਰ ਦੀ ਜਾਇਦਾਦ ਬਣ ਕੇ ਰਹਿ ਜਾਣਾ ਹੈ । ਵੱਡੇ ਬਾਦਲ ਨੇ ਆਪਣੇ ਰੀਟਾਇਰ ਹੋਣ ਤੋਂ ਪਹਿਲਾਂ ਅਕਾਲੀ ਦਲ ਨੂੰ ਆਪਣੀ ਜਾਇਦਾਦ ਵਾਂਗ ਆਪਣੇ ਪੁੱਤਰ ਦੀ ਝੋਲੀ ਵਿਚ ਪਾ ਦਿੱਤਾ। ਵੱਡੇ-ਵੱਡੇ ਪੁਰਾਣੇ ਅਕਾਲੀ ਲੀਡਰ ਪਿਛਲੀਆਂ ਕਤਾਰਾਂ ਵਿਚ ਬਹਿਣ ਲਈ ਮਜਬੂਰ ਹੋ ਗਏ । ਇਸ ਪਰਿਵਾਰ ਨੂੰ ਪੰਜਾਬ ਉਤੇ ਆਪਣਾ ਹਕੂਮਤੀ ਸ਼ਿਕੰਜਾ ਬਣਾਈ ਰੱਖਣ ਲਈ ਆਰਐਸਐਸ ਦੀ ਸੋਚ ਵਾਲੀ ਹਿੰਦੂ ਵੋਟ ਦੀ ਲੋੜ ਸੀ, ਤਾਂ ਇਹਨਾਂ ਨੇ ਕੌਮ ਦੇ ਹਿੱਤ ਛਿੱਕੇ ਉਤੇ ਟੰਗ ਕੇ ਅਕਾਲੀ ਦਲ ਨੂੰ ਪੱਕੇ ਤੌਰ ਉਤੇ ਆਰਐਸਐਸ ਦੀ ਝੋਲੀ ਵਿੱਚ ਪਾ ਦਿੱਤਾ ਅਤੇ ਬੀਜੇਪੀ ਨੂੰ ਆਪਣਾ 'ਖਸਮ' ਮੰਨ ਲਿਆ।

ਹੁਣ ਜਦੋਂ ਬਾਦਲਕਿਆਂ ਦੇ 'ਬਦਲ' ਦੀ ਤਿਆਰੀ ਦੀਆਂ ਗੱਲਾਂ ਚੱਲ ਰਹੀਆਂ ਹਨ, ਤਾਂ ਮੈਂ ਇੱਕ ਦੋ ਗੱਲਾਂ ਬਾਰੇ ਪੰਥਕ ਪਿਆਰ ਵਾਲੇ ਵੀਰਾਂ ਨੂੰ ਖਬਰਦਾਰ ਕਰਨਾ ਚਾਹ ਰਿਹਾ ਹਾਂ। ਇਹ ਨਵਾਂ ਪੰਥਕ ਬਦਲ ਕਿਸੇ ਇੱਕ ਵਿਅਕਤੀ, ਗਰੁੱਪ ਜਾਂ ਧੜੇ ਦੀ ਸੋਚ ਜਾਂ ਇੱਛਾ ਮੁਤਾਬਕ ਹਰਗਿਜ਼ ਨਹੀਂ ਹੋਣਾ ਚਾਹੀਦਾ, ਹੋ ਵੀ ਨਹੀਂ ਸਕੇਗਾ। ਬਾਦਲਕਿਆਂ ਵਾਂਗ, ਸਾਰੇ ਅਧਿਕਾਰ ਕਿਸੇ ਇੱਕ ਲੀਡਰ ਨੂੰ ਦੇਣ ਦਾ ਰੁਝਾਨ ਪੰਥ ਲਈ ਕਦੇ ਠੀਕ ਸਾਬਿਤ ਨਹੀਂ ਹੋਇਆ ਤੇ ਨਾ ਹੋ ਸਕੇਗਾ । ਨਵਾਂ ਬਦਲ ਹਕੀਕੀ ਅਰਥਾਂ ਵਿਚ ਸਮੁੱਚੇ ਪੰਥ ਦੀਆਂ ਭਾਵਨਾਵਾਂ ਤੇ ਹਿੱਤਾਂ ਦੀ ਤਰਜਮਾਨੀ ਕਰਨ ਵਾਲਾ ਹੋਣਾ ਚਾਹੀਦਾ ਹੈ। ਅਗਰ ਇੰਝ ਨਾ ਹੋ ਸਕਿਆ ਤਾਂ ਇਹ ਵੀ ਇੱਕ ਹੋਰ ਨਾਕਾਮ ਤਜਰਬਾ ਹੀ ਸਾਬਿਤ ਹੋਵੇਗਾ। ਪਹਿਲਾਂ ਵੀ ਕਈ ਵਾਰ ਇਹੋ ਜਿਹੇ ਮੌਕੇ ਆਏ ਹਨ ਤੇ ਇਹੋ ਜਿਹੇ ਤਜਰਬੇ ਨਾਕਾਮ ਹੋ ਚੁੱਕੇ ਹਨ, ਪਰ ਹੁਣ ਨਹੀਂ ਹੋਣਾ ਚਾਹੀਦਾ । ਇਸ ਵਾਰ ਤਜਰਬੇ ਨੂੰ ਕਾਮਯਾਬ ਕਰਨ ਲਈ ਸਭ ਨੂੰ ਸਮਝਦਾਰੀ ਤੇ ਵੱਡੇ ਦਿਲਾਂ ਦਾ ਮੁਜ਼ਾਹਰਾ ਕਰਨ ਦੀ ਲੋੜ ਹੈ।

# ਪੰਥਕ ਅਸੈਂਬਲੀ-ਪੰਥਕ ਮੁੱਦੇ ਅਤੇ ਸਿੱਖ ਪੰਥ

**ਰਜਿੰਦਰ ਸਿੰਘ ਪੁਰੇਵਾਲ**



ਸ. ਸੁਖਦੇਵ ਸਿੰਘ ਭੌਰ ਸਾਬਕਾ ਜਨਰਲ ਸਕੱਤਰ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿਚ ਕੁਝ ਪੰਥਕ ਆਗੂਆਂ ਨੇ ਪੰਥਕ ਅਸੈਂਬਲੀ ਬਣਾਈ, ਜਿਸ ਵਿਚ ਪੰਥਕ ਮੁੱਦੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਵਿਚਾਰਿਆ ਗਿਆ। ਇਹ ਪਹਿਲੀ ਵਾਰ ਹੈ ਕਿ ਸਿੰਘ ਸਭਾ ਲਹਿਰ ਤੋਂ ਬਾਅਦ ਸਿੱਖ ਪੰਥ ਨੇ ਬੌਧਿਕਤਾ ਦੀ ਲਹਿਰ ਉਸਾਰਨ ਦੀ ਕੋਸ਼ਿਸ਼ ਕੀਤੀ ਹੈ। ਬੌਧਿਕਤਾ ਹੀ ਅਸਲ ਵਿਚ ਕੌਮਾਂ ਦੀ ਅਗਵਾਈ ਕਰਦੀ ਹੈ। ਕਦੇ ਵੀ ਜਜ਼ਬਾਤ ਨਾਲ ਲੜਾਈ ਨਹੀਂ ਲੜੀ ਜਾ ਸਕਦੀ। ਜਜ਼ਬਾਤ ਬੌਧਿਕਤਾ ਨਾਲ ਲੈਸ ਹੋਣੇ ਚਾਹੀਦੇ ਹਨ। ਗਿਆਨ, ਅਕਲ, ਸੋਝੀ, ਨੀਤੀ ਤੁਹਾਡੀ ਕੌਮ ਨੂੰ ਹੀ ਅੱਗੇ ਵਧਾ ਸਕਦੀ ਹੈ ਤੇ ਸ਼ਾਤਰ ਦੁਸ਼ਮਣਾਂ ਦਾ ਮੁਕਾਬਲਾ ਕਰ ਸਕਦੀ ਹੈ। ਅਸਲ ਵਿਚ ਪੂਰੇ ਭਾਰਤ ਵਿਚ 85% ਲੋਕਾਂ ਨਾਲ ਧੱਕਾ ਹੋ ਰਿਹਾ ਹੈ, ਜੋ ਸਿੱਖ ਪੰਥ ਨਾਲ ਵੀ ਹੋ ਰਿਹਾ ਹੈ। ਸੰਨ 1978 ਦੀ ਵਿਸਾਖੀ ਤੋਂ ਬਾਅਦ ਸਿੱਖ ਪੰਥ ਹਥਿਆਰਬੰਦ ਲੜਾਈ ਵੀ ਲੜ ਚੁੱਕਾ ਹੈ। ਇਸ ਤੋਂ ਬਾਅਦ ਸਿੱਖ ਪੰਥ ਦੀ ਨਸਲਕੁਸ਼ੀ ਵੀ ਹੋਈ ਹੈ। ਦੋ ਘੱਲੂਘਾਰੇ ਜੂਨ 84 ਤੇ ਨਵੰਬਰ 84 ਵੀ ਹੰਢਾਉਣੇ ਪਏ ਹਨ। ਪੰਜਾਬ ਦਾ ਬਹੁਤ ਵੱਡਾ ਨੁਕਸਾਨ ਇਕ ਸਾਜ਼ਿਸ਼ ਤਹਿਤ ਕੀਤਾ ਗਿਆ ਹੈ। ਪਾਣੀ ਲੁੱਟ ਲਏ ਗਏ, ਸਨਅਤ ਤਬਾਹ ਕਰ ਦਿੱਤੀ, ਕਿਸਾਨੀ ਤਬਾਹ ਕਰ ਦਿੱਤੀ, ਰੁਜ਼ਗਾਰ ਖੋਹ ਲਏ, ਇਹ ਸਭ ਸਾਜ਼ਿਸ਼ ਤਹਿਤ ਕੀਤਾ ਗਿਆ ਹੈ। ਵੱਡੀ ਗੱਲ ਹੈ ਕਿ ਅਸੀਂ ਸੁਚੇਤ ਨਹੀਂ ਸਾਂ। ਸੁਚੇਤ ਹੁਣ ਵੀ ਨਹੀਂ ਹਾਂ। ਅਸੀਂ ਬੌਧਿਕਤਾ ਵੱਲ ਚੱਲੇ ਹੀ ਨਹੀਂ। ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਬੌਧਿਕਤਾ ਨੂੰ, ਗਿਆਨ ਨੂੰ ਅਪਣਾਇਆ ਗਿਆ। ਸ਼ਬਦ ਗੁਰੂ ਦਾ ਸੰਕਲਪ ਇਸੇ ਪਰਿਪੇਖ ਵਿਚ ਹੀ ਦੇਖਣਾ ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਗਿਆਨ ਦਾ ਸੋਮਾ ਹਨ। ਇਸੇ ਤੋਂ ਹੀ ਸੇਧ ਲੈਣੀ ਬਣਦੀ ਹੈ। 19ਵੀਂ ਸਦੀ ਦੇ ਅਖੀਰ ਤੇ 20ਵੀਂ ਸਦੀ ਦੇ ਸ਼ੁਰੂਆਤ ਦੌਰਾਨ ਗਿਆਨੀ ਦਿੱਤ ਸਿੰਘ ਜੀ ਤੇ ਪ੍ਰੋ. ਗੁਰਮੁਖ ਸਿੰਘ ਜੀ, ਭਾਈ ਕਾਹਨ ਸਿੰਘ ਨਾਭਾ ਤੇ ਹੋਰਨਾਂ ਨੇ ਸਿੱਖ ਬੌਧਿਕਤਾ ਦੀ ਉਸਾਰੀ ਕੀਤੀ ਸੀ। ਉਸ ਲਹਿਰ ਦਾ ਨਾਮ ਸਿੰਘ ਸਭਾ ਲਹਿਰ ਸੀ। ਇਸ ਲਹਿਰ ਨੇ ਜਿੱਥੇ ਆਰੀਆ ਸਮਾਜੀਆਂ ਨਾਲ ਵਿਚਾਰਧਾਰਕ ਟੱਕਰ ਲੈ ਕੇ ਸਿੱਖ ਪੰਥ ਦਾ ਭਗਵਾਂਕਰਨ ਹੋਣ ਤੋਂ ਰੋਕਿਆ, ਉੱਥੇ ਸਿੱਖਾਂ ਦਾ ਇਸਾਈਕਰਨ ਹੋਣ ਤੋਂ ਰੋਕਣ ਲਈ ਸਿੱਖ ਮੀਡੀਆ, ਸਿੱਖ ਸਾਹਿਤ, ਇਤਿਹਾਸ, ਸਿੱਖ ਵਿਦਿਅਕ ਅਦਾਰਿਆਂ ਦੀ ਉਸਾਰੀ ਕੀਤੀ ਤੇ ਗੁਰੂ ਡੰਮ ਵਿਰੁੱਧ ਲਹਿਰ ਚਲਾਈ। ਇਸੇ ਵਿਚੋਂ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਪ੍ਰਗਟ ਹੋਏ। ਪੰਥਕ ਅਸੈਂਬਲੀ ਨੂੰ ਵੀ ਇਨ੍ਹਾਂ ਲੀਹਾਂ 'ਤੇ ਲਗਾਤਾਰ ਚਲਾਉਣ ਦੀ ਲੋੜ ਹੈ। ਇਸ ਦੇ ਚੰਗੇ ਨਤੀਜੇ ਨਿਕਲਣਗੇ। ਪੰਥਕ ਅਸੈਂਬਲੀ ਵਿਚ ਸਾਬਕਾ ਸਿੱਖ ਬਿਊਰੋਕ੍ਰੇਟ, ਡਾਕਟਰ, ਇੰਜੀਨੀਅਰ, ਫੌਜੀ ਅਫ਼ਸਰ, ਪੱਤਰਕਾਰ, ਬਿਜਨਸਮੈਨ ਤੇ ਧਾਰਮਿਕ ਸਿਆਸੀ ਆਗੂ ਸ਼ਾਮਲ ਸਨ। ਸਭ ਬੁਲਾਰਿਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਿੱਖ ਲੀਡਰਸ਼ਿਪ ਦੀ ਉਸਾਰੀ ਕਰਨੀ ਚਾਹੀਦੀ ਹੈ ਤੇ ਪੰਥ 'ਤੇ ਹੋ ਰਹੇ ਬੌਧਿਕ ਹਮਲਿਆਂ ਦਾ ਗਿਆਨ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ। ਅਕਾਲ ਤਖ਼ਤ ਦੇ ਜਥੇਦਾਰ ਦੀ ਅਗਵਾਈ ਦੀ ਗੱਲ ਵੀ ਚੱਲੀ। ਬਹੁਤਿਆਂ ਦਾ ਪੱਖ ਇਹ ਸੀ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਅਹੁਦੇ ਲਈ ਨਿਯਮ ਬਣਨੇ ਚਾਹੀਦੇ ਹਨ ਤੇ ਸ਼੍ਰੋਮਣੀ ਕਮੇਟੀ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਅਕਾਲ ਤਖ਼ਤ ਦਾ ਜਥੇਦਾਰ ਚੁਣੇ। ਇਕ ਸੁਝਾਅ ਇਹ ਵੀ ਹੈ ਕਿ ਇਸ ਸੰਬੰਧੀ ਪੰਥਕ ਕਮੇਟੀ ਬਣਨੀ ਚਾਹੀਦੀ ਹੈ, ਜੋ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੰਥ ਦੀ ਸਾਂਝੀ ਰਾਇ ਰਾਹੀ ਚੁਣੇ ਅਤੇ ਪੰਥ ਦੀ ਰਾਇ ਅਨੁਸਾਰ ਹੀ ਫੈਸਲੇ ਲਏ ਜਾਣ। ਇਸ ਨਾਲ ਹੀ ਸਰਬੱਤ ਖਾਲਸੇ ਦਾ ਸੰਕਲਪ ਪ੍ਰਗਟ ਹੋ ਸਕਦਾ ਹੈ। ਪੰਥਕ ਅਸੈਂਬਲੀ ਰਾਹੀਂ ਇਹ ਗੱਲ ਸਾਫ ਕਰ ਦਿੱਤੀ ਗਈ ਕਿ ਗੁਰੂ ਗ੍ਰੰਥ ਸਾਹਿਬ ਬੇਅਦਬੀ ਕਾਂਡ ਪਿੱਛੇ ਸਿਰਸਾ ਡੇਰੇ ਦੇ ਪ੍ਰੇਮੀਆਂ ਅਤੇ ਅਕਾਲੀ ਦਲ ਹਾਈਕਮਾਨ ਦੀ ਰਲਵੀਂ-ਮਿਲਵੀਂ ਸਾਜ਼ਿਸ਼ ਹੈ।

ਨਵੰਬਰ '84 ਮਗਰੋਂ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲਿਆ, ਹਾਲਾਂਕਿ ਅਨੇਕਾਂ ਕਮਿਸ਼ਨ ਬਣਾਏ ਗਏ। ਅਨੇਕਾਂ ਐਸਆਈਟੀ. ਬਣਾਈਆਂ ਗਈਆਂ ਪਰ ਇਕ ਵੀ ਮੁੱਖ ਦੋਸ਼ੀ ਗ੍ਰਿਫ਼ਤਾਰ ਨਾ ਹੋਇਆ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਫਿਰ ਨਿਹੱਥੇ ਸਿੱਖਾਂ ਉਤੇ ਗੋਲੀਆਂ ਦੀ ਵਾਛੜ ਦੀ ਸਰਕਾਰੀ ਕਰਤੂਤ ਪੰਥ ਤੇ ਪੰਜਾਬੀ ਭੁਲਾ ਨਹੀਂ ਸਕਦੇ। ਇਹੀ ਅਕਾਲੀ ਦਲ ਦੀ ਵਿਰੋਧਤਾ ਦਾ ਕਾਰਨ ਹੈ। ਹੁਣ ਤਾਂ ਪੰਜਾਬੀ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਨੂੰ ਵੀ ਇਸ ਦਾ ਦੋਸ਼ੀ ਸਮਝਣ ਲੱਗ ਪਏ ਹਨ, ਕਿਉਂਕਿ ਉਨ੍ਹਾਂ 'ਤੇ ਵੀ ਦੋਸ਼ ਲੱਗ ਰਹੇ ਹਨ ਕਿ ਉਹ ਦੋਸ਼ੀਆਂ ਨੂੰ ਬਚਾ ਰਹੇ ਹਨ। ਹੁਣ ਸਿੱਖ ਜਾਗ ਰਹੇ ਹਨ, ਵਿਚਾਰ ਕਰ ਰਹੇ ਹਨ, ਇਹ ਬਹੁਤ ਮਹੱਤਵਪੂਰਨ ਮੁੱਦਾ ਹੈ। ਸਮੁੱਚਾ ਸਿੱਖ ਸੰਸਾਰ ਪੰਜਾਬ ਨੂੰ ਤੇ ਪੰਜਾਬ ਦੀ ਧਰਤੀ ਨੂੰ ਬਚਾਉਣ ਲਈ ਸਿੱਖੀ ਦੇ ਵਿਕਾਸ ਲਈ, ਸਰਬੱਤ ਦੇ ਭਲੇ ਲਈ ਮੁਹਿੰਮ ਚਲਾਵੇ। ਗੁਰੂ ਦੇ ਰਾਹਾਂ 'ਤੇ ਚੱਲ ਕੇ ਹੀ ਅਸੀਂ ਸਦੀ ਦਾ ਵਧੀਆ ਮਨੁੱਖ ਬਣ ਸਕਦੇ ਹਾਂ। ਦੀਨ ਦੁਨੀ ਦਾ ਰਾਖਾ ਗੁਰੂ ਵਾਂਗ ਸਿੱਖ ਹੀ ਹੋ ਸਕਦਾ ਹੈ। ਇਸ ਸ਼ਕਤੀ ਨੂੰ ਪਛਾਨਣ ਦੀ ਲੋੜ ਹੈ। ਅਸੀਂ ਆਪਣੀ ਲੜਾਈ, ਆਪਣੀ ਆਜ਼ਾਦੀ ਦੇ ਨਾਲ ਭਾਰਤ ਦੇ ਦੱਬੇ-ਕੁਚਲੇ ਲੋਕਾਂ, ਘੱਟ ਗਿਣਤੀਆਂ, ਆਦਿਵਾਸੀਆਂ, ਗਰੀਬ ਹਿੰਦੂਆਂ ਦੇ ਹੱਕਾਂ ਲਈ ਵੀ ਲੜੀਏ। ਅਜ਼ਾਦੀ ਹਰੇਕ ਮਨੁੱਖ ਦਾ ਅਧਿਕਾਰ ਹੈ। ਕਿਸੇ ਵੀ ਵਿਅਕਤੀ ਨੂੰ ਦੂਸਰੇ ਵਿਅਕਤੀ ਨੂੰ ਗੁਲਾਮ ਬਣਾਉਣ ਦਾ, ਜ਼ੁਲਮ ਕਰਨ ਦਾ ਕੋਈ ਅਧਿਕਾਰ ਨਹੀਂ। ਪੰਥਕ ਅਸੈਂਬਲੀ ਨੂੰ, "ਜੀ ਆਇਆਂ ਨੂੰ"। ਸਮੁੱਚੇ ਸੰਸਾਰ ਦੇ ਸਿੱਖਾਂ ਨੂੰ ਸੱਦਾ ਦੇਈਏ ਕਿ ਆਓ ਅਸੀਂ ਰਲ ਕੇ ਬੌਧਿਕ ਲਹਿਰ ਪੂਰੇ ਵਿਸ਼ਵ ਵਿਚ ਚਲਾਈਏ ਤੇ ਗੁਰੂ ਗ੍ਰੰਥ ਸਾਹਿਬ ਦੇ ਮਿਸ਼ਨ ਨੂੰ ਸਰਬੱਤ ਦੇ ਭਲੇ ਲਈ ਪਸਾਰੀਏ। ਲੋਕਾਂ ਦੀ ਅਜ਼ਾਦੀ, ਸਰਬੱਤ ਦਾ ਭਲਾ ਤੇ ਮਨੁੱਖੀ ਅਧਿਕਾਰ ਹੀ ਸਾਡਾ ਮਿਸ਼ਨ ਹੈ।

# ਚੀਨੀ ਭਾਸ਼ਾ 'ਚ ਹੋ ਰਿਹਾ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਨੁਵਾਦ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਹੁਣ ਚੀਨ ਵਿਚ ਵੀ ਸਿੱਖ ਧਰਮ ਦਾ ਪ੍ਰਚਾਰ ਸ਼ੁਰੂ ਹੋ ਗਿਆ ਹੈ। ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਚੀਨੀ ਭਾਸ਼ਾ ਵਿਚ ਕਰਨ ਦਾ ਕਾਰਜ ਜਾਰੀ ਹੈ, ਜਦੋਂਕਿ ਨਿਤਨੇਮ ਦੀਆਂ ਬਾਣੀਆਂ ਵਿਚੋਂ ਜਪੁਜੀ ਸਾਹਿਬ ਦਾ ਅਨੁਵਾਦ ਚੀਨੀ ਭਾਸ਼ਾ ਵਿਚ ਕੀਤਾ ਜਾ ਚੁੱਕਾ ਹੈ।

ਇਸ ਬਾਰੇ ਜਾਣਕਾਰੀ ਅਮਰੀਕੀ ਸਿੱਖਾਂ ਦੇ ਇਕ ਵਫ਼ਦ ਨੇ ਦਿੱਤੀ, ਜੋ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਪੁੱਜਾ ਸੀ। ਇਹ ਸਾਰੇ ਸਿੱਖ, ਜੋ ਅਮਰੀਕਾ ਵਿਚਲੀ 'ਸਿੱਖ ਧਰਮਾ ਇੰਟਰਨੈਸ਼ਨਲ' ਨਾਲ ਸਬੰਧਤ ਸਨ, ਨਗਰ ਕੀਰਤਨ ਵਿਚ ਇਕੋ ਜਿਹੇ ਰੰਗ ਦੇ ਚੋਲੇ ਪਾ ਕੇ ਸ਼ਾਮਲ ਹੋਏ ਸਨ। ਉਨ੍ਹਾਂ ਦੱਸਿਆ ਕਿ ਜਥੇਬੰਦੀ ਵਲੋਂ ਸਿੱਖੀ ਦੇ ਕੀਤੇ ਜਾ ਰਹੇ ਯਤਨਾਂ ਸਦਕਾ ਚੀਨ ਵਿਚ ਲੋਕ ਸਿੱਖ ਧਰਮ ਵਿਚ ਸ਼ਾਮਲ ਵੀ ਹੋ ਰਹੇ ਹਨ। ਉਥੋਂ ਦੇ ਲੋਕਾਂ ਨੂੰ ਸਥਾਨਕ ਭਾਸ਼ਾ ਵਿਚ ਹੀ ਸਿੱਖ ਧਰਮ ਅਤੇ ਗੁਰੂ ਸਾਹਿਬ ਦਾ ਸਰਬੱਤ ਦੇ ਭਲੇ ਦਾ ਫਲਸਫਾ ਦੱਸਿਆ ਜਾ ਰਿਹਾ ਹੈ। ਜਥੇਬੰਦੀ ਦੇ ਮੌਜੂਦਾ ਮੁਖੀ ਭਾਈ ਕੁਲਬੀਰ ਸਿੰਘ ਖਾਲਸਾ, ਜੋ ਕਿ ਜਥੇਬੰਦੀ ਦੇ ਸੰਸਥਾਪਕ ਸਵਰਗੀ ਹਰਭਜਨ ਸਿੰਘ ਖਾਲਸਾ ਯੋਗੀ ਦੇ ਸਪੁੱਤਰ ਹਨ, ਨੇ ਇਥੇ ਪੱਤਰਕਾਰ ਸੰਮੇਲਨ ਦੌਰਾਨ ਸਤਸਿਮਰਨ ਸਿੰਘ, ਡਾ. ਹਰਜੋਤ ਕੌਰ ਅਤੇ ਸ਼ਾਂਤੀ ਕੌਰ ਸਮੇਤ ਦੱਸਿਆ ਕਿ ਜਥੇਬੰਦੀ ਵਲੋਂ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਆਨ ਲਾਈਨ ਕੋਰਸ ਸ਼ੁਰੂ ਕੀਤੇ ਗਏ ਹਨ।



ਇਸ ਉਪਰਾਲੇ ਤਹਿਤ ਵਿਸ਼ਵ ਪੱਧਰ 'ਤੇ 20 ਦੇਸ਼ਾਂ ਦੇ ਲਗਪਗ ਤਿੰਨ ਹਜ਼ਾਰ ਤੋਂ ਵੱਧ ਵਿਅਕਤੀ ਉਨ੍ਹਾਂ ਨਾਲ ਜੁੜੇ ਹਨ, ਜਿਨ੍ਹਾਂ ਵਲੋਂ ਪਹਿਲਾ ਕੋਰਸ ਕੀਤਾ ਗਿਆ ਹੈ। ਇਸ ਸਬੰਧ ਵਿਚ ਸਿੱਖ ਨੈੱਟ ਲਰਨਿੰਗ ਸੈਂਟਰ ਦੀ ਸਥਾਪਨਾ ਕੀਤੀ ਗਈ ਹੈ, ਜਿਸ ਰਾਹੀਂ ਇਹ ਕੋਰਸ ਸ਼ੁਰੂ ਕੀਤਾ ਗਿਆ ਸੀ। ਹੁਣ ਦੋ ਹਫ਼ਤਿਆਂ ਦਾ ਦੂਜਾ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਦਾ ਮੰਤਵ ਤਣਾਅ ਖ਼ਤਮ ਕਰਨਾ ਅਤੇ ਪ੍ਰਮਾਤਮਾ ਨਾਲ ਜੁੜਨਾ ਹੈ। ਇਸ ਤੋਂ ਪਹਿਲਾਂ ਕਰਵਾਇਆ ਗਿਆ ਕੋਰਸ 'ਗੁਰੂ ਨਾਲ ਤੁਹਾਡਾ ਨਿੱਜੀ ਰਿਸ਼ਤਾ' ਸਿਰਲੇਖ ਹੇਠ ਮੁਕੰਮਲ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਵਿਸ਼ਵ ਦੇ ਹੋਰ ਵੀ ਕਈ ਮੁਲਕਾਂ ਵਿਚ ਉਥੋਂ ਦੀ ਸਥਾਨਕ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਹੋ ਰਿਹਾ ਹੈ। ਇਸ ਸਬੰਧੀ ਉਨ੍ਹਾਂ ਰਸ਼ੀਅਨ ਭਾਸ਼ਾ ਵਿਚ ਹੋ ਰਹੇ ਅਨੁਵਾਦ ਦਾ ਵੀ ਜ਼ਿਕਰ ਕੀਤਾ ਹੈ। ਹੁਣ ਤਕ ਉਹ ਦਸ ਹਜ਼ਾਰ ਤੋਂ ਵੱਧ ਅਜਿਹੇ ਅਧਿਆਪਕ ਤਿਆਰ ਕਰ ਚੁੱਕੇ ਹਨ, ਜੋ ਵੱਖ ਵੱਖ ਮੁਲਕਾਂ ਦੇ ਵੱਖ ਵੱਖ ਸ਼ਹਿਰਾਂ ਵਿਚ ਸਿੱਖੀ ਬਾਰੇ ਗਿਆਨ ਦੇ ਰਹੇ ਹਨ।

ਡਾ. ਹਰਜੋਤ ਕੌਰ ਨੇ ਦੱਸਿਆ ਕਿ ਹੁਣ ਜਥੇਬੰਦੀ ਵਲੋਂ ਡਿਜ਼ੀਟਲ ਸੰਗਤ ਜੋੜੀ ਜਾ ਰਹੀ ਹੈ। ਡਿਜ਼ੀਟਲ ਦੀ ਦੁਨੀਆ ਰਾਹੀਂ ਦੂਰ ਵੱਖ-ਵੱਖ ਕੋਨਿਆਂ ਵਿਚ ਬੈਠੇ ਲੋਕਾਂ ਤਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫ਼ੇ ਦਾ ਪ੍ਰਚਾਰ ਸੁਖਾਲੇ ਢੰਗ ਨਾਲ ਕੀਤਾ ਜਾ ਰਿਹਾ ਹੈ।

# ਰਾਜਦੂਤ ਕੈਨੈਥ ਆਈਨ ਜਸਟਰ ਨੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਭਾਰਤ 'ਚ ਅਮਰੀਕੀ ਰਾਜਦੂਤ ਕੈਨੈਥ ਆਈਨ ਜਸਟਰ ਮਹਾਰਾਜਾ ਰਣਜੀਤ ਸਿੰਘ ਚਾਕ ਤੋਂ ਵਿਰਾਸਤੀ ਮਾਰਗ ਹੁੰਦੇ ਹੋਏ ਸ੍ਰੀ ਹਰਿਮੰਦਰ ਸਾਹਿਬ ਗਏ ਤੇ ਸ੍ਰੀ ਦਰਬਾਰ ਸਾਹਿਬ ਵਿਚ ਨਤਮਸਤਕ ਹੋਏ। ਰਸਤੇ ਵਿਚ ਉਨ੍ਹਾਂ ਸ਼ਰਧਾਲੂਆਂ ਨਾਲ ਸੈਲਫ਼ੀਆਂ ਵੀ ਲਈਆਂ। ਉਨ੍ਹਾਂ ਸ਼ਰਧਾ ਸਹਿਤ ਇਸ ਪਾਵਨ ਅਸਥਾਨ 'ਤੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਸੂਚਨਾ ਕੇਂਦਰ ਦੇ ਅਧਿਕਾਰੀ ਅੰਮ੍ਰਿਤਪਾਲ ਸਿੰਘ ਨੇ ਪਰਿਕਰਮਾ ਦੌਰਾਨ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਅਤੇ ਇਥੇ ਸਥਿਤ ਹੋਰ ਗੁਰਦੁਆਰਾ ਸਾਹਿਬਾਨ ਅਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਸਮੇਂ ਹੋਏ ਅਨੂਠੇ ਅਨੁਭਵ ਨੂੰ ਸੂਚਨਾ ਕੇਂਦਰ ਦੀ ਯਾਤਰੂ ਪੁਸਤਕ ਵਿਚ ਦਰਜ ਕਰਦਿਆਂ



ਉਨ੍ਹਾਂ ਲਿਖਿਆ ਕਿ ਇਹ ਅਸਥਾਨ ਬੇਹੱਦ ਸ਼ਾਨਦਾਰ ਤੇ ਮਨਮੋਹਕ ਹੈ ਤੇ ਉਨ੍ਹਾਂ ਦੀ ਇਹ ਯਾਤਰਾ ਯਾਦਗਾਰੀ ਹੈ। ਦਰਸ਼ਨ ਕਰਨ ਉਪਰੰਤ ਮਿਸਟਰ ਜਸਟਰ ਨੂੰ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਵਲੋਂ ਸ੍ਰੀ ਹਰਿਮੰਦਰ ਸਾਹਿਬ ਦਾ ਸੁੰਦਰ ਮਾਡਲ ਤੇ ਸਿੱਖ ਇਤਿਹਾਸ ਦੀਆਂ ਪੁਸਤਕਾਂ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

# ਬਾਗੀਆਂ ਕਾਰਨ ਪੰਜਾਬ ’ਚ ਕਮਜ਼ੋਰ ਦਿਖਾਈ ਦੇ ਰਹੀ ਹੈ ਆਮ ਆਦਮੀ ਪਾਰਟੀ

**ਚੰਡੀਗੜ੍ਹ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ ਸੰਨ 2019 ਦੀਆਂ ਲੋਕ ਸਭਾ ਚੋਣਾਂ ਵਿਚ 100 ਸੀਟਾਂ ’ਤੇ ਚੋਣ ਲੜੇਗੀ। ਇਨ੍ਹਾਂ ਵਿੱਚੋਂ 13 ਸੀਟਾਂ ਪੰਜਾਬ ਵਿੱਚ ਹਨ, ਜਿੱਥੇ ਪਾਰਟੀ ਨੇ ਸੰਨ 20 14 ਵਿੱਚ ਚਾਰ ਸੀਟਾਂ ਜਿੱਤੀਆਂ ਸਨ। ਸੰਨ 2014 ਦੀਆਂ ਚੋਣਾਂ ਵਿੱਚ ਪਾਰਟੀ ਨਵੇਂ ਬਦਲ ਵਜੋਂ ਉਤਰੀ ਸੀ ਪਰ ਹੁਣ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਲਈ ਬਹੁਤ ਕੁਝ ਬਦਲ ਗਿਆ ਹੈ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਨੇ ਉਮੀਦ ਤੋਂ ਖਰਾਬ ਪ੍ਰਦਰਸ਼ਨ ਕੀਤਾ। ਧੜੇਬੰਦੀ, ਬਗ਼ਾਵਤ ਤੇ ਕਈ ਆਗੂ ਮੁਅੱਤਲ ਕਰ ਦੇਣ ਤੋਂ ਬਾਅਦ ਹਾਲਾਤ ਹੋਰ ਵਿਗੜ ਗਏ ਹਨ। ਭਾਵੇਂ ਕਿ ਪਾਰਟੀ ਸੂਬੇ ਵਿੱਚ ਮੁੱਖ ਵਿਰੋਧੀ ਧਿਰ ਵਜੋਂ ਉਭਰੀ ਸੀ ਪਰ ਹਾਲ ਦੀ ਘੜੀ 20 ਵਿਧਾਇਕਾਂ ਵਿੱਚੋਂ ਅੱਠ ਬਾਗ਼ੀ ਚੱਲ ਰਹੇ ਹਨ। ਵੰਡੀ ਪਾਰਟੀ ਲਈ ਅਗਲੇ ਸਾਲ ਦੀਆਂ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਪ੍ਰਕਿਰਿਆ ਸ਼ੁਰੂ ਕਰਨ ਤੋਂ ਪਹਿਲਾ ਆਪਸੀ ਮਤਭੇਦਾਂ ਨੂੰ ਖਤਮ ਕਰਨਾ ਵੱਡੀ ਚੁਣੌਤੀ ਹੈ। ਅਜੇ ਤੱਕ ‘ਆਪ’ ਦੀ ਸਥਿਤੀ ਪੰਜਾਬ ਵਿਚ ਬਾਗੀ ਲੀਡਰਾਂ ਕਾਰਨ ਕਮਜ਼ੋਰ ਦਿਖਾਈ ਦੇ ਰਹੀ ਹੈ। ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਦੇ ਹਾਲਾਤ ਫਿਲਹਾਲ ਅਣਸੁਖਾਵੇਂ ਹਨ। ਸੰਨ 2014 ਦੀਆਂ ਚੋਣਾਂ ਵਿੱਚ ਪਾਰਟੀ ਦੀ ਕਾਰਗੁਜ਼ਾਰੀ ਉਤੇ ਪਹਿਲਾਂ ਇਕ ਨਜ਼ਰ ਮਾਰਦੇ ਹਾਂ।

**ਜਲੰਧਰ ਲੋਕ ਸਭਾ ਹਲਕਾ :** ਸੰਨ 2014 ਦੀਆਂ ਚੋਣਾਂ ਵਿੱਚ ਵਾਲਮੀਕੀ ਭਾਈਚਾਰੇ ਨਾਲ ਸਬੰਧ ਰੱਖਦੀ ਇੱਕ ਸਕੂਲ ਅਧਿਆਪਕਾ ਜੋਤੀ ਮਾਨ, ਨੂੰ ਤਜਰਬੇਕਾਰ ਆਗੂਆਂ ਨਾਲ ਲੋਹਾ ਲੈਣ ਲਈ ਪਾਰਟੀ ਨੇ ਜਲੰਧਰ ਰਿਜ਼ਰਵ ਸੀਟ ਤੋਂ ਖੜਾ ਕੀਤਾ ਸੀ। ਜੋਤੀ ਨੂੰ ਤੀਜਾ ਸਥਾਨ ਹਾਸਿਲ ਹੋਇਆ। ਚੰਗੀਆਂ-ਖ਼ਾਸੀਆਂ 2.54 ਲੱਖ ਵੋਟਾਂ (ਤਕਰੀਬਨ 25 ਫੀਸਦੀ ਵੋਟਾਂ ਪਈਆਂ) , ਪਰ ਉਹ ਪਾਰਟੀ ਲੀਡਰਸ਼ਿਪ ਨਾਲੋਂ ਛੇਤੀ ਹੀ ਟੁੱਟ ਗਈ। ਅਪ੍ਰੈਲ 2015 ਵਿੱਚ ਜੋਤੀ ਨੂੰ ਕਥਿਤ ਤੌਰ ’ਤੇ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਬਾਹਰ ਕੱਢ ‘ਦਿੱਤਾ ਗਿਆ ਸੀ ਪਰ ਜੋਤੀ ਨੇ ਕਿਹਾ “ਉਨ੍ਹਾਂ ਨੇ ਮੈਨੂੰ ਨਹੀਂ ਕੱਢਿਆ. ਮੈਂ ਪਾਰਟੀ ਛੱਡ ਦਿੱਤੀ ਸੀ।” ਜਨਵਰੀ 2017 ਵਿੱਚ ਉਹ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਈ।

**ਹੁਸ਼ਿਆਰਪੁਰ ਲੋਕ ਸਭਾ ਹਲਕਾ :** ਦਿੱਲੀ ਯੂਨੀਵਰਸਿਟੀ ਤੋਂ ਇਕ ਕਾਮਰਸ ਗ੍ਰੈਜੂਏਟ, ਯਾਮੀਨੀ ਗੋਮਰ, ਜੋ ਆਪਣੇ ਪਤੀ ਨਾਲ ਸ਼ਹਿਰ ਵਿੱਚ ਇੱਕ ਛੋਟਾ ਕੰਪਿਊਟਰ ਇੰਸਟੀਚਿਊਟ ਚਲਾਉਂਦੀ ਹੈ, ਨੂੰ 2.13 ਲੱਖ (22%) ਵੋਟ ਮਿਲੇ। ਉਹ ਦਸੰਬਰ 2016 ਵਿੱਚ ਕਾਂਗਰਸ ਵਿੱਚ ਚਲੀ ਗਈ. ਉਸ ਨੇ ਕਿਹਾ ਕਿ ਮੈਂ ਆਪ ਨੂੰ ਛੱਡ ਦਿੱਤਾ, ਕਿਉਂਕਿ ਉਸ ਦੀਆਂ ਨੀਤੀਆਂ ਮੈਨੂੰ ਪਸੰਦ ਨਹੀਂ। ਗੋਮਰ ਸੰਨ 2019 ਦੀਆਂ ਲੋਕ ਸਭਾ ਚੋਣਾਂ ਲੜਨ ਲਈ ਉਤਸੁਕ ਹੈ। ਉਸ ਦਾ ਕਹਿਣਾ ਹੈ ਕਿ ਅੰਤਿਮ ਫੈਸਲਾ ਪਾਰਟੀ (ਕਾਂਗਰਸ) ਲੀਡਰਸ਼ਿਪ ਵੱਲੋਂ ਲਿਆ ਜਾਵੇਗਾ।

**ਸੰਗਰੂਰ ਲੋਕ ਸਭਾ ਹਲਕਾ :** ਵਿਅੰਗ ਭਰਪੂਰ ਭਾਸ਼ਣਾਂ ਲਈ ਜਾਣੇ ਜਾਂਦੇ ਭਗਵੰਤ ਮਾਨ ਨੇ ਬਾਦਲ ਦਲ ਦੇ ਸੁਖਦੇਵ ਸਿੰਘ ਢੀਂਡਸਾ ਨੂੰ 2.1 ਲੱਖ ਵੋਟਾਂ ਨਾਲ ਹਰਾ ਕੇ ਇਹ ਸੀਟ ਜਿੱਤੀ ਸੀ। ਉਹ ਕੇਜਰੀਵਾਲ ਦੀ ਅਕਾਲੀ ਆਗੂ ਬਿਕਰਮ ਮਜੀਠੀਆ ਤੋਂ ਮੁਆਫੀ ਮੰਗਣ ਦੇ ਵਿਰੋਧ ਵਿੱਚ ਸੂਬਾ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਚੁੱਕੇ ਹਨ। ਪਹਿਲਾਂ, ਉਹ ਮਨਪ੍ਰੀਤ ਬਾਦਲ ਦੀ ਪੀਪੀਪੀ. ਦੇ ਨਾਲ ਸੀ ਤੇ ਸੰਨ 2012 ਵਿਚ ਲਹਿਰਾਗਾਗਾ ਵਿਧਾਨ ਸਭਾ ਸੀਟ ਤੋਂ ਹਾਰ ਗਏ ਸਨ।

ਫਤਹਿਗੜ੍ਹ ਸਾਹਿਬ ਲੋਕ ਸਭਾ ਹਲਕਾ : ਹਰਿੰਦਰ ਸਿੰਘ ਖਾਲਸਾ ਨੇ ਚੋਣਾਂ ਤੋਂ ਕੁਝ ਹਫਤੇ ਪਹਿਲਾਂ ਆਪ ਦਾ ਲੜ ਫੜਿਆ ਸੀ। ਉਹ ਚੰਗੇ ਫਰਕ ਨਾਲ ਸੀਟ ਜਿੱਤ ਵੀ ਗਏ। ਪਾਰਟੀ ਵਿਰੁੱਧ ਵਿਦਰੋਹ ਲਈ ਅਗਸਤ 2015 ਵਿੱਚ ਖਾਲਸਾ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਨਾਰਵੇ ਵਿਚ ਤਾਇਨਾਤ ਇਕ ਡਿਪਲੋਮੈਟ ਖਾਲਸਾ ਨੇ ਜੂਨ 1984 ਵਿੱਚ ਅਪਰੇਸ਼ਨ ਬਲੂਸਟਾਰ ਦੇ ਵਿਰੋਧ ਵਿੱਚ ਆਪਣੀ ਸੇਵਾ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਹ ਸੰਨ 1996 ਤੋਂ ਸੰਨ 1998 ਤਕ ਬਠਿੰਡਾ ਤੋਂ ਅਕਾਲੀ ਸਾਂਸਦ ਵੀ ਰਹੇ।

**ਪਟਿਆਲਾ ਲੋਕ ਸਭਾ ਹਲਕਾ :** ਪਟਿਆਲਾ ਦੇ ਸਭ ਤੋਂ ਮਸ਼ਹੂਰ ਦਿਲ ਦੀਆਂ ਬਿਮਾਰੀਆਂ ਦੇ ਮਾਹਿਰਾਂ ਵਿੱਚੋਂ ਇਕ ਡਾ.ਧਰਮਵੀਰ ਗਾਂਧੀ ਨੇ ਮੌਜੂਦਾ ਕੇਂਦਰੀ ਮੰਤਰੀ ਤੇ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਨੂੰ ਹਰਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਉਹ ਲਗਾਤਾਰ



ਪਾਰਟੀ ਵਿਰੁੱਧ ਬਾਗੀ ਸੋਚ ਅਪਣਾਉਂਦੇ ਰਹੇ ਹਨ ਤੇ ਇਸੇ ਕਰਕੇ ਉਨ੍ਹਾਂ ਨੂੰ ਤਿੰਨ ਸਾਲ ਪਹਿਲਾਂ ਪਾਰਟੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ। ਗਾਂਧੀ ਨੇ ਮਾਰਚ 2018 ਵਿੱਚ ਇੱਕ ਸਿਆਸੀ ਗਰੁੱਪ ਪੰਜਾਬ ਮੰਚ ਸ਼ੁਰੂ ਕੀਤਾ ਸੀ। ‘ਆਪ’ ਉਨ੍ਹਾਂ ਨੂੰ ਮੁੜ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੀ ਹੈ।

**ਅਨੰਦਪੁਰ ਸਾਹਿਬ ਲੋਕ ਸਭਾ ਹਲਕਾ :** ਸੁਪਰੀਮ ਕੋਰਟ ਦੇ ਵਕੀਲ ਹਿੰਮਤ ਸਿੰਘ ਸ਼ੇਰਗਿਲ, ਜਿਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਗੁਜਰਾਤ ਦੇ ਸਿੱਖ ਕਿਸਾਨਾਂ ਦਾ ਕੇਸ ਲੜਿਆ ਸੀ, ਨੂੰ ਸੰਨ 2014 ਵਿੱਚ ਬਹੁਤ ਹੀ ਨਜ਼ਦੀਕੀ ਲੜਾਈ ਵਿੱਚ ਹਾਰ ਮਿਲੀ। ਉਹ 3 ਲੱਖ ਤੋਂ ਵੱਧ (28.14%) ਵੋਟਾਂ ਨਾਲ ਤੀਜੇ ਸਥਾਨ ’ਤੇ ਰਹੇ। ਪਿਛਲੇ ਸਾਲ, ਸ਼ੇਰਗਿੱਲ ਨੂੰ ਮਜੀਠਾ ਵਿਧਾਨ ਸਭਾ ਹਲਕੇ ਤੋਂ ਅਕਾਲੀ ਦਲ ਦੇ ਬਿਕਰਮ ਮਜੀਠੀਆ ਖਿਲਾਫ ‘ਆਪ’ ਨੇ ਉਮੀਦਵਾਰ ਬਣਾਇਆ ਸੀ, ਪਰ ਉਨ੍ਹਾਂ ਦੀ ਜਮਾਨਤ ਵੀ ਜ਼ਬਤ ਹੋ ਗਈ ਸੀ। ਉਹ ‘ਆਪ’ ਵਿਚ ਹੀ ਹਨ ਤੇ ਸਿਆਸੀ ਤੌਰ ’ਤੇ ਜ਼ਿਆਦਾ ਸਰਗਰਮ ਨਹੀਂ ਲੱਗ ਰਹੇ।

**ਫਿਰੋਜ਼ਪੁਰ ਲੋਕ ਸਭਾ ਹਲਕਾ :** ਫਿਰੋਜ਼ਪੁਰ ਬਾਰ ਐਸੋਸੀਏਸ਼ਨ ਦੇ ਸਾਬਕਾ ਮੁਖੀ ਸਤਨਾਮ ਪਾਲ ਕੰਬੋਜ, ਆਪ ਦੇ ਕਾਨੂੰਨੀ ਸੈੱਲ ਦੇ ਰਾਜ ਉਪ ਪ੍ਰਧਾਨ ਸਨ। ਸੰਨ 2014 ਦੀਆਂ ਚੋਣਾਂ ਵਿਚ ਉਹ 1.13 ਲੱਖ (10%) ਵੋਟਾਂ ਨਾਲ ਤੀਜੇ ਸਥਾਨ ’ਤੇ ਰਹੇ। ਕੰਬੋਜ ਫਿਰੋਜ਼ਪੁਰ ਤੋਂ ਅਸੈਂਬਲੀ ਦੀ ਟਿਕਟ ਚਾਹੁੰਦੇ ਸਨ ਪਰੰਤੂ ਸੰਨ 2017 ਵਿੱਚ ਉਨ੍ਹਾਂ ਨੇ ਪਾਰਟੀ ਤੋਂ ਅਸਤੀਫ਼ਾ ਦੇ ਕੇ ਉਮੀਦਵਾਰ ਚੋਣ ਕਰਨ ਵਿੱਚ “ਭ੍ਰਿਸ਼ਟਾਚਾਰ ਅਤੇ ਭਾਈ-ਭਤੀਜਾਵਾਦ” ਦਾ ਦੋਸ਼ ਲਗਾਇਆ ਸੀ।

ਖਡੂਰ ਸਾਹਿਬ ਲੋਕ ਸਭਾ ਹਲਕਾ : ਗੁਰਬਾਣੀ ਕੀਰਤਨ ਦੇ ਇਕ ਪ੍ਰਸਿੱਧ ਵਿਆਖਿਆਕਾਰ ਭਾਈ ਬਲਦੀਪ ਸਿੰਘ ਸਿੱਧੇ ਤੌਰ ’ਤੇ ਕੇਜਰੀਵਾਲ, ਮਨੀਸ਼ ਸਿਸੋਦੀਆ, ਯੋਗਿੰਦਰ ਯਾਦਵ ਅਤੇ ਪ੍ਰਸ਼ਾਂਤ ਭੂਸ਼ਣ ਨਾਲ ਸੰਪਰਕ ਵਿਚ ਸਨ ਤੇ ਖਡੂਰ ਸਾਹਿਬ ਤੋਂ ਚੋਣ ਲੜਨ ਲਈ ਅੱਗੇ ਆਏ। ਉਨ੍ਹਾਂ ਨੂੰ ਅਕਾਲੀਆਂ ਦਾ ਗੜ੍ਹ ਮੰਨੀ ਜਾਣ ਵਾਲੀ ਸੀਟ ਉੱਤੇ 1.45 ਲੱਖ ਵੋਟਾਂ ਮਿਲੀਆਂ ਸਨ, ਪਰ ਜਦੋਂ ਉਨ੍ਹਾਂ ਨੇ ਸੂਬਾ ਇਕਾਈ ਲਈ “ਖੁਦਮੁਖਤਿਆਰੀ” ਦੀ ਮੰਗ ਕੀਤੀ ਤਾਂ ਤੁਰੰਤ ਉਨ੍ਹਾਂ ਨੂੰ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ। ਅਪ੍ਰੈਲ 2015 ਵਿੱਚ ਉਹ ਮੁਅੱਤਲ ਹੋਏ ਤੇ ਇੱਕ ਨੋਟਿਸ ਵੀ ਭਾਈ ਬਲਦੀਪ ਨੂੰ ਭੇਜਿਆ ਗਿਆ। ਬਲਦੀਪ ਸਿੰਘ ਨੇ ਇੱਕ ਵੱਡਾ ਸਾਰਾ ਜਵਾਬ ਵੀ ਲਿਖ ਕੇ ਦੇ ਦਿੱਤਾ ਪਰ ਪਾਰਟੀ ਵੱਲੋਂ ਅਜੇ ਤੱਕ ਕੋਈ ਜਵਾਬ ਨਹੀਂ ਆਇਆ।

**ਬਠਿੰਡਾ ਲੋਕ ਸਭਾ ਹਲਕਾ :** ਪੰਜਾਬੀ ਗਾਇਕ ਜੱਸੀ ਜਸਰਾਜ ਬਠਿੰਡਾ ਸੀਟ ’ਤੇ ਚੋਣ ਲੜੇ ਸਨ। ਉਨ੍ਹਾਂ ਨੇ ਬਾਦਲ ਦਲ ਦੀ ਹਰਸਿਮਰਤ ਕੌਰ ਤੇ ਕਾਂਗਰਸ-ਪੀਪੀਪੀ. ਦੇ ਸੰਯੁਕਤ ਉਮੀਦਵਾਰ ਮਨਪ੍ਰੀਤ ਬਾਦਲ ਦਾ ਮੁਕਾਬਲਾ ਕੀਤਾ। ਜੱਸੀ ਨੂੰ ਸਿਰਫ 87,901 (7.47%) ਵੋਟ ਮਿਲੇ ਤੇ ਜ਼ਮਾਨਤ ਤੱਕ ਗਵਾ ਦਿੱਤੀ। ਉਹ ਪਾਰਟੀ ਵਿਰੁੱਧ ਬੋਲਣ ਕਰਕੇ ਛੇ ਸਾਲਾਂ ਲਈ ਮੁਅੱਤਲ ਕਰ ਦਿੱਤੇ ਗਏ ਸਨ ਪਰ ਉਨ੍ਹਾਂ ਨੇ ਪਿਛਲੇ ਸਾਲ ‘ਆਪ’ ਨਾਲ ਸੁਲ੍ਹਾ ਕਰ ਲਈ।

**ਲੁਧਿਆਣਾ ਲੋਕ ਸਭਾ ਹਲਕਾ :** ਸੰਨ1984 ਸਿੱਖ ਕਤਲੇਆਮ ਪੀੜਤਾਂ ਲਈ ਲੜਾਈ ਲੜ ਰਹੇ ਮਨੁੱਖੀ ਅਧਿਕਾਰਾਂ ਦੇ ਵਕੀਲ ਐਚ ਐਸ ਫੂਲਕਾ ਨੂੰ ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ, ਪਰ 26% ਵੋਟਾਂ ਨਾਲ ਉਨ੍ਹਾਂ ਨੂੰ ਦੂਜਾ ਸਥਾਨ ਮਿਲਿਆ। ਪਿਛਲੇ ਸਾਲ ਦਾਖਾ ਤੋਂ ਵਿਧਾਨ ਸਭਾ ਚੋਣ ਲੜੀ ਤੇ ਸੀਟ ਜਿੱਤ ਕੇ ਵਿਰੋਧੀ ਧਿਰ ਦੇ ਨੇਤਾ ਬਣੇ, ਪਰ ਜੁਲਾਈ 2017 ਵਿੱਚ ਦੰਗਿਆਂ ਦੇ ਕੇਸਾਂ ’ਤੇ ਧਿਆਨ ਦੇਣ ਲਈ ਇਸ ਅਹੁਦੇ ਤੋਂ ਅਸਤੀਫਾ ਦੇ ਦਿੱਤਾ।

**ਅੰਮ੍ਰਿਤਸਰ ਲੋਕ ਸਭਾ ਹਲਕਾ :** ਡਾ. ਦਲਜੀਤ ਸਿੰਘ, ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ (ਮੌਜੂਦਾ ਮੁੱਖ ਮੰਤਰੀ) ਅਤੇ ਅਰੁਨ ਜੇਤਲੀ (ਹੁਣ ਕੇਂਦਰੀ ਵਿੱਤ ਮੰਤਰੀ) ਵਿਰੁੱਧ ‘ਆਪ’ ਦੇ ਉਮੀਦਵਾਰ ਸਨ ਤੇ ਉਨ੍ਹਾਂ ਨੇ 8% ਵੋਟਾਂ ਹਾਸਲ ਕੀਤੀਆਂ ਸਨ। ਉਨ੍ਹਾਂ ਨੇ ਛੋਟੇਪੁਰ ਤੇ ਕੁਝ ਹੋਰ ਨੇਤਾਵਾਂ ਉੱਤੇ ਪਾਰਟੀ ਨੂੰ ਤਬਾਹ ਕਰਨ ਦਾ ਦੋਸ਼ ਲਗਾਇਆ। ਸਿੰਘ ਨੂੰ ਜੁਲਾਈ 2015 ਵਿਚ ਪਾਰਟੀ ਵਿਰੋਧੀ ਕਾਰਵਾਈਆਂ ਲਈ ਬਾਹਰ ਕੱਢ ਦਿੱਤਾ ਗਿਆ। ਪਿਛਲੇ ਸਾਲ ਕਾਂਗਰਸ ਵਿੱਚ ਸ਼ਾਮਲ ਹੋ ਗਏ। ਬਾਅਦ ਵਿਚ ਉਨ੍ਹਾਂ ਦੀ ਮੌਤ ਹੋ ਗਈ।

**ਫਰੀਦਕੋਟ ਲੋਕ ਸਭਾ ਹਲਕਾ :** ਪੰਜਾਬ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ, ਸਾਧੂ ਸਿੰਘ ਲੋਕ ਸਭਾ ਚੋਣਾਂ ਤੋਂ ਪੰਜ ਮਹੀਨੇ ਪਹਿਲਾਂ ਆਪ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਨੂੰ ਪਾਰਟੀ ਨੇ ਉਮੀਦਵਾਰ ਬਣਾ ਦਿੱਤਾ। ਰਿਟਾਇਰਡ ਕਾਲਜ ਦੇ ਲੈਕਚਰਾਰ ਨੇ ਪਾਰਟੀ ਨੂੰ ਨਿਰਾਸ਼ ਨਹੀਂ ਕੀਤਾ ਤੇ ਸ਼੍ਰੋਮਣੀ ਅਕਾਲੀ ਦਲ ਦੀ ਤਤਕਾਲੀਨ ਸੰਸਦ ਮੈਂਬਰ ਪਰਮਜੀਤ ਕੌਰ ਗੁਲਸ਼ਨ ਨੂੰ 1.72 ਲੱਖ ਵੋਟਾਂ ਨਾਲ ਹਰਾਇਆ। ਲਗਾਤਾਰ ਉਥਲ-ਪੁਥਲ ਦੇ ਬਾਵਜੂਦ ਉਹ ਪਾਰਟੀ ਲੀਡਰਸ਼ਿਪ ਦੇ ਸਮਰਥਨ ਵਿੱਚ ਡਟੇ ਰਹੇ ਹਨ ਤੇ ਮਹੱਤਵਪੂਰਨ ਰਾਜਨੀਤਿਕ ਮਾਮਲਿਆਂ ਦੀ ਕਮੇਟੀ ਦੇ ਮੈਂਬਰ ਹਨ।

**ਗੁਰਦਾਸਪੁਰ ਲੋਕ ਸਭਾ ਹਲਕਾ :** ਸਾਬਕਾ ਆਪ ਸੂਬਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਭਾਜਪਾ ਦੇ ਵਿਨੋਦ ਖੰਨਾ ਵਿਰੁੱਧ ਚੋਣ ਲੜੀ ਅਤੇ 1.73 ਲੱਖ ਵੋਟਾਂ ਪ੍ਰਾਪਤ ਕੀਤੀਆਂ। ਅਗਸਤ 2016 ਵਿੱਚ ਇੱਕ ‘ਸਟਿੰਗ’ ਆਉਣ ਦੇ ਬਾਅਦ ਪਾਰਟੀ ਵਿਚੋਂ ਬਰਖ਼ਾਸਤ ਕਰ ਦਿੱਤਾ ਗਿਆ , ਜਿਸ ਵਿਚ ਉਨ੍ਹਾਂ ਨੂੰ ਕਥਿਤ ਤੌਰ ’ਤੇ ਪਾਰਟੀ ਸਮਰਥਕ ਤੋਂ ਪੈਸੇ ਲੈਂਦੇ ਦਿਖਾਇਆ ਗਿਆ ਸੀ। ਪਾਰਟੀ ਨੇ ਵਾਪਸ ਲਿਆਉਣ ਲਈ ਪਿਛਲੇ ਮਹੀਨੇ ਮੁਲਾਕਾਤ ਕੀਤੀ ਪਰ ਉਹ ਅਜੇ ਪੱਕਾ ਮਨ ਨਹੀਂ ਬਣਾ ਪਾਏ ਅਤੇ ਉਨ੍ਹਾਂ ਦੀ ਆਪਣੀ ਪਾਰਟੀ ਹੈ। ਛੋਟੇਪੁਰ ਸੁਰਜੀਤ ਸਿੰਘ ਬਰਨਾਲਾ ਸਰਕਾਰ ਵਿੱਚ ਮੰਤਰੀ ਰਹੇ ਸੀ। ਉਨ੍ਹਾਂ ਨੇ ਸੰਨ 1986 ਵਿੱਚ ਹਰਿਮੰਦਿਰ ਸਾਹਿਬ ਵਿਚ ਪੁਲਿਸ ਦੇ ਦਾਖ਼ਲੇ ਤੋਂ ਬਾਅਦ ਅਸਤੀਫਾ ਦੇ ਦਿੱਤਾ ਸੀ।

ਆਪ ਨੇ 13 ਲੋਕ ਸਭਾ ਸੀਟਾਂ ’ਚੋਂ ਪੰਜ ਲਈ ਉਮੀਦਵਾਰ ਕੀਤੇ ਫ਼ਾਈਨਲ : ਅਗਲੇ ਵਰ੍ਹੇ 2019 ਦੌਰਾਨ ਦੇਸ਼ ਭਰ ਵਿਚ ਹੋਣ ਵਾਲੀਆਂ ਸੰਸਦੀ ਚੋਣਾਂ ਲਈ ਆਮ ਆਦਮੀ ਪਾਰਟੀ ਨੇ ਆਪਣੇ ਪੰਜ ਪਾਰਟੀ ਉਮੀਦਵਾਰਾਂ ਬਾਰੇ ਅੰਤਿਮ ਫ਼ੈਸਲਾ ਲੈ ਲਿਆ ਹੈ। ਇਨ੍ਹਾਂ ਪੰਜ ਉਮੀਦਵਾਰਾਂ ਵਿੱਚੋਂ ਭਗਵੰਤ ਮਾਨ ਤੇ ਸਾਧੂ ਸਿੰਘ ਆਪਣੇ ਉਨ੍ਹਾਂ ਹੀ ਹਲਕਿਆਂ ਭਾਵ ਕ੍ਰਮਵਾਰ ਸੰਗਰੂਰ ਤੇ ਫ਼ਰੀਦਕੋਟ ਤੋਂ ਹੀ ਚੋਣ ਲੜਨਗੇ, ਜਿੱਥੋਂ ਉਹ ਹੁਣ ਐੱਮਪੀ ਹਨ। ਬਾਕੀ ਦੇ ਤਿੰਨ ਉਮੀਦਵਾਰਾਂ ਦੇ ਨਾਂਅ ਹਾਲੇ ਜੱਗ-ਜ਼ਾਹਿਰ ਨਹੀਂ ਕੀਤੇ ਗਏ। ਪਾਰਟੀ ਸੂਤਰਾਂ ਅਨੁਸਾਰ ਸਾਰੇ 13 ਉਮੀਦਵਾਰਾਂ ਦੇ ਐਲਾਨ ਇੱਕ ਮਹੀਨੇ ਦੇ ਅੰਦਰ ਐਲਾਨ ਦਿੱਤੇ ਜਾਣਗੇ। ਸਾਲ 2017 ਦੀਆਂ ਸੂਬਾਈ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੇ ਸੰਗਰੂਰ ਤੇ ਬਰਨਾਲਾ ਜ਼ਿਲ੍ਹਿਆਂ ਦੇ 11 ਵਿਧਾਨ ਸਭਾ ਹਲਕਿਆਂ ਵਿਚੋਂ ਪੰਜ ’ਤੇ ਜਿੱਤ ਹਾਸਲ ਕੀਤੀ ਸੀ। ਇਥੇ ਜ਼ਿਕਰਯੋਗ ਹੈ ਕਿ ‘ਆਪ’ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਖਿਆ ਹੈ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਵਿਚ ਸਾਰੀਆਂ ਲੋਕ ਸਭਾ ਸੀਟਾਂ ’ਤੇ ਆਪਣੇ ਦਮ ’ਤੇ ਹੀ ਚੋਣਾਂ ਲੜੇਗੀ।

***ਬਾਕੀ***

## ਪੰਜਾਬ ਸਰਕਾਰ ਵੱਲੋਂ ਪਿਛਲੇ ਸਾਲ ਦਾ ਸਿਲੇਬਸ ਹੀ ਬਹਾਲ

ਸੀ। ਪੰਜਾਬ ਸਰਕਾਰ ਵਲੋਂ ਇਤਿਹਾਸ ਦੀਆਂ ਉਕਤ ਪੁਸਤਕਾਂ ਦੀ ਹੋਈ ਤਿੱਖੀ ਨੁਕਤਾਚੀਨੀ ਤੋਂ ਬਾਅਦ 11ਵੀਂ ਅਤੇ 12ਵੀਂ ਕਲਾਸ ਲਈ ਮੌਜੂਦਾ ਇਤਿਹਾਸ ਦੀਆਂ ਪੁਸਤਕਾਂ ਦੀ ਸੋਧਾਈ ਲਈ ਨਾਮਵਰ ਸਿੱਖ ਵਿਦਵਾਨ ਅਤੇ ਇਤਿਹਾਸਕਾਰ ਪ੍ਰੋ. ਕ੍ਰਿਪਾਲ ਸਿੰਘ ਦੀ ਚੇਅਰਮੈਨਸ਼ਿਪ ਹੇਠ ਇਕ ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ ਵਿਚ ਡਾ. ਜੇ. ਐਸ. ਗਰੇਵਾਲ, ਡਾ. ਇੰਦੂ ਬੰਗਾ, ਡਾ. ਪ੍ਰਿਥੀਪਾਲ ਸਿੰਘ ਕਪੂਰ, ਡਾ. ਬਲਵੰਤ ਸਿੰਘ ਢਿੱਲੋਂ ਅਤੇ ਡਾ. ਇੰਦਰਜੀਤ ਸਿੰਘ ਗੋਗੋਆਨੀ ਜੋ ਦੋਵੇਂ ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਹਨ ‘ਤੇ ਆਧਾਰਿਤ ਇਕ ਕਮੇਟੀ ਦਾ ਗਠਨ ਕੀਤਾ ਸੀ। ਸੂਚਨਾ ਅਨੁਸਾਰ ਮੁੱਖ ਮੰਤਰੀ ਵਲੋਂ ਸਿੱਖਿਆ ਮੰਤਰੀ ਨੂੰ ਕਿਹਾ ਗਿਆ ਕਿ ਮਾਹਿਰਾਂ ਦੀ ਕਮੇਟੀ ਕੋਲੋਂ ਉਠਾਏ ਸਮੁੱਚੇ ਇਤਰਾਜ਼ਾਂ ‘ਤੇ ਰਾਏ ਲੈ ਕੇ ਇਤਿਹਾਸ ਦੀਆਂ ਇਨ੍ਹਾਂ ਪੁਸਤਕਾਂ ਦੀ ਵਿਆਪਕ ਸੋਧਾਈ ਕੀਤੀ ਜਾਵੇ। ਉਨ੍ਹਾਂ ਇਹ ਵੀ ਆਦੇਸ਼ ਦਿੱਤਾ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਕੇਵਲ ਉਹ ਪੁਸਤਕਾਂ ਹੀ ਜਾਰੀ ਕੀਤੀਆਂ ਜਾਣ ਜਿਨ੍ਹਾਂ ਲਈ ਮਾਹਿਰਾਂ ਦੀ ਕਮੇਟੀ ਦੀ ਪਹਿਲਾਂ ਪ੍ਰਵਾਨਗੀ ਲਈ ਗਈ ਹੋਵੇ। ਉਨ੍ਹਾਂ ਕਿਹਾ ਕਿ ਉਹ ਚਾਹੁਣਗੇ ਕਿ ਰਾਜ ਦੇ ਵਿਦਿਆਰਥੀਆਂ ਨੂੰ ਉਹ ਇਤਿਹਾਸ ਪੜ੍ਹਾਇਆ ਜਾਵੇ ਜੋ ਸੱਚ ਅਤੇ ਤੱਥਾਂ ‘ਤੇ ਆਧਾਰਿਤ ਹੋਵੇ ਅਤੇ ਪੰਜਾਬ ਤੇ ਸਿੱਖਾਂ ਦੇ ਇਤਿਹਾਸ ਸਬੰਧੀ ਕਿਸੇ ਤਰ੍ਹਾਂ ਦੀ ਛੇੜਛਾੜ ਜਾਂ ਗ਼ਲਤ ਬਿਆਨੀ ਦੀ ਇਜਾਜ਼ਤ ਨਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸਕੂਲੀ ਕਿਤਾਬਾਂ ਵਿਚ ਅਜਿਹੀ ਕੋਈ ਗੱਲ ਸ਼ਾਮਲ ਨਹੀਂ ਹੋਣੀ ਚਾਹੀਦੀ ਜੋ ਤੱਥਾਂ ‘ਤੇ ਆਧਾਰਿਤ ਨਾ ਹੋਵੇ।

ਰਾਜ ਦੇ ਸਕੂਲਾਂ ਲਈ ਆਪਣੇ ਆਪ ਵਿਚ ਇਹ ਇਕ ਵੱਡਾ ਮਸਲਾ ਹੋਵੇਗਾ ਕਿਉਂਕਿ ਰਾਜ ਦੇ ਜੋ ਸਕੂਲ ਅੱਧੇ ਸੈਸ਼ਨ ਦੌਰਾਨ ਇਤਿਹਾਸ ਦੀਆਂ ਜੋ ਕਿਤਾਬਾਂ ਜਾਂ ਸਿਲੇਬਸ ਪੜ੍ਹਾ ਰਹੇ ਸਨ, ਉਹ ਹੁਣ ਬਾਕੀ ਦੇ ਰਹਿੰਦੇ ਸੈਸ਼ਨ ਦੇ ਮਹੀਨਿਆਂ ਦੌਰਾਨ ਲਾਗੂ ਨਹੀਂ ਰਹੇਗਾ ਅਤੇ ਹੁਣ ਵਿਦਿਆਰਥੀਆਂ ਨੂੰ ਦੁਬਾਰਾ ਪਿਛਲੇ ਸਾਲ ਦਾ ਸਿਲੇਬਸ ਹੀ ਪੜ੍ਹਾਇਆ ਜਾਵੇਗਾ, ਜਿਸ ਦੇ ਅਧਾਰ ‘ਤੇ ਉਨ੍ਹਾਂ ਦੇ ਇਮਤਿਹਾਨ ਹੋਣਗੇ।

## ਸੁਖਬੀਰ ਬਾਦਲ ਨੇ ਖੇਡਿਆ ਪ੍ਰਧਾਨਗੀ ਤੋਂ ਅਸਤੀਫਾ ਦੇਣ ਦਾ ਡਰਾਮਾ

ਕੀਤੀ ਪ੍ਰੈੱਸ ਕਾਨਫਰੰਸ ਵਿੱਚ ਅੰਮ੍ਰਿਤਸਰ ਅਤੇ ਗੁਰਦਾਸਪਰ ਨਾਲ ਸਬੰਧਤ ਦੋ ਸੀਨੀਅਰ ਆਗੂਆਂ ਨੂੰ ਬਾਦਲ ਪਰਿਵਾਰ ਦੇ ਪੈਂਤੜੇ ਨੇ ਐਨ ਆਖ਼ਰੀ ਸਮੇਂ ਸ਼ਮੂਲੀਅਤ ਕਰਨ ਤੋਂ ਰੋਕ ਤਾਂ ਦਿੱਤਾ ਪਰ ਇਹ ਦੋਵੇਂ ਆਗੂ ਜਿਨ੍ਹਾਂ ਦਾ ਮਾਝੇ ਦੇ ਦੋਹਾਂ ਜ਼ਿਲ੍ਹਿਆਂ ਵਿੱਚ ਵੱਡਾ ਅਧਾਰ ਹੈ, ਬ੍ਰਹਮਪੁਰਾ ਧੜੇ ਨਾਲ ਵੀ ਬਰਾਬਰ ਦਾ ਸੰਪਰਕ ਬਣਾ ਕੇ ਚੱਲ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਕਈ ਆਗੂਆਂ ਨਾਲ ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ ਗੱਲਬਾਤ ਕੀਤੀ ਗਈ। ਇਨ੍ਹਾਂ ਆਗੂਆਂ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ ‘ਤੇ ਕਿਹਾ ਕਿ ਪਾਰਟੀ ਅੰਦਰ ‘ਸਭ ਅੱਛਾ’ ਨਹੀਂ ਹੈ। ਆਗੂਆਂ ਦਾ ਮੰਨਣਾ ਹੈ ਕਿ ਬਾਗੀ ਆਗੂਆਂ ਦੀਆਂ ਗਤੀਵਿਧੀਆਂ ਨੂੰ ਅੱਖਾਂ ਬੰਦ ਕਰਕੇ ਨਜ਼ਰੰਦਾਜ਼ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹੀ ਗਤੀਵਿਧਆਂ ਆਉਣ ਵਾਲੇ ਦਿਨਾਂ ਦੌਰਾਨ ਵੱਡੀ ਚੁਣੌਤੀ ਬਣਨਗੀਆਂ। ਅਕਾਲੀ ਦਲ ਦੇ ਇਨ੍ਹਾਂ ਨੇਤਾਵਾਂ ਦਾ ਦੱਸਣਾ ਹੈ ਕਿ ਮਾਲਵੇ ਦੇ ਦਰਜਨ ਦੇ ਕਰੀਬ ਸੀਨੀਅਰ ਆਗੂ ਹਨ, ਜੋ ਕਿਸੇ ਵੇਲੇ ਵੀ ਬਗਾਵਤ ਦਾ ਝੰਡਾ ਚੁੱਕ ਸਕਦੇ ਹਨ। ਕੋਰ ਕਮੇਟੀ ਦੀ ਮੀਟਿੰਗ ਵਿੱਚ ਭਾਵੇਂ ਪ੍ਰਧਾਨਗੀ ਦੀ ਕੁਰਸੀ ‘ਤੇ ਸੁਖਬੀਰ ਸਿੰਘ ਬਾਦਲ ਨੇ ਮੋਹਰ ਲਗਵਾ ਲਈ ਹੈ ਪਰ ਮੀਟਿੰਗ ਦੌਰਾਨ ਜੋ ਚਰਚਾ ਹੋਈ ਉਹ ਵੀ ਕੋਈ ਸ਼ੁਭ ਸੰਕੇਤ ਨਹੀਂ ਹੈ। ਸੂਤਰਾਂ ਦਾ ਦੱਸਣਾ ਹੈ ਕਿ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਮਾਲਵੇ ਦੇ ਦੋ ਆਗੂਆਂ ਨੇ ਇਸ ਗੱਲ ‘ਤੇ ਜ਼ੋਰ ਦਿੱਤਾ ਕਿ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਪੱਕੀ ਕਰਨ ਲਈ ਕੋਰ ਕਮੇਟੀ ਨੂੰ ਮਤਾ ਪਾਸ ਕਰਨਾ ਚਾਹੀਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਮਾਝੇ ਨਾਲ ਸਬੰਧਤ ਇੱਕ ਆਗੂ ਨੇ ਮਾਲਵੇ ਦੇ ਇਨ੍ਹਾਂ ਆਗੂਆਂ ਦੀ ਗੱਲ ਸਿਰੇ ਨਹੀਂ ਚੜ੍ਹਨ ਦਿੱਤੀ ਤੇ ਇਹ ਮਤਾ ਨਾ ਲਿਆਉਣ ਦਿੱਤਾ। ਮਾਝੇ ਦਾ ਇਹ ਨੇਤਾ ਵੀ ਬਾਦਲ ਪਰਿਵਾਰ ਲਈ ਚੁਣੌਤੀ ਬਣਨ ਲੱਗਿਆ ਹੈ। ਇਸ ਆਗੂ ਨੂੰ ਮਨਾਉਣ ਲਈ ਹਰ ਤਰ੍ਹਾਂ ਦਾ ਦਾਅ ਖੇਡਿਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਮਾਝੇ ਦੇ ਬਾਗੀ ਧੜੇ ਦੀ ਰਣਨੀਤੀ 4 ਨਵੰਬਰ ਦੇ ਸ਼ਕਤੀ ਪ੍ਰਦਰਸ਼ਨ ਤੋਂ ਬਾਅਦ ਸਾਹਮਣੇ ਆਵੇਗੀ। ਪਾਰਟੀ ਆਗੂਆਂ ਦਾ ਮੰਨਣਾ ਹੈ ਕਿ ਸੰਸਦੀ ਚੋਣਾਂ ਸਿਰ ‘ਤੇ ਹੋਣ ਕਾਰਨ ਚੁਣੌਤੀਆਂ ਵਧ ਸਕਦੀਆਂ ਹਨ। ਬਾਗੀ ਰੁਖ਼ ਅਖਤਿਆਰ ਕਰਨ ਵਾਲੇ ਇੱਕ ਸੀਨੀਅਰ ਅਕਾਲੀ ਨੇਤਾ ਨਾਲ ਗੱਲ ਹੋਈ ਤਾਂ ਉਨ੍ਹਾਂ ਕਿਹਾ ਕਿ ਹਾਲ ਦੀ ਘੜੀ ਬਾਦਲ ਪਰਿਵਾਰ ਵੱਲੋਂ ਲਏ ਜਾਣ ਵਾਲੇ ਫੈਸਲਿਆਂ ਵੱਲ ਦੇਖਿਆ ਜਾ ਰਿਹਾ ਹੈ ਤੇ ਇਨ੍ਹਾਂ ਫੈਸਲਿਆਂ ਦੀ ਘੋਖ ਕੀਤੀ ਜਾ ਰਹੀ ਹੈ। ਇਸ ਅਕਾਲੀ ਨੇਤਾ ਦਾ ਕਹਿਣਾ ਹੈ ਕਿ ਸਮਾਂ ਆਉਣ ‘ਤੇ ਢੁਕਵਾਂ ਫੈਸਲਾ ਲਿਆ ਜਾਵੇਗਾ।

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ‘ਬਰਗਾੜੀ ਮੋਰਚਾ’ ਅਕਾਲੀਆਂ ਦੀ ਸਿਅਸਤ ‘ਤੇ ਭਾਰੂ ਪੈ ਰਿਹਾ ਹੈ। ਸਾਲ 2019 ਵਿੱਚ ਸੱਤਾਂ ਕੁ ਮਹੀਨਿਆਂ ਤੱਕ ਹੋਣ ਵਾਲੀਆਂ ਲੋਕ ਸਭਾ ਚੋਣਾਂ ‘ਤੇ ਵੀ ਇਸ ਦਾ ਸਪੱਸ਼ਟ ਅਸਰ ਪੈਂਦਾ ਦਿਖਾਈ ਦਿੰਦਾ ਹੈ। ਪੰਜਾਬ ਦੀ ਸਿਆਸਤ ‘ਤੇ ਪੈਦਾ ਹੋਏ ਤਾਜ਼ਾ ਹਾਲਾਤ ਨਾਲ ਸਿੱਝਣ ਲਈ ਅਕਾਲੀਆਂ ਦੀ ਕੋਈ ਠੋਸ ਰਣਨੀਤੀ ਨਜ਼ਰ ਨਹੀਂ ਆਉਂਦੀ ਤੇ ਸਾਰਾ ਜ਼ੋਰ ਬਾਦਲ ਪਰਿਵਾਰ ਦੇ ਬਚਾਅ ਲਈ ਲੱਗਿਆ ਹੋਇਆ ਹੈ। ਅਕਾਲੀ ਦਲ ਦੇ ਆਗੂਆਂ ਦਾ ਹੀ ਦੱਬਵੀਂ ਸੁਰ ਵਿੱਚ ਕਹਿਣਾ ਹੈ ਕਿ ਪਾਰਟੀ ਦੀਆਂ ਕੋਰ ਕਮੇਟੀ ਦੀਆਂ ਮੀਟਿੰਗਾਂ ਕਰਕੇ ਕਾਂਗਰਸ ਨੂੰ ਭੰਡਣ ‘ਤੇ ਜ਼ੋਰ ਤਾਂ ਲਾਇਆ ਜਾ ਰਿਹਾ ਹੈ ਪਰ ਪਿਛਲੀਆਂ ਗ਼ਲਤੀਆਂ ਨੂੰ ਸੁਧਾਰਨ ‘ਤੇ ਤਵੱਕੋ ਨਹੀਂ ਦਿੱਤੀ ਜਾ ਰਹੀ। ਸਿੱਖਾਂ ਦੀ ਨੁਮਾਇੰਦਗੀ ਕਰਦੀ ਆ ਰਹੀ ਇਸ ਪਾਰਟੀ ਵੱਲੋਂ ਬਦਲੀਆਂ ਹੋਈਆਂ ਰਣਨੀਤੀਆਂ ਅਤੇ ਸ਼ੋਸ਼ਲ ਇੰਜਨੀਅਰਿੰਗ ਦੇ ਸਿਆਸੀ ਜਾਲ ਨੇ ਇਸ ਖੇਤਰ ਵਿੱਚ ਵੱਡੀ ਸੱਟ ਮਾਰੀ ਸੀ। ਪੰਜਾਬ ‘ਤੇ ਸਭ ਤੋਂ ਲੰਮਾ ਸਮਾਂ ਰਾਜ ਕਰਨ ਵਾਲੀ ਪਾਰਟੀ ਮੁੱਖ ਵਿਰੋਧੀ ਧਿਰ ਦਾ ਦਰਜਾ ਵੀ ਹਾਸਲ ਨਾ ਕਰ ਸਕੀ ਤੇ ਵਿਧਾਨ ਸਭਾ ਵਿੱਚ ਸਦਨ ਦੇ ਆਗੂ ਦੀ ਕੁਰਸੀ ‘ਤੇ ਬੈਠੇ ਆ ਰਹੇ ਸੂਬੇ ਦੇ ਸਭ ਤੋਂ ਲੰਮੇਰੀ ਉਮਰ ਦੇ ਪ੍ਰੌੜ ਸਿਆਸਤਦਾਨ ਪ੍ਰਕਾਸ਼ ਸਿੰਘ ਬਾਦਲ ਸਦਨ ਦੀਆਂ ਬੈਠਕਾਂ ਵਿੱਚ ਹਿੱਸਾ ਲੈਣ ਤੋਂ ਗੁਰੇਜ਼ ਕਰਦੇ ਹਨ। ਵੱਡੇ ਬਾਦਲ ਦੀ ਭੂਮਿਕਾ ਇਸ ਸਮੇਂ ਸੁਖਬੀਰ ਬਾਦਲ ਦੇ ਸੰਕਟਮੋਚਕ ਵਾਲੀ ਹੀ ਰਹਿ ਗਈ ਜਾਪਦੀ ਹੈ।

Sir Speedy Tustin® Printers to the Community


Outdoor 3'x11' Promo Flag
Only $29/-
Pole & Spike $55/-

GURU NANAK SIKH TEMPLE FAIRFIELD Visit Our Website: www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-

Receipt Books
Customized with your information and design. 2 part carbonless with numbering and perforation.
Call for Price


Retractable 33"x 80" Banner
Includes stand and carry bag. Hi-res imaging, durable and Brilliant colors!
Only $225/-

OPEN 24 HOURS / OPEN HOUSE! Welcome Century 21 Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4


11" Printed Balloons
Printed with your logo and info. One color, one location. Min. qty 1000
19¢ each

YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99


1 color in 1 position. Min Qty. 100
Your Printed Caps
Only $4.99

DAILY TRIP ENVELOPE
Trip Envelopes Qty 1000
Only $199/-

What we can do for you today?

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains


CUSTOMIZED SWEET BOXES


South Asian Wedding Cards

CALL NOW

# Classified

## GROOM WANTED

Jatt Sikh Dhaliwal, 23 year old MBBS girl, Height 5' 7" doing Internship, GUANGXI MEDICAL UNIVERSITY, CHINA. Father class one officer serving DSP in Punjab Police, very reputed family. seeking American Citizen boy,
Please contact 559-312-4428 Or + 91 9878722332.

## ਮੋਦੀ ਸਰਕਾਰ ਦੇ ਨਿਸ਼ਾਨੇ ਉਤੇ ਆਇਆ ਆਲਮੀ ਮਨੁੱਖੀ ਅਧਿਕਾਰ ਸੰਗਠਨ ਐਮਨੇਸਟੀ

ਦਫ਼ਤਰ ਉੱਤੇ ਛਾਪਾ ਮਾਰਿਆ ਹੈ ਅਤੇ ਉਸ ਦੇ ਬੈਂਕ ਖਾਤਿਆਂ ਨੂੰ ਸੀਲ ਕਰ ਦਿੱਤਾ ਹੈ। ਅਜਿਹਾ ਕਰਕੇ ਇਕ ਤਰ੍ਹਾਂ ਨਾਲ ਇਸ ਅਹਿਮ ਸੰਗਠਨ ਦੇ ਮਨੁੱਖੀ ਅਧਿਕਾਰਾਂ ਦੇ ਕੰਮ ਨੂੰ ਜ਼ੋਰਦਾਰ ਢੰਗ ਨਾਲ ਰੋਕਿਆ ਗਿਆ ਹੈ।

ਯਾਦ ਕਰਵਾਇਆ ਜਾਂਦਾ ਹੈ ਕਿ ਮਹੀਨਾ ਕੁ ਪਹਿਲਾਂ ਵਾਤਾਵਰਣ ਨਾਲ ਸਬੰਧਿਤ ਗ੍ਰੀਨਪੀਸ ਇੰਡੀਆ ਦੇ ਬੈਂਕ ਖਾਤੇ ਵੀ ਜਾਮ ਕੀਤੇ ਗਏ ਸਨ। ਹੁਣ ਭਾਰਤ ਸਰਕਾਰ ਇਕ ਹੋਰ ਪ੍ਰਮੁੱਖ ਗੈਰ-ਸਰਕਾਰੀ ਸੰਸਥਾ ਬੰਦ ਕਰਨ ਲਈ ਵਿਦੇਸ਼ੀ ਫੰਡਾਂ ਦੇ ਨਿਯਮਾਂ ਦੀ ਉਲੰਘਣਾ ਦਾ ਦਾਅਵਾ ਕਰ ਰਹੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਐਮਨੇਸਟੀ ਇੰਟਰਨੈਸ਼ਨਲ ਦੇ ਇੰਡੀਆ ਦੇ ਐਗਜ਼ੈਕਟਿਵ ਡਾਇਰੈਕਟਰ ਆਕਰ ਪਟੇਲ ਨੇ ਕਿਹਾ ਕਿ, "ਸਾਡੇ ਦਫਤਰ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਇਸ ਤਰ੍ਹਾਂ ਛਾਪਾ ਮਾਰਿਆ ਜਿਵੇਂ ਕਿ ਇਹ ਕੋਈ ਮਨੁੱਖੀ ਅਧਿਕਾਰ ਸੰਗਠਨ ਨਹੀਂ, ਸਗੋਂ ਅਪਰਾਧੀਆਂ 'ਤੇ ਕਾਰਵਾਈ ਹੋਵੇ। ਸਾਡੇ ਸਟਾਫ ਨੂੰ ਤੰਗ-ਪ੍ਰੇਸ਼ਾਨ ਕੀਤਾ ਗਿਆ ਹੈ। ਅਜਿਹਾ ਆਮ ਤੌਰ 'ਤੇ ਦਮਨਕਾਰੀ ਰਾਜਾਂ ਵਿਚ ਪਾਇਆ ਜਾਂਦਾ ਹੈ।"

ਉਨ੍ਹਾਂ ਕਿਹਾ ਕਿ, "ਇਹ ਸੰਗਠਨ ਹਮੇਸ਼ਾ ਕਾਨੂੰਨ ਦੇ ਰਾਜ ਲਈ ਵਚਨਬੱਧ ਹੈ। ਭਾਰਤ ਵਿਚ ਸਾਡੀਆਂ ਕਾਰਵਾਈਆਂ ਦੌਰਾਨ ਹਮੇਸ਼ਾ ਕੌਮੀ ਨਿਯਮਾਂ ਦੀ ਪਾਲਣਾ ਕੀਤੀ ਗਈ ਹੈ। ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਸਿਧਾਂਤ ਸਾਡੇ ਕੰਮ ਦਾ ਕੇਂਦਰ ਬਿੰਦੂ ਰਹੇ ਹਨ। ਸਾਡੇ ਕੋਲ ਲੁਕਾਉਣ ਲਈ ਕੁਝ ਵੀ ਨਹੀਂ ਹੈ। ਸਾਡੇ ਸੰਗਠਨ ਦੇ ਢਾਂਚੇ ਬਾਰੇ ਹਰ ਚੀਜ਼ ਜਨਤਕ ਡੋਮੇਨ ਵਿਚ ਸਾਰਿਆਂ ਨੂੰ ਦੇਖਣ ਲਈ ਉਪਲਬਧ ਹੈ।"

10 ਘੰਟੇ ਲੰਬੇ ਛਾਪੇ ਦੀ ਸ਼ੁਰੂਆਤ ਇੰਡੀਅਨ ਸਟੈਂਡਰਡ ਟਾਈਮ ਦੁਪਹਿਰ 1:30 ਵਜੇ, 25 ਅਕਤੂਬਰ ਨੂੰ ਕੀਤੀ ਗਈ। ਇਨਫੋਰਸਮੈਂਟ ਡਾਇਰੈਕਟੋਰੇਟ ਦੇ ਅਧਿਕਾਰੀਆਂ ਦਾ ਇੱਕ ਸਮੂਹ ਜਥੇਬੰਦੀ ਦੇ ਦਫਤਰ ਵਾਲੀ ਇਮਾਰਤ ਵਿੱਚ ਦਾਖ਼ਲ ਹੋ ਗਿਆ ਅਤੇ ਦਰਵਾਜ਼ਾ ਬੰਦ ਕਰ ਦਿੱਤਾ। ਕਿਸੇ ਨੂੰ ਵੀ ਬਾਹਰ ਜਾਣ ਦੀ ਮਨਾਹੀ ਕਰਨ ਦੇ ਨਾਲ ਹੀ ਐਮਨੇਸਟੀ ਇੰਡੀਆ ਦੇ ਕਰਮਚਾਰੀਆਂ ਨੂੰ ਆਪਣੇ ਲੈਪਟਾਪ ਅਤੇ ਮੋਬਾਇਲ ਫੋਨ ਬੰਦ ਕਰਨ ਲਈ ਕਿਹਾ ਗਿਆ ਅਤੇ ਸਟਾਫ ਨੂੰ ਉਨ੍ਹਾਂ ਦੇ ਪਰਿਵਾਰਾਂ ਨਾਲ ਵੀ ਸੰਪਰਕ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਡਾਇਰੈਕਟਰ ਨੇ ਦੱਸਿਆ ਕਿ ਸਾਡੇ ਸਹਿਕਰਮੀਆਂ ਨੇ ਇਸ ਮੌਕੇ ਕਮਾਲ ਦਾ ਜ਼ਬਤ ਦਿਖਾਇਆ। ਇਨਫੋਰਸਮੈਂਟ ਡਾਇਰੈਕਟੋਰੇਟ ਦੀ ਪੁੱਛਗਿੱਛ ਦੋ ਸੰਸਥਾਵਾਂ ਐਮਨੇਸਟੀ ਇੰਟਰਨੈਸ਼ਨਲ ਇੰਡੀਆ ਪ੍ਰਾਈਵੇਟ ਲਿਮਟਿਡ ਅਤੇ ਐਮਨੇਸਟੀ ਇੰਟਰਨੈਸ਼ਨਲ ਇੰਡੀਆ ਫਾਊਂਡੇਸ਼ਨ ਵਿਚਕਾਰ ਸਬੰਧਾਂ ਉਤੇ ਕੇਂਦਰਿਤ ਸੀ।"

ਉਨ੍ਹਾਂ ਦੱਸਿਆ ਕਿ ਇਸ ਰੇਡ ਤੋਂ ਬਾਅਦ ਸੋਸ਼ਲ ਮੀਡੀਆ ਅਤੇ ਸਰਕਾਰ ਪੱਖੀ ਮੀਡੀਆ ਵਿਚ ਇਕ ਮੁਹਿੰਮ ਸ਼ੁਰੂ ਕੀਤੀ ਗਈ ਸੀ ਜਿਸ ਵਿਚ ਸੰਗਠਨ ਦੀਆਂ ਲੰਬੇ ਸਮੇਂ ਤੋਂ ਚੱਲ ਰਹੀਆਂ ਮਨੁੱਖੀ ਅਧਿਕਾਰ ਮੁਹਿੰਮਾਂ ਦਾ ਵਿਰੋਧ ਕੀਤਾ ਗਿਆ। ਕੁਝ ਮੀਡੀਆ ਹਾਊਸਾਂ ਨੇ ਗੁਪਤ ਸਰਕਾਰੀ ਦਸਤਾਵੇਜ਼ਾਂ ਤਕ ਪਹੁੰਚ ਕਰਨ ਦਾ ਦਾਅਵਾ ਕਰਦਿਆਂ ਐਮਨੇਸਟੀ ਇੰਡੀਆ ਦੇ ਕੰਮਕਾਜ ਨੂੰ ਕਿਸੇ ਸਾਜ਼ਿਸ਼ ਵਜੋਂ ਪੇਸ਼ ਕੀਤਾ ਗਿਆ ਹੈ।

ਸ੍ਰੀ ਆਕਰ ਪਟੇਲ ਨੇ ਕਿਹਾ ਕਿ ਐਮਨੇਸਟੀ ਇੰਡੀਆ ਦੇ ਦਫਤਰਾਂ ਵਿਚ ਛਾਪੇ ਮਾਰੇ ਜਾਣ ਤੋਂ ਕੁਝ ਦਿਨ ਪਹਿਲਾਂ ਹੀ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਵਿਚ ਭਾਰਤ ਦੀ ਚੋਣ ਹੋਣ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕੀਤਾ ਸੀ ਕਿ, "ਸਾਡੇ ਲਈ ਮਨੁੱਖੀ ਅਧਿਕਾਰ ਅਤੇ ਉਨ੍ਹਾਂ ਦੀ ਸੁਰੱਖਿਆ ਸਿਰਫ ਲਿਖੀਆਂ ਗੱਲਾਂ ਹੀ ਨਹੀਂ ਹਨ, ਅਸੀਂ ਇਨ੍ਹਾਂ ਉਤੇ ਵਿਸ਼ਵਾਸ ਕਰਦੇ ਹਾਂ ਅਤੇ ਅਸੀਂ ਇਹਨਾਂ ਦੀ ਨਿਰੰਤਰ ਪਾਲਣਾ ਕਰ ਰਹੇ ਹਾਂ। ਜਦੋਂ ਵੀ ਮੁਢਲੇ ਮਨੁੱਖੀ ਅਧਿਕਾਰਾਂ ਤੋਂ ਇਨਕਾਰ ਕੀਤਾ ਜਾਂਦਾ ਹੈ, ਜਿਵੇਂ ਕਿ ਐਮਰਜੈਂਸੀ ਦੌਰਾਨ ਹੋਇਆ, ਭਾਰਤ ਦੇ ਲੋਕਾਂ ਨੇ ਇਨ੍ਹਾਂ ਦੀ ਮੁੜ ਬਹਾਲੀ ਲਈ ਸੰਘਰਸ਼ ਕੀਤਾ ਹੈ।" ਇਸ ਤਰ੍ਹਾਂ ਉਨ੍ਹਾਂ ਦੀ ਇਹ ਇਕ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ "ਸਭ ਤੋਂ ਉੱਚੇ ਅੰਤਰਰਾਸ਼ਟਰੀ ਮਾਨਕਾਂ ਨੂੰ ਬਰਕਰਾਰ ਰੱਖਣ" ਦੇ ਆਪਣੇ ਦਾਅਵੇ ਉਤੇ ਖਰੇ ਉਤਰਨ।

ਉਨ੍ਹਾਂ ਕਿਹਾ ਕਿ, "ਭਾਰਤ ਵਿਚ ਅਤੇ ਹੋਰ ਕਿਤੇ ਵੀ ਸਾਡਾ ਕੰਮ ਯੂਨੀਵਰਸਲ ਮਨੁੱਖੀ ਅਧਿਕਾਰਾਂ ਲਈ ਸਮਰਥਨ ਜੁਟਾਉਣਾ ਅਤੇ ਲੜਨਾ ਹੈ। ਇਹ ਉਹੋ ਮੁੱਲ ਹਨ ਜੋ ਭਾਰਤੀ ਸੰਵਿਧਾਨ ਵਿਚ ਵੀ ਦਰਜ ਹਨ ਅਤੇ ਬਹੁਲਵਾਦ, ਸਹਿਣਸ਼ੀਲਤਾ ਅਤੇ ਅਸਹਿਮਤੀ ਦੇ ਇਕ ਲੰਬੀ ਅਤੇ ਅਮੀਰ ਭਾਰਤੀ ਪਰੰਪਰਾ ਵਿੱਚੋਂ ਆਉਂਦੇ ਹਨ। ਉਹ ਉਹੀ ਮੁੱਲ ਹਨ ਜੋ ਬਸਤੀਵਾਦੀ ਸ਼ਾਸਨ ਦੇ ਵਿਰੁੱਧ ਆਜ਼ਾਦੀ ਦੀ ਲੜਾਈ ਨੂੰ ਪ੍ਰੇਰਿਤ ਕਰਦੇ ਰਹੇ ਹਨ।"

ਉਨ੍ਹਾਂ ਇਹ ਵੀ ਕਿਹਾ ਕਿ,"ਅਸੀਂ ਪ੍ਰਧਾਨ ਮੰਤਰੀ ਨਾਲ ਸਹਿਮਤ ਨਹੀਂ ਹੋ ਸਕਦੇ, ਜਦੋਂ ਉਹ ਕਹਿੰਦੇ ਹਨ ਕਿ ਦਮਨ ਦੇ ਦੌਰ ਐਮਰਜੈਂਸੀ ਦੌਰਾਨ ਭਾਰਤੀ ਇਤਿਹਾਸ ਦੇ ਚਿਹਰੇ ਉਤੇ ਦਾਗ਼ ਲੱਗਿਆ ਹੋਇਆ ਹੈ। ਅਫ਼ਸੋਸ ਦੀ ਗੱਲ ਹੈ ਕਿ ਸਾਨੂੰ ਲੱਗਦਾ ਹੈ ਕਿ ਇਹ ਹਨੇਰੇ ਦਿਨ ਮੁੜ ਆਏ ਹਨ। ਜਿਵੇਂ ਇਹ ਸਰਕਾਰ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਦਾ ਦਾਅਵਾ ਕਰਦੀ ਹੈ, ਇਸ ਦੀ ਬਜਾਏ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾ ਰਹੀ ਹੈ ਜੋ ਮਨੁੱਖੀ ਅਧਿਕਾਰਾਂ ਲਈ ਲੜਦੇ ਹਨ। ਜ਼ਿਕਰਯੋਗ ਹੈ ਕਿ ਐਮਨੇਸਟੀ ਇੰਡੀਆ ਦੇ ਦਫਤਰ ਉਤੇ ਛਾਪੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੰਮ ਕਰਨ ਵਾਲੇ ਵਿਅਕਤੀਆਂ ਅਤੇ ਸੰਗਠਨਾਂ ਨੂੰ ਚੁੱਪ ਕਰਾਉਣ ਲਈ ਮੋਦੀ ਪ੍ਰਸ਼ਾਸਨ ਦਾ ਇਸ਼ਾਰਾ ਹੈ। ਭਾਰਤੀ ਅਧਿਕਾਰੀਆਂ ਨੇ ਕਈ ਹੋਰ ਮਨੁੱਖੀ ਅਧਿਕਾਰ ਸੰਗਠਨਾਂ, ਜਿਵੇਂ ਕਿ ਵਕੀਲਾਂ ਦੇ ਸੰਗਠਨ ਸਭਰੰਗ ਟਰੱਸਟ, ਨਵਸਰਜਨ ਟਰੱਸਟ ਅਤੇ ਪੀਪਲਜ਼ ਵਾਚ ਦੇ ਕੰਮ ਨੂੰ ਰੋਕਣ ਲਈ ਵੀ ਕਥਿਤ "ਵਿੱਤੀ ਬੇਨਿਯਮੀਆਂ" ਦੇ ਦੋਸ਼ਾਂ ਦੀ ਵਰਤੋਂ ਕੀਤੀ ਹੈ। ਦੱਸਣਯੋਗ ਹੈ ਕਿ ਪਿਛਲੇ ਛੇ ਸਾਲਾਂ ਦੌਰਾਨ 40 ਲੱਖ ਤੋਂ ਵੱਧ ਭਾਰਤੀ ਐਮਨੇਸਟੀ ਦੇ ਕੰਮ ਨੂੰ ਸਮਰਥਨ ਦਿੰਦੇ ਰਹੇ ਹਨ ਅਤੇ ਕਰੀਬ ਇੱਕ ਲੱਖ ਭਾਰਤੀ ਲੋਕਾਂ ਨੇ ਸੰਗਠਨ ਨੂੰ ਵਿੱਤੀ ਮਦਦ ਵੀ ਦਿੱਤੀ ਹੈ।

## ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਦਾ ਚਾਰਜ ਸੰਭਾਲਿਆ

ਸੰਭਾਲ ਸਮਾਗਮ ਕਰਵਾਇਆ ਗਿਆ, ਜਿਸ ਵਿਚ ਸ਼੍ਰੋਮਣੀ ਕਮੇਟੀ ਦੀ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਧਿਰਾਂ ਨੇ ਹੀ ਸ਼ਮੂਲੀਅਤ ਕੀਤੀ।

ਸ੍ਰੀ ਅਕਾਲ ਤਖ਼ਤ ਦੇ ਸਨਮੁਖ ਹੋਏ ਇਸ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਨਵ ਨਿਯੁਕਤ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਦਸਤਾਰ ਭੇਟ ਕਰਕੇ ਪ੍ਰਵਾਨਗੀ ਦਿੱਤੀ। ਉਪਰੰਤ ਸ੍ਰੀ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਹੋਰਨਾਂ ਵੱਲੋਂ ਦਸਤਾਰਾਂ ਭੇਟ ਕੀਤੀਆਂ ਗਈਆਂ।

ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਮੀਡੀਆ ਨਾਲ ਗੱਲ ਕਰਦਿਆਂ ਨਵ-ਨਿਯੁਕਤ ਜਥੇਦਾਰ ਨੇ ਆਖਿਆ ਕਿ ਉਹ ਕੌਮ ਦੇ ਸੇਵਾਦਾਰ ਅਤੇ ਨਿਮਾਣੇ ਸਿੱਖ ਵਜੋਂ ਗੁਰਮਤਿ ਸਿਧਾਂਤਾਂ ਤੇ ਰਹਿਤ ਮਰਿਆਦਾ ਦੀ ਰੋਸ਼ਨੀ ਵਿਚ ਪੰਥਕ ਭਾਵਨਾਵਾਂ ਦੀ ਤਰਜਮਾਨੀ ਕਰਦੇ ਫੈਸਲੇ ਲੈਣਗੇ। ਉਨ੍ਹਾਂ ਆਖਿਆ ਕਿ ਉਹ ਪੰਥਕ ਸ਼ਕਤੀ ਨੂੰ ਇਕਜੁਟ ਕਰਨ ਦਾ ਯਤਨ ਕਰਨਗੇ। ਸ੍ਰੀ ਅਕਾਲ ਤਖ਼ਤ ਦੀ ਸਰਵਉੱਚਤਾ ਤੇ ਮਰਿਆਦਾ ਨੂੰ ਕਾਇਮ ਕੀਤਾ ਜਾਵੇਗਾ। ਉਨ੍ਹਾਂ ਸਮੁੱਚੀ ਕੌਮ ਨੂੰ ਇਕ ਮੰਚ 'ਤੇ ਇਕੱਠੇ ਹੋਣ ਦੀ ਅਪੀਲ ਕਰਦਿਆਂ ਆਖਿਆ ਕਿ ਪੰਥਕ ਇਕਜੁਟਤਾ ਕਰਨਾ ਉਨ੍ਹਾਂ ਦਾ ਤਰਜੀਹੀ ਕੰਮ ਹੋਵੇਗਾ।

ਉਨ੍ਹਾਂ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਅਗਲੇ ਵਰ੍ਹੇ ਆ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਰ ਸਿੱਖ ਪਰਿਵਾਰ ਰੋਜ਼ਾਨਾ ਪੰਜ ਤੋਂ ਦਸ ਮਿੰਟ ਵਾਸਤੇ ਆਪਣੇ ਮੋਬਾਈਲ ਫੋਨ ਬੰਦ ਕਰਕੇ ਮੂਲ ਮੰਤਰ ਦੇ ਪਾਠ ਕਰਨ। ਉਨ੍ਹਾਂ ਇਹ ਵੀ ਆਖਿਆ ਕਿ ਭਵਿੱਖ ਵਿਚ ਸਿੱਖ ਵਿਦਵਾਨਾਂ ਦੀ ਇਕ ਕਮੇਟੀ ਦਾ ਗਠਨ ਕੀਤਾ ਜਾਵੇਗਾ, ਜਿਸ ਵਿਚ ਪੰਥ ਨੂੰ ਦਰਪੇਸ਼ ਮੌਜੂਦਾ ਚੁਣੌਤੀਆਂ ਅਤੇ ਸ੍ਰੀ ਅਕਾਲ ਤਖ਼ਤ ਦੀ ਸਰਵਉੱਚਤਾ ਨੂੰ ਕਾਇਮ ਰੱਖਣ ਲਈ ਵਿਚਾਰ ਚਰਚਾ ਕੀਤੀ ਜਾਵੇਗੀ। ਨਾਨਕਸ਼ਾਹੀ ਕੈਲੰਡਰ ਵਿਵਾਦ ਬਾਰੇ ਉਨ੍ਹਾਂ ਆਖਿਆ ਕਿ ਇਹ ਮਾਮਲਾ ਵੀ ਸਿੱਖ ਵਿਦਵਾਨਾਂ ਦੀ ਮੀਟਿੰਗ ਵਿਚ ਰੱਖਿਆ ਜਾਵੇਗਾ। ਡੇਰਾ ਸਿਰਸਾ ਦੇ ਮੁਖੀ ਨੂੰ ਮਾਫੀ ਸਬੰਧੀ ਫੈਸਲੇ ਅਤੇ ਮੁਤਵਾਜ਼ੀ ਜਥੇਦਾਰਾਂ ਬਾਰੇ ਉਨ੍ਹਾਂ ਕੁਝ ਵੀ ਕਹਿਣ ਤੋਂ ਇਨਕਾਰ ਕੀਤਾ। ਸ੍ਰੀ ਅਕਾਲ ਤਖ਼ਤ ਦੇ ਨਵੇਂ ਥਾਪੇ ਗਏ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਭਵਿੱਖ ਵਿਚ ਸ੍ਰੀ ਅਕਾਲ ਤਖ਼ਤ ਤੋਂ ਲਏ ਜਾਣ ਵਾਲੇ ਫੈਸਲੇ ਪੰਥਕ ਭਾਵਨਾਵਾਂ ਮੁਤਾਬਕ ਲਏ ਜਾਣਗੇ। ਉਂਝ ਗਿਆਨੀ ਹਰਪ੍ਰੀਤ ਸਿੰਘ ਮੀਡੀਆ ਦੇ ਤਿੱਖੇ ਸਵਾਲਾਂ ਦਾ ਜਵਾਬ ਦੇਣ ਤੋਂ ਟਲਦੇ ਨਜ਼ਰ ਆਏ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਵਿਦਵਾਨ ਜਥੇਦਾਰ ਦੇ ਸੇਵਾਵਾਂ ਸ਼ੁਰੂ ਕਰਨ ਨਾਲ ਸਿੱਖ ਕੌਮ ਦਾ ਭਲਾ ਹੋਵੇਗਾ ਤੇ ਸਿੱਖ ਕੌਮ ਅੱਗੇ ਵਧੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਲਦੀ ਹੀ ਮੀਟਿੰਗ ਸੱਦੀ ਜਾਵੇਗੀ ਜਿਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੱਕੇ ਜਥੇਦਾਰ ਬਾਰੇ ਫੈਸਲਾ ਲਿਆ ਜਾਏਗਾ।

ਉਨ੍ਹਾਂ ਕਿਹਾ ਕਿ ਸਿੱਖ ਕੌਮ ਵੱਲੋਂ ਹੁਣ ਭਵਿੱਖ ਵਿੱਚ ਜੋ ਫੈਸਲੇ ਲਏ ਜਾਣਗੇ, ਉਨ੍ਹਾਂ ਲਈ ਸਾਰੀਆਂ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਵਿਚਾਰ-ਚਰਚਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਖੋਲ੍ਹਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਵਫਦ ਪਾਕਿਸਤਾਨ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਿਆਸਤ ਤੋਂ ਉਪਰ ਉੱਠ ਕੇ ਸਾਰੇ ਇਸ ਲਈ ਯਤਨਸ਼ੀਲ ਹਨ ਤੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਨਾਲ ਵੀ ਗੱਲਬਾਤ ਕੀਤੀ ਜਾਵੇਗੀ।

ਪੰਥਕ ਧਿਰਾਂ ਵੱਲੋਂ ਇਕ ਧਿਰ ਦੇ ਜਥੇਦਾਰ ਨੂੰ ਮਾਨਤਾ ਨਹੀਂ : ਪੰਥਕ ਅਸੈਂਬਲੀ ਦੇ ਪ੍ਰਬੰਧਕਾਂ ਵਿਚ ਸ਼ਾਮਲ ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਪੰਥਕ ਅਸੈਂਬਲੀ ਵਿਚ ਮਤਾ ਪਾਸ ਕੀਤਾ ਗਿਆ ਸੀ ਕਿ ਜਦੋਂ ਤਕ ਵਿਧੀ ਵਿਧਾਨ ਨਹੀਂ ਬਣਦਾ ਅਤੇ ਸਰਵ ਪ੍ਰਵਾਨਿਤ ਜਥੇਦਾਰ ਨਿਯੁਕਤ ਨਹੀਂ ਹੁੰਦਾ, ਉਨ੍ਹਾਂ ਵੱਲੋਂ ਇਕ ਧਿਰ ਰਾਹੀਂ ਨਿਯੁਕਤ ਕੀਤੇ ਜਥੇਦਾਰ ਨੂੰ ਮਾਨਤਾ ਨਹੀਂ ਦਿੱਤੀ ਜਾਵੇਗੀ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਜਰਨੈਲ ਸਿੰਘ ਸਖੀਰਾ ਨੇ ਆਖਿਆ ਕਿ ਉਨ੍ਹਾਂ ਦੀ ਜਥੇਬੰਦੀ ਦਾ ਕੋਈ ਵੀ ਨੁਮਾਇੰਦਾ ਸੇਵਾ ਸੰਭਾਲ ਸਮਾਗਮ ਵਿਚ ਨਹੀਂ ਪੁੱਜਾ ਹੈ। ਯੂਨਾਈਟਿਡ ਅਕਾਲੀ ਦਲ ਅਤੇ ਸਰਬੱਤ ਖਾਲਸਾ ਦੇ ਪ੍ਰਬੰਧਕ ਭਾਈ ਮੋਹਕਮ ਸਿੰਘ ਨੇ ਆਖਿਆ ਕਿ ਬਰਗਾੜੀ ਮੋਰਚੇ ਨਾਲ ਸਬੰਧਤ ਧਿਰਾਂ ਪਹਿਲਾਂ ਹੀ ਜਥੇਦਾਰਾਂ ਨੂੰ ਰੱਦ ਕਰ ਚੁੱਕੀਆਂ ਹਨ। ਉਨ੍ਹਾਂ ਆਖਿਆ ਕਿ ਬਾਬਾ ਸਰਬਜੋਤ ਸਿੰਘ ਬੇਦੀ ਦੀ ਅਗਵਾਈ ਵਾਲਾ ਸੰਤ ਸਮਾਜ ਵੀ ਸਮਾਗਮ ਵਿਚ ਸ਼ਾਮਲ ਨਹੀਂ ਹੋਇਆ।

## ਅੰਮ੍ਰਿਤਸਰ ਟਾਈਮਜ਼ ਦੇ ਬਾਨੀ ਸੰਪਾਦਕ ਦਲਜੀਤ ਸਿੰਘ ਸਰਾਂ ਨੂੰ ਨਿੱਘੀ ਵਿਦਾਇਗੀ

ਕੀਤੀ ਸੇਵਾ ਅਤੇ ਅਖਬਾਰ ਦੀ ਸ਼ੁਰੂਆਤ ਤੋਂ ਹੁਣ ਤੱਕ ਦੇ ਸਫਰ ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਕਿਵੇਂ 14 ਸਾਲਾਂ ਵਿਚ ਅਖਬਾਰ ਇੱਕ ਵਾਰ ਵੀ ਪ੍ਰਿੰਟ ਹੋਣ ਤੋਂ ਵਾਂਝਾ ਨਹੀਂ ਰਿਹਾ, ਭਾਵੇਂ ਦਲਜੀਤ ਸਿੰਘ ਕਿੰਨੇ ਹੀ ਬਿਮਾਰ ਜਾਂ ਪਰਿਵਾਰਕ ਰੁਝੇਵਿਆਂ ਵਿਚ ਸਨ। ਉਨ੍ਹਾਂ ਦਲਜੀਤ ਸਿੰਘ ਵਲੋਂ ਅਖਬਾਰ ਨੂੰ ਬੁਲੰਦੀਆਂ ਤੱਕ ਲੈ ਕੇ ਜਾਣ ਦੀ ਕਹਾਣੀ ਵੀ ਦੱਸੀ। ਉਨ੍ਹਾਂ ਦਲਜੀਤ ਸਿੰਘ ਨੂੰ ਇੱਜ਼ਤ ਦਿੰਦਿਆਂ ਦੱਸਿਆ ਕਿ ਉਹ ਦਲਜੀਤ ਸਿੰਘ ਨੂੰ ਸਦਾ ਆਪਣਾ ਪਾਰਟਨਰ ਹੀ ਸਮਝਦੇ ਰਹੇ ਹਨ ਅਤੇ ਸਮਝਦੇ ਰਹਿਣਗੇ।

ਅਖਬਾਰ ਦੇ ਫਾਊਂਡਰ ਮੈਂਬਰ ਭਾਈ ਸਤਨਾਮ ਸਿੰਘ ਖਾਲਸਾ ਨੇ ਦੱਸਿਆ ਕਿ ਕਿਨ੍ਹਾਂ ਹਾਲਤਾਂ ਵਿਚ ਦਲਜੀਤ ਸਿੰਘ ਨੇ ਅਖਬਾਰ ਨੂੰ ਇੱਕ ਚੋਟੀ ਦਾ ਅਖਬਾਰ ਬਣਾਇਆ ਹੈ। ਉਨ੍ਹਾਂ ਕਿਹਾ ਕਿ ਦੁਨੀਆ ਵਿਚ 'ਅੰਮ੍ਰਿਤਸਰ ਟਾਈਮਜ਼'ਇੱਕੋ ਇੱਕ ਅਜਿਹਾ ਅਖਬਾਰ ਹੈ, ਜੋ ਸਿੱਖੀ ਦੀ ਗੱਲ ਕਰਦਾ ਹੈ।

ਅਖਬਾਰ ਦੇ ਮੋਢੀ ਭਾਈ ਹਰਜੋਤ ਸਿੰਘ ਖਾਲਸਾ ਅਤੇ ਟੀਮ ਮੈਂਬਰਾਂ ਨੇ ਦਲਜੀਤ ਸਿੰਘ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ। ਇਸ ਮੌਕੇ ਸਾਰੀ ਟੀਮ, ਜਿਨ੍ਹਾਂ 'ਚ ਸਤਨਾਮ ਸਿੰਘ ਖਾਲਸਾ, ਬੀਬੀ ਬਲਵਿੰਦਰ ਕੌਰ ਖਾਲਸਾ, ਜੈ ਸਿੰਘ, ਗੁਰਜੀਤ ਸਿੰਘ ਅਤੇ ਭਵਨੀਤ ਸਿੰਘ ਸ਼ਾਮਲ ਸਨ, ਨੂੰ ਵੀ ਸਨਮਾਨਿਤ ਕੀਤਾ ਗਿਆ। 'ਅੰਮ੍ਰਿਤਸਰ ਟਾਈਮਜ਼'ਦੇ ਸ਼ੁਰੂ ਹੋਣ ਤੋਂ ਪਹਿਲਾਂ ਲਗਭਗ 27 ਸਾਲਾਂ ਤੱਕ ਚੰਡੀਗੜ੍ਹ ਤੋਂ ਛਪਦੇ ਪੰਜਾਬੀ ਟ੍ਰਿਬਿਊਨਦੇ ਸੰਪਾਦਕੀ ਸਟਾਫ਼ ਦੇ ਮੈਂਬਰ ਰਹੇ ਦਲਜੀਤ ਸਿੰਘ ਸਰਾਂ ਨੇ ਇਸ ਮੌਕੇ ਸਭਨਾਂ ਨੂੰ ਸੰਬੋਧਨ ਹੁੰਦਿਆਂ ਪੰਜਾਬੀ ਪੱਤਰਕਾਰੀ ਦੇ ਅਪਣੇ ਸਫ਼ਰ ਦੇ ਕੁਝ ਅਹਿਮ ਪੱਖਾਂ ਤੇ ਪਹਿਲੂਆਂ ਦਾ ਸੰਖੇਪ ਵਿੱਚ ਜ਼ਿਕਰ ਕੀਤਾ। ਪਰਵਾਸੀ ਪੰਜਾਬੀ ਮੀਡੀਆ ਨੂੰ ਹੋਰ ਮਜ਼ਬੂਤ, ਸਰਗਰਮ ਅਤੇ ਸਮਰੱਥ ਕਰਨ ਦੀ ਲੋੜ ਉਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਟਾਈਮਜ਼ਨੇ ਸਦਾ ਪੱਤਰਕਾਰੀ ਦੀਆਂ ਸ਼ਾਨਦਾਰ ਰਵਾਇਤਾਂ ਉੱਤੇ ਪਹਿਰਾ ਦੇਣ ਦਾ ਯਤਨ ਕੀਤਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ 'ਅੰਮ੍ਰਿਤਸਰ ਟਾਈਮਜ਼'ਦੀ ਸਮੁੱਚੀ ਟੀਮ ਨੇ ਇਸ ਮੰਤਵ ਲਈ ਜਿਸ ਕਦਰ ਸਹਿਯੋਗ ਅਤੇ ਕੰਮ ਕਰਨ ਦੀ ਆਜ਼ਾਦੀ ਦਿੱਤੀ, ਉਹ ਬੇਮਿਸਾਲ ਹੈ। ਇਸ ਵਾਸਤੇ ਉਹ ਸਭਨਾਂ ਦੇ ਸ਼ੁਕਰਗੁਜ਼ਾਰ ਹਨ।

ਅਖ਼ੀਰ ਵਿਚ ਸ. ਸਰਾਂ ਨੇ ਕਿਹਾ ਕਿ 'ਅੰਮ੍ਰਿਤਸਰ ਟਾਈਮਜ਼' ਨਾਲ ਸੰਪਾਦਕ ਵਜੋਂ ਸਮੁੱਚਾ ਸਫ਼ਰ ਬੜਾ ਖ਼ੁਸ਼ਗਵਾਰ ਰਿਹਾ ਹੈ। ਉਨ੍ਹਾਂ ਅੱਗੇ ਤੋਂ ਵੀ ਅਖਬਾਰ ਨਾਲ ਜੁੜੇ ਰਹਿਣ ਦਾ ਵਾਅਦਾ ਕੀਤਾ।

## ਮਨਜੀਤ ਸਿੰਘ ਟਿਵਾਣਾ ਨਵੇਂ ਸੰਪਾਦਕ ਨਿਯੁਕਤ

ਨੂੰ ਖੁੱਲ੍ਹਾ ਸੱਦਾ ਦਿੰਦੇ ਰਹੇ ਹਨ। ਜਦੋਂ ਵੀ ਕਦੇ ਕਿਸੇ ਸੁਚੇਤ ਮਹਿਫਿਲ ਵਿਚ ਦੇਸ਼ ਵਿਦੇਸ਼ ਵਿਚ ਚੱਲ ਰਹੀਆਂ ਅਖ਼ਬਾਰਾਂ ਦੇ ਮਿਆਰ ਤੇ ਪੇਸ਼ਕਾਰੀ ਦੀ ਚਰਚਾ ਛਿੜਦੀ ਹੈ ਤਾਂ ਯਕੀਨਨ 'ਅੰਮ੍ਰਿਤਸਰ ਟਾਈਮਜ਼' ਦਾ ਨਾਂ ਉਪਰਲੀਆਂ ਦੋ ਤਿੰਨ ਅਖ਼ਬਾਰਾਂ ਵਿਚ ਆਉਂਦਾ ਹੈ। ਇਸ ਵਿਚ ਦਲਜੀਤ ਸਿੰਘ ਸਰਾਂ ਦੀ ਮਿਹਨਤ, ਘਾਲਣਾ ਤੇ ਨਿਰਪੱਖ ਨਜ਼ਰੀਏ ਦਾ ਵੱਡਾ ਰੋਲ ਹੈ। ਇਸ ਅਖ਼ਬਾਰ ਨੂੰ ਉੱਚੀ ਪੱਧਰ 'ਤੇ ਲਿਜਾਣ ਲਈ ਸਟਾਫ਼ ਦੀ ਮਿਹਨਤ ਤੇ ਘਾਲਣਾ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਹੁਣ ਜਦੋਂ ਦਲਜੀਤ ਸਿੰਘ ਇਸ ਅਖ਼ਬਾਰ ਤੋਂ ਰੁਖ਼ਸਤ ਹੋ ਗਏ ਹਨ ਤਾਂ ਉਨ੍ਹਾਂ ਦੀ ਥਾਂ ਲੈਣ ਵਾਲੇ ਸੰਪਾਦਕ ਮਨਜੀਤ ਸਿੰਘ ਟਿਵਾਣਾ ਨੂੰ ਵੀ ਪੱਤਰਕਾਰੀ ਦੀ ਦੁਨੀਆ ਦਾ ਡੂੰਘਾ ਅਨੁਭਵ ਤੇ ਜਾਣਕਾਰੀ ਹੈ। ਮਨਜੀਤ ਸਿੰਘ ਟਿਵਾਣਾ ਪੰਥਕ ਜਜ਼ਬਿਆਂ ਨੂੰ ਪੰਥਕ ਸਿਧਾਂਤਾਂ ਦੀ ਰੋਸ਼ਨੀ ਵਿਚ ਦੇਖਣ ਤੇ ਪਰਖਣ ਦਾ ਯਤਨ ਕਰਦਾ ਹੈ। ਉਹ ਪੰਥਕ ਸੋਚ ਵਿਚ ਘੁਸਪੈਠ ਕਰਨ ਵਾਲੇ ਖੱਬੇ ਪੱਖੀ ਰੁਝਾਨ ਨੂੰ ਵੀ ਦੂਰ ਤੱਕ ਸਮਝਣ ਦਾ ਜਜ਼ਬਾ ਰੱਖਦਾ ਹੈ। ਉਸ ਦੀ ਛਪ ਚੁੱਕੀ ਕਿਤਾਬ "ਅੰਦਾਜ਼-ਏ-ਪੱਤਰਕਾਰੀ" ਵਿਚ ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਪੈਦਾ ਹੋਏ ਨਵੇਂ ਤੇ ਪੁਰਾਣੇ ਰੁਝਾਨਾਂ ਬਾਰੇ ਗਹਿਰੀ ਜਾਣਕਾਰੀ ਮਿਲਦੀ ਹੈ। ਖ਼ਾਲਸਾ ਪੰਥ ਜਿਵੇਂ ਅੱਜ ਡੂੰਘੇ ਸੰਕਟ ਵਿਚੋਂ ਗੁਜ਼ਰ ਰਿਹਾ ਹੈ ਅਤੇ ਜਿਵੇਂ ਪੰਥ ਵਿਚ ਵਿਚਰਨ ਵਾਲੀਆਂ ਧਿਰਾਂ ਅਤੇ ਸ਼ਖ਼ਸੀਅਤਾਂ ਦਾ ਇਕ ਨਿਰਪੱਖ ਤੇ ਪਾਏਦਾਰ ਵਿਸ਼ਲੇਸ਼ਣ ਕਰਨ ਦੀ ਇਤਿਹਾਸਕ ਲੋੜ ਹੈ, ਉਸ ਰੋਸ਼ਨੀ ਵਿਚ ਦਰਪੇਸ਼ ਲਿਖਤਾਂ, ਰਚਨਾਵਾਂ, ਪੁਸਤਕਾਂ ਤੇ ਖ਼ਬਰਾਂ ਨੂੰ 'ਅੰਮ੍ਰਿਤਸਰ ਟਾਈਮਜ਼' ਵਿਚ ਪੇਸ਼ ਕਰਨ ਦੀ ਵੱਡੀ ਜ਼ਿੰਮੇਵਾਰੀ ਮਨਜੀਤ ਸਿੰਘ ਟਿਵਾਣਾ 'ਤੇ ਆਉਂਦੀ ਹੈ। ਰਾਜਨੀਤੀ, ਸਾਹਿਤ, ਫਿਲਾਸਫ਼ੀ ਤੇ ਧਰਮ ਦੇ ਖੇਤਰ ਵਿਚ ਵਿਸ਼ਵ ਦੇ ਬੌਧਿਕ ਰੁਝਾਨਾਂ ਤੇ ਲਹਿਰਾਂ ਨੂੰ ਵੀ 'ਅੰਮ੍ਰਿਤਸਰ ਟਾਈਮਜ਼' ਦਾ ਹਿੱਸਾ ਬਣਾਉਣਾ ਪੈਣਾ ਹੈ ਤਾਂ ਜੋ ਪੰਥਕ ਜਜ਼ਬੇ ਇਸ ਨਵੇਂ ਦੌਰ ਵਿਚ ਦਾਖ਼ਲ ਹੋ ਸਕਣ। ਜਿੱਥੇ ਦਲਜੀਤ ਸਿੰਘ ਨੇ ਅਖ਼ਬਾਰ ਨੂੰ ਛੱਡਿਆ ਹੈ, ਉਸ ਦੇ ਅਹਿਮ ਰੋਲ ਦਾ ਸਤਿਕਾਰ ਕਰਦਿਆਂ ਮਨਜੀਤ ਸਿੰਘ ਟਿਵਾਣਾ ਨੇ ਇਸ ਨੂੰ ਉਹ ਪੱਧਰ ਦੇਣਾ ਹੈ, ਜਿਸ ਨਾਲ ਇਹ ਅਖ਼ਬਾਰ ਹਰ ਧਿਰ ਦਾ ਵੀ ਹੋਵੇ ਅਤੇ ਹਰ ਧਿਰ ਤੋਂ ਉਪਰ ਵੀ ਉਠ ਕੇ ਸਾਰੀ ਕੌਮ ਨੂੰ ਆਪਣੇ ਬੌਧਿਕ ਤੇ ਰਾਜਨੀਤਕ ਕਲਾਵੇ ਵਿਚ ਲਵੇ।

## ਨਵੰਬਰ-84 ਦਾ ਕਤਲੇਆਮ ਅਤੇ ਭਾਰਤ ਵਿਚ ਸਿੱਖੀ ਦਾ ਭਵਿੱਖ

ਇਸ ਲਈ ਕਰਨੀ ਚਾਹੁੰਦੇ ਹਾਂ ਕਿ ਇਨ੍ਹਾਂ ਵਿਚ ਅਕਾਲੀ ਆਗੂ ਸ਼ਾਮਲ ਸਨ ਤੇ ਸ਼ਾਮਲ ਹਨ। ਜਿਸ ਜਗਦੀਸ਼ ਟਾਈਟਲਰ ਨੂੰ ਕਾਂਗਰਸ ਸਰਕਾਰਾਂ ਬਚਾਉਂਦੀਆਂ ਰਹੀਆਂ ਸਨ, ਵਾਜਪਾਈ ਸਰਕਾਰ ਦੇ ਵਕਤ ਵੀ ਉਸ ਦਾ ਬਚਾਅ ਕੀਤਾ ਗਿਆ ਤੇ ਹੁਣ ਨਰਿੰਦਰ ਮੋਦੀ ਦੀ ਸਰਕਾਰ ਵਿਚ ਇੱਕ ਅਕਾਲੀ ਮੰਤਰੀ ਹੋਣ ਦੇ ਬਾਵਜੂਦ ਜਾਂਚ ਏਜੰਸੀ ਸੀ ਬੀ ਆਈ ਤਿੰਨ ਵਾਰ ਉਸ ਨੂੰ ਕਲੀਨ ਚਿੱਟ ਦੇ ਚੁੱਕੀ ਹੈ। ਏਦਾਂ ਦਾ ਕੰਮ ਸੀ ਬੀ ਆਈ ਆਪਣੇ ਆਪ ਕਦੇ ਨਹੀਂ ਕਰ ਸਕਦੀ। ਡਾ. ਮਨਮੋਹਨ ਸਿੰਘ ਦੇ ਰਾਜ ਦੌਰਾਨ ਸੁਪਰੀਮ ਕੋਰਟ ਨੇ ਠੀਕ ਕਿਹਾ ਸੀ ਕਿ ਸਭ ਤੋਂ ਵੱਡੀ ਜਾਂਚ ਏਜੰਸੀ ਸੀ ਬੀ ਆਈ ਭਾਰਤ ਦੇ ਸਿਆਸੀ ਆਗੂਆਂ ਦੇ ਪਿੰਜਰੇ ਦਾ ਤੋਤਾ ਬਣਾ ਦਿੱਤੀ ਗਈ ਹੈ। ਹੁਣ ਉਹੋ ਸੀਬੀਆਈ ਨਰਿੰਦਰ ਮੋਦੀ ਦੇ ਪਿੰਜਰੇ ਦਾ ਤੋਤਾ ਹੈ।

ਸੋ ਬਦਕਿਸਮਤੀ ਹੈ ਕਿ ਹਾਲੇ ਤੱਕ ਸਿੱਖ ਸਾਰੇ ਸੰਸਾਰ ਵਿੱਚ ਫੈਲ ਜਾਣ ਦੇ ਬਾਵਜੂਦ ਵੀ ਆਪਣੀ ਨਸਲੀ ਸਫਾਈ ਨੂੰ ਉਜਾਗਰ ਨਹੀਂ ਕਰ ਸਕੇ। ਦੁਨੀਆ ਸਾਹਮਣੇ ਇਹ ਹਾਲੇ ਵੀ ਦੰਗੇ ਹੀ ਹਨ। ਅਮਰੀਕਾ ਦੇ ਸਿੱਖਾਂ ਨੇ ਅਮਰੀਕਾ ਵਿਚ ਆਪਣਾ ਇਕ ਹੋਰ ਵਿਲੱਖਣ ਇਤਿਹਾਸ ਦਰਜ ਕਰਾਇਆ ਹੈ, ਜਿਸ ਤਹਿਤ ਹੁਣ ਅਮਰੀਕਾ ਦੇ ਕਨੈਕਟੀਕਟ ਸਟੇਟ ਵਿਚ ਹਰ ਸਾਲ ਰਹਿੰਦੀ ਦੁਨੀਆਂ ਤਕ ਇਕ ਨਵੰਬਰ ਨੂੰ 'ਸਿੱਖ ਜੈਨੋਸਾਈਡ ਰਿਮੈਂਬਰੈਂਸ ਡੇਅ' ਵਜੋਂ ਮਨਾਇਆ ਜਾਇਆ ਕਰੇਗਾ। ਇਹ ਬਿੱਲ ਕਨੈਕਟੀਕੱਟ ਸਟੇਟ ਦੀ ਜਨਰਲ ਅਸੈਂਬਲੀ ਵਿਚ ਪਾਸ ਹੋ ਗਿਆ ਸੀ। ਇਹ ਬਿੱਲ ਨੰਬਰ 489 ਕੈਥੀ ਹੋਸਟਨ ਜਨਰਲ ਅਸੈਂਬਲੀ ਮੈਂਬਰ, ਸਟੇਟ ਰੈਪ ਕੇਵਿਨ ਰਾਇਨ ਨੇ ਪੇਸ਼ ਕੀਤਾ ਜਿਸ ਤੇ ਪਬਲਿਕ ਹੀਅਰਿੰਗ ਹੋਈ। ਸਿੱਖ ਜੈਨੋਸਾਈਡ ਬਾਰੇ ਸਕੂਲਾਂ ਵਿਚ ਵੀ ਪੜ੍ਹਾਇਆ ਜਾਵੇਗਾ। ਸੰਨ 2017 ਦੌਰਾਨ ਸਟੇਟ ਜਨਰਲ ਅਸੈਂਬਲੀ ਵਿਚ ਸਿੱਖ ਨਸਲਕੁਸ਼ੀ ਨਵੰਬਰ 84 ਬਾਰੇ ਮਤਾ ਪਾਸ ਕਰ ਦਿੱਤਾ ਗਿਆ ਸੀ। ਹੁਣ ਇਹ ਕਨੂੰਨ ਬਣ ਗਿਆ ਹੈ। ਇਹ ਦਿਵਸ ਗਵਰਨਰ ਵਲੋਂ ਮਨਾਇਆ ਜਾਵੇਗਾ ਤੇ ਅੱਗੋਂ ਇਸ ਬਾਰੇ ਮੁਹਿੰਮ ਖੜ੍ਹੀ ਕਰਕੇ ਪੂਰੇ ਅਮਰੀਕਾ ਵਿਚ ਇਸ ਨੂੰ ਮਾਨਤਾ ਦਿਵਾਉਣ ਦਾ ਅਮਲ ਚੱਲ ਰਿਹਾ ਹੈ।


jus TV
wishes you
HAPPY
Diwali
Festival of lights
jus ONE HD
jus PUNJABI HD
jus HINDI HD
Watch JUS channels worldwide on
dish
sling TELEVISION
Jio
sky
VISION asia
Time Warner Cable
Spectrum
YUPPTV
verizon FiOS
Frontier COMMUNICATIONS
CABLEVISION
For Advertisements Inquiries CALL: +1-718-752-9293
www.jusbroadcasting.com

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

CA BRE Licence #02024721 info@pritisingh.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY

ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME
Premium Bifacial Thin Film Solar



Satnam Singh Khalsa
510-706-1300






**Raja™ SWEETS & CATERING®**
AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.


SHER ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM